



ਮਾਇਆ ਮੋਹ ਦੁਖੁ ਸਾਗਰੁ ਹੈ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ ਚੋਣਵੇਂ ਲੈਕਚਰ

ਮਾਇਆ ਮੋਹ ਦੁਖੁ ਸਾਗਰੁ ਹੈ

ੴ ਸਤਿਗੁਰ ਪ੍ਰਸਾਦਿ ॥

ਮਾਇਆ ਮੋਹੁ ਦੁਖੁ ਸਾਗਰੁ ਹੈ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ

ਚੋਣਵੇਂ ਲੈਕਚਰ

ਸੰਪਾਦਕ-

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ISBN : 81-7601-885-6

ਪਹਿਲੀ ਐਡੀਸ਼ਨ — ਦਸੰਬਰ 2007

ਭੇਟਾ : 100-00

ਪ੍ਰਕਾਸ਼ਕ:-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com

csjssales@hotmail.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

☆☆☆

ਲੇਖਕ ਦੀਆਂ ਹੋਰ ਪੁਸਤਕਾਂ :

1. ਦਰਸ਼ਨਾ ਦੀ ਜੁਗਤਿ
2. ਗੁਰਮੁਖਾ ਕੇ ਮੁਖੁ ਉਜਲੇ
3. ਮਾਣਸੁ ਜਨਮੁ ਅਮੋਲੁ ਹੈ
4. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ

ੴ ਸਤਿਗੁਰ ਪ੍ਰਸਾਦਿ

॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

॥ਹਰਿ ਸਚੇ ਤਖਤ ਰਚਾਇਆ॥

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ ॥ (ਹੁਕਮਨਾਮਾ ਪਾ.:੯)

ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ
ਜੱਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ,ਪਟਨਾ ਸਾਹਿਬ,
ਪਟਨਾ-੮੦੦੦੦੮, ਬਿਹਾਰ (ਭਾਰਤ)

SINGH SAHIB GIANI IQBAL SINGH
Jathedar, Takhat Sri Harimandir Ji, Patna Sahib,
Patna-800008,Bihar (India)

Dated......

ਸ਼ਲਾਘਾਯੋਗ ਉਪਰਾਲਾ

ਭਾਈ ਪਿੰਦਰਪਾਲ ਸਿੰਘ ਜੀ ਇਸ ਸਮੇਂ ਦੇ ਪ੍ਰਸਿੱਧ ਵਿਦਵਾਨ ਅਤੇ ਕਥਾ ਵਾਚਕ ਹਨ। ਅੱਜ ਹਰ ਵਿਅਕਤੀ ਉਨ੍ਹਾਂ ਦੀ ਕਥਾ ਸੁਣ ਕੇ ਗੁਰੂ ਘਰ ਨਾਲ ਜੁੜਦਾ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਉਨ੍ਹਾਂ ਦੇ ਲੈਕਚਰਾਂ ਨੂੰ ਪੰਜਾਬੀ ਰੂਪ ਦੇ ਕੇ ਬੜਾ ਸ਼ਲਾਘਾਯੋਗ ਕਾਰਜ ਕੀਤਾ ਹੈ। ਸਾਨੂੰ ਪਤਾ ਹੈ ਕਿ ਟੇਪਾਂ ਤੋਂ ਪੰਜਾਬੀ ਉਤਾਰਾ ਕਰਨਾ ਕੋਈ ਸੌਖਾ ਕੰਮ ਨਹੀਂ। ਭਾਈ ਪਰਮਜੀਤ ਸਿੰਘ ਜੀ ਖਾਲਸਾ ਨੇ ਇਸ ਪਾਸੇ ਵੱਡਾ ਉੱਦਮ ਕੀਤਾ ਹੈ। ਇਸ ਤੋਂ ਪਹਿਲਾਂ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫਰਮ ਨੇ ਗਿਆਨੀ ਸੰਤ ਸਿੰਘ ਮਸਕੀਨ ਦੀਆਂ ਕਈ ਕੈਸਟਾਂ ਦੇ ਪੰਜਾਬੀ ਉਤਾਰੇ ਕਰਵਾਏ ਹਨ। ਭਾਈ ਪਿੰਦਰਪਾਲ ਸਿੰਘ ਬੜੀ ਚੜ੍ਹਦੀ ਕਲਾ ਵਾਲੇ ਬੁਲਾਰੇ ਹਨ, ਉਨ੍ਹਾਂ ਦੀਆਂ ਕੈਸਟਾਂ ਨੂੰ ਪੰਜਾਬੀ ਰੂਪ ਦੇਣਾ ਵੱਡਾ ਸ਼ਲਾਘਾ ਯੋਗ ਕਾਰਜ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਦੱਸ ਲੈਕਚਰਾਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਨ੍ਹਾਂ ਕਥਾਵਾਂ ਵਿਚ ਮਾਇਆ ਮੋਹੁ ਦੁਖੁ ਸਾਗਰੁ ਹੈ, ਆਗਮਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਬਿਨਾ ਮੈ ਨਾਹੀ ਹੋਰ, ਬਿਨੁ ਨਾਵੈ ਸੁਖੁ ਨਹੀ, ਨਾਨਕ ਤਿਨ ਮੁਖ ਉਜਲੇ, ਬਿਨੁ ਸਬਦੈ ਮੁਕਤਿ ਨ ਹੋਈ, ਗੁਰ ਸਾਧੂ ਸੰਗਤਿ ਮਿਲੈ ਆਦਿ ਦਰਜ ਹਨ।

ਸਿੰਘ ਸਾਹਿਬ

ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ

ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਉਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ

ਦੋ ਸ਼ਬਦ

ਭਾਈ ਪਿੰਦਰਪਾਲ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ ਅਤੇ ਕਥਾ ਵਾਚਕ ਹਨ। ਉਨ੍ਹਾਂ ਦੀ ਵਿਦਵਤਾ ਉਨ੍ਹਾਂ ਦੇ ਮੁਖ ਵਿਚ ਫੁੱਲਾਂ ਵਾਂਗ ਝੜਦੀ ਹੈ। ਜਦ ਉਹ ਬੋਲਦੇ ਹਨ ਤਾਂ ਉਨ੍ਹਾਂ ਦੀ ਬੋਲਣ ਗਤੀ ਕਦੀ ਵੀ ਧੀਮੀ ਨਹੀਂ ਹੁੰਦੀ। ਅਜਿਹੇ ਵਿਦਵਾਨ ਦੀ ਅਵਾਜ਼ ਨੂੰ ਸੁਣ ਕੇ ਕਲਮਬੰਦ ਕਰਨਾ ਕੋਈ ਮਾਮੂਲੀ ਕੰਮ ਨਹੀਂ ਸੀ। ਮੈਂ ਉਨ੍ਹਾਂ ਦੀਆਂ ਟੇਪਾਂ ਨੂੰ ਬਾਰ-ਬਾਰ ਸੁਣਿਆ ਹੈ ਅਤੇ ਤਸੱਲੀ ਹੋਣ ਉੱਪਰ ਹੀ ਕਲਮਬੰਦ ਕੀਤਾ ਹੈ। ਇਸ ਪੁਸਤਕ ਵਿਚ ਮੈਂ ਉਨ੍ਹਾਂ ਦੇ ਦੱਸ ਲੈਕਚਰ ਇਕੱਤਰ ਕੀਤੇ ਹਨ। ਉਨ੍ਹਾਂ ਦੇ ਪਹਿਲੇ ਲੈਕਚਰ ਦਾ ਨਾਮ ਹੈ 'ਮਾਇਆ ਮੋਹੁ ਦੁਖੁ ਸਾਗਰੁ ਹੈ'। ਇਸ ਲਈ ਉਨ੍ਹਾਂ ਦੇ ਸਾਰੇ ਲੈਕਚਰਾਂ ਦੇ ਸਮੂਹ ਦਾ ਨਾਮ ਵੀ 'ਮਾਇਆ ਮੋਹੁ ਦੁਖੁ ਸਾਗਰੁ ਹੈ' ਰੱਖ ਦਿੱਤਾ ਹੈ। ਇਸ ਸਲੋਕ ਬਾਰੇ ਵਿਦਵਾਨ ਲੇਖਕ ਨੇ ਇਹ ਸਮਝਾਇਆ ਹੈ ਕਿ ਮਾਇਆ ਦਾ ਮੋਹੁ ਦੁਖਾ ਦਾ ਸਾਗਰ ਹੈ। ਇਸ ਦੇ ਲਈ ਸਾਧਸੰਗਤਿ ਕਰਨੀ ਅਤਿ ਜ਼ਰੂਰੀ ਹੈ। ਕਿਉਂਕਿ ਭਾਵਨਾ ਵਾਲਿਆਂ ਦੀ ਸੰਗਤ ਤੋਂ ਬਿਨਾਂ ਅੰਦਰ ਦੀ ਸ਼ਰਧਾ ਭਾਵਨਾ ਬਣਦੀ ਨਹੀਂ। ਕਬੀਰ ਰਾਮ ਦਾ ਰੂਪ ਹੋ ਗਿਆ, ਪ੍ਰਮਾਤਮਾ ਦਾ ਸਰੂਪ ਹੋ ਗਿਆ, ਪਰ ਸੰਗਤ ਤੋਂ ਬਿਨਾਂ ਪਾਰ ਉਤਾਰਾ ਨਹੀਂ। ਇਸ ਪ੍ਰਕਾਰ ਹੀ ਉਨ੍ਹਾਂ ਦੇ ਹੋਰ ਲੇਖ ਜਿਨ੍ਹਾਂ ਨੂੰ ਮੈਂ ਕਲਮਬੰਦ ਕੀਤਾ ਹੈ, ਉਨ੍ਹਾਂ ਵਿਚ ਆਗਮਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਬਿਨਾ ਮੈ ਨਾਹੀ ਹੋਰ, ਬਿਨੁ ਨਾਵੈ ਸੁਖੁ ਨਹੀ, ਨਾਨਕ ਤਿਨ ਮੁਖ ਉਜਲੇ, ਬਿਨੁ ਸਬਦੈ ਮੁਕਤਿ ਨ ਹੋਈ, ਗੁਰ ਸਾਧੂ ਸੰਗਤਿ ਮਿਲੈ, ਮੂਰਖ ਮੁਗਧਾ ਜਨਮੁ ਭਇਆ, ਦਇਆ ਕਰਹੁ ਕਿਛੁ ਮਿਹਰ ਉਪਾਵਹੁ ਆਦਿ ਹਨ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਤਰੁੱਟੀਆਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

— ਭਾਈ ਪਰਮਜੀਤ ਸਿੰਘ ਖਾਲਸਾ

ਮਾਇਆ ਮੋਹੁ ਦੁਖੁ ਸਾਗਰੁ ਹੈ

ਸਲੋਕ ਮਹਲਾ ੩ ॥

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥
ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ॥
ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ॥
ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭ ਦੇਖਿਆ ਬ੍ਰਹਮੁ ਸੁਭਾਇ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ॥ ੩੪ ॥

(ਅੰਗ ੧੪੧੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਾਹਿਬ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਇਸ ਸਲੋਕ ਦਾ ਸੰਖੇਪ ਭਾਵ ਇਸ ਪ੍ਰਕਾਰ ਹੈ – ਧੰਨ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਇਹ ਸੰਸਾਰ ਮਾਨੋ ਇਕ ਮਾਇਆ ਦਾ ਸਾਗਰ ਹੈ। ਇਸ ਬਿਖਮ ਸਾਗਰ ਨੂੰ ਕੋਈ ਵਡਭਾਗੀ ਹੀ ਤਰ ਸਕਿਆ ਹੈ। ਮਹਾਰਾਜ ! ਨਾ ਤਰਨ ਦਾ ਕਾਰਨ ਕੀ? ਧੰਨ ਗੁਰੂ ਅਮਰਦਾਸ ਜੀ ਨੇ ਅੱਜ ਦੋ ਬਚਨ ਕਹੇ – ਇਕ ਅੰਦਰ ਦੀ ਤ੍ਰਿਸ਼ਨਾ ਤੇ ਦੂਜੀ ਅੰਦਰ ਦੀ ਹਉਮੈ। ਇਹ ਦੋ ਚੀਜ਼ਾਂ ਬੰਦੇ ਨੂੰ ਇਸ ਸਾਗਰ ਤੋਂ ਤਰਨ ਨਹੀਂ ਦਿੰਦੀਆਂ। ਇਕ ਤ੍ਰਿਸ਼ਨਾ ਕਿ ਸਭ ਕੁਝ ਮੇਰੇ ਕੋਲ ਹੋਵੇ ਤੇ ਦੂਜਾ ਸ਼ਬਦ ਹੈ ਹਉਮੈ, ਉਸਨੂੰ ਪ੍ਰਾਪਤ ਕਰਕੇ ਫਿਰ ਉਸਦਾ ਹੰਕਾਰ ਵੀ ਬੰਦੇ ਦੇ ਅੰਦਰ ਹੋਵੇ। ਪਰ ਨਾਲ ਬਖ਼ਸ਼ਿਸ਼ ਕੀਤੀ ਕਿ ਸਤਿਗੁਰੂ ਇਕ ਜਹਾਜ਼ ਹੈ ਜਿਸਦੇ ਅੰਦਰ ਗੁਰਮਤਿ ਦੇ ਗਿਆਨ ਦਾ ਰਤਨ ਪ੍ਰਗਟ ਹੋ ਗਿਆ ਤੇ ਸਤਿਗੁਰੂ ਨੇ ਕ੍ਰਿਪਾ ਕਰਕੇ ਉਸਨੂੰ ਬਿਖ, ਡਰਾਵਣੇ, ਭਿਅੰਕਰ, ਘੁੰਮਣ-ਘੇਰੀਆਂ ਵਾਲੇ ਸਾਗਰ ਤੋਂ ਪਾਰ ਲਾ ਦਿੱਤਾ।

ਮਨੁੱਖ ਆਪਣੇ ਜਨਮ ਤੋਂ ਬਾਅਦ ਜਦੋਂ ਇਸਦੀ ਅੰਦਰ ਵਾਲੀ ਲਿਵ ਪ੍ਰਭੂ ਪ੍ਰਮਾਤਮਾ ਦੇ ਚਰਨਾਂ ਤੋਂ ਟੁੱਟਦੀ ਹੈ ਤਾਂ ਲਿਵ ਟੁੱਟਣ ਤੋਂ ਬਾਅਦ ਮਾਇਆ ਇਸ ਬੰਦੇ ਉੱਪਰ ਪ੍ਰਭਾਵ ਪਾਉਂਦੀ ਹੈ। ਹਾਲਾਂਕਿ ਮਨੁੱਖ ਦੇ ਬੱਚੇ ਨੂੰ ਜਨਮ ਤੋਂ ਬਾਅਦ ਛੇਤੀ ਇਹ ਸਮਝ ਨਹੀਂ

ਦੁਨੀਆਂ ਦੇ ਪੈਸਿਆਂ ਦੀ, ਦੁਨੀਆਂ ਦੇ ਇੰਦਰਾਵੇ ਸੁੱਖਾਂ ਦੀ। ਪਰ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਜਨਮ ਤੋਂ ਬਾਅਦ ਹੀ ਮਾਇਆ ਇਸ ਉੱਪਰ ਆਪਣਾ ਪ੍ਰਭਾਵ ਪਾ ਦਿੰਦੀ ਹੈ। ਭਾਵੇਂ ਉਹ ਮਾਇਆ ਮਾਂ ਅਤੇ ਬਾਪ ਦੀ ਸ਼ਕਲ ਵਿਚ ਇਸਦੇ ਸਾਹਮਣੇ ਆਵੇ। ਇਥੋਂ ਤੱਕ ਕਿ ਭਾਵੇਂ ਮਾਇਆ ਮਾਂ ਦਾ ਦੁੱਧ ਬਣਕੇ ਇਸ ਦੇ ਸਾਹਮਣੇ ਆਏ। ਮਾਇਆ ਨੇ ਆਪਣਾ ਪ੍ਰਭਾਵ ਪਾਇਆ ਤੇ ਅੰਦਰੋਂ ਲਿਵ ਟੁੱਟ ਗਈ। ਲਿਵ ਟੁੱਟਣ ਦੀ ਦੇਰ ਸੀ, ਆਖ਼ਿਰ ਅੰਦਰ ਨੇ ਕਿਸੇ ਪਾਸੇ ਤੁਰਨਾ ਜ਼ਰੂਰ ਹੈ। ਇਹ ਅੰਦਰ ਦੀ ਸ਼ਕਤੀ ਤ੍ਰਿਸ਼ਨਾ ਵਾਲੇ ਪਾਸੇ ਚਲੀ ਗਈ।

ਗੁਰੂ ਅਮਰਦਾਸ ਜੀ ਨੇ ਇਕ ਤੁੱਕ ਵਿਚ ਤ੍ਰਿਸ਼ਨਾ ਕਦੋਂ ਬੰਦੇ ਨੂੰ ਪ੍ਰਭਾਵਿਤ ਕਰਦੀ ਹੈ, ਆਨੰਦ ਸਾਹਿਬ ਦੀ ਬਾਣੀ ਵਿਚ ਕ੍ਰਿਪਾ ਕੀਤੀ ਹੈ। ਕਹਿਣ ਲੱਗੇ-

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

(ਅੰਗ ੯੨੧)

ਇਸਦਾ ਮਤਲਬ ਹੈ, ਲਿਵ ਟੁੱਟੀ ਤੇ ਤ੍ਰਿਸ਼ਨਾ ਲੱਗੀ। ਜੇ ਲਿਵ ਜੁੜੀ ਰਹੇ ਤਾਂ ਫਿਰ ਲਿਵ ਬੰਦੇ ਦੇ ਅੰਦਰ ਨੂੰ ਖਾ ਨਹੀਂ ਸਕਦੀ। ਆਸਾ ਦੀ ਵਾਰ ਵਿਚ ਹਜ਼ੂਰ ਕਹਿੰਦੇ ਹਨ ਕਿ ਇਕ ਭਾਂਡਾ ਜਿਹੜਾ ਪਹਿਲਾਂ ਹੀ ਭਰਿਆ ਹੋਇਆ ਹੈ, ਉਸ ਭਰੇ ਹੋਏ ਭਾਂਡੇ ਦੇ ਉੱਪਰ ਕੁਝ ਹੋਰ ਪਾ ਕੇ ਉਸਨੂੰ ਭਰਨ ਦਾ ਯਤਨ ਕਰੇ ਤਾਂ ਭਰੇ ਹੋਏ ਭਾਂਡੇ ਵਿਚ ਵਸਤੂ ਨਹੀਂ ਟਿਕਾਈ ਜਾ ਸਕਦੀ, ਜਿੰਨੀ ਦੇਰ ਤੱਕ ਉਸ ਭਰੇ ਹੋਏ ਭਾਂਡੇ ਵਿਚ ਪਈ ਹੋਈ ਵਸਤੂ ਨੂੰ ਕੱਢਕੇ ਅਸੀਂ ਇਕ ਪਾਸੇ ਨਹੀਂ ਕਰ ਦਿੰਦੇ। ਚੀਜ਼ ਭਾਂਡੇ ਵਿਚ ਤਾਂ ਪਏਗੀ ਜੇ ਭਾਂਡਾ ਖ਼ਾਲੀ ਹੋਵੇ। ਜਦੋਂ ਅੰਦਰ ਲਿਵ ਨੇ ਸਾਡੇ ਭਾਂਡੇ ਨੂੰ ਖ਼ਾਲੀ ਕਰ ਦਿੱਤਾ ਤਾਂ ਭਾਂਡਾ ਖ਼ਾਲੀ ਹੋਣ ਦੀ ਦੇਰ ਸੀ ਕਿ ਤ੍ਰਿਸ਼ਨਾ ਨੇ ਇਸ ਭਾਂਡੇ ਵਿਚ ਆਪਣਾ ਵਸੇਬਾ ਕਰ ਲਿਆ।

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

(ਅੰਗ ੪੭੪)

ਸਤਿਗੁਰੂ ਕਹਿੰਦੇ ਹਨ, ਭਾਈ ! ਜਦੋਂ ਬੰਦੇ ਦੇ ਅੰਦਰ ਤ੍ਰਿਸ਼ਨਾ ਨੇ ਆਪਣਾ ਪ੍ਰਭਾਵ ਪਾਇਆ ਤੇ ਮਨੁੱਖ ਦੇ ਮਨ ਵਿਚ ਇਕੋ ਗੱਲ ਸੀ ਕਿ ਸਭ ਕੁਝ ਮੇਰੇ ਕੋਲ ਹੋਵੇ। ਤ੍ਰਿਸ਼ਨਾ ਕੀ ਹੈ? ਤ੍ਰਿਸ਼ਨਾ ਦਾ ਭਾਵ ਕੇਵਲ ਕਿਰਤ ਕਰਨਾ ਨਹੀਂ। ਜੇ ਕੋਈ ਇਨਸਾਨ ਆਪਣੇ ਘਰ ਦਾ ਕੰਮ-ਕਾਰ ਕਰਦਾ ਹੈ, ਕੀ ਉਹ ਅੰਦਰ ਦੀ ਤ੍ਰਿਸ਼ਨਾ ਹੈ? ਤ੍ਰਿਸ਼ਨਾ ਤੋਂ ਮੁਰਾਦ ਇਹ ਹੈ ਕਿ ਕਿਸੇ ਦੂਜੇ ਦੇ ਕੋਲ ਕੁਝ ਵੀ ਨਾ ਹੋਵੇ, ਜੋ ਕੁਝ ਵੀ ਹੈ ਉਹ ਮੇਰੇ ਘਰ ਦੇ ਵਿਚ ਆ ਜਾਏ। ਤ੍ਰਿਸ਼ਨਾਲੂ ਬੰਦਾ ਜਿੰਨਾ ਮਰਜ਼ੀ ਪ੍ਰਾਪਤ ਕਰ ਲਏ ਉਸਦੇ ਅੰਦਰ ਦੀ ਭੁੱਖ ਕਦੀ ਵੀ ਮਰੇਗੀ ਨਹੀਂ। ਅਸੀਂ ਤ੍ਰਿਸ਼ਨਾ ਦੇ ਅਰਥ ਕਰਦੇ ਹਾਂ, ਇਕੱਲੀ ਮਾਇਆ ਦੀ ਗੱਲ ਕਰਦੇ ਹਾਂ। ਤ੍ਰਿਸ਼ਨਾ ਦਾ ਸੰਬੰਧ ਸਾਡੇ ਗਿਆਨ-ਇੰਦਰਿਆਂ ਤੇ ਸਾਡੇ ਕਰਮ-ਇੰਦਰਿਆਂ ਨਾਲ ਵੀ ਹੈ। ਕੀ ਨੇਤਰਾਂ ਦੀ ਅੰਦਰ ਦੇਖਣ ਦੀ ਬੇਹਬਲਤਾ ਤ੍ਰਿਸ਼ਨਾ ਕਦੀ ਤ੍ਰਿਪਤ ਹੋਈ ਹੈ? ਕੀ ਕੰਨਾਂ ਦੇ ਸੁਣਨ ਦੀ ਅੰਦਰ ਦੀ ਤ੍ਰਿਸ਼ਨਾ ਕਦੀ ਮਰੀ ਹੈ? ਜਿਵੇਂ ਪਦਾਰਥਾਂ ਦੀ ਤ੍ਰਿਸ਼ਨਾ ਬੰਦੇ ਦੀ ਕਦੀ ਖ਼ਤਮ ਨਹੀਂ ਹੁੰਦੀ,

ਇਹ ਤਾਂ ਮਨ ਦੀ ਅਵਸਥਾ ਹੈ। ਇਸੇ ਤਰ੍ਹਾਂ ਸੱਚ ਜਾਣੋ, ਸਾਡੇ ਸਰੀਰ ਦੇ ਇੰਦਰਿਆਂ ਦੀ ਤ੍ਰਿਸ਼ਨਾ ਵੀ ਖ਼ਤਮ ਨਹੀਂ ਹੁੰਦੀ। ਧੰਨ ਗੁਰੂ ਅੰਗਦ ਸਾਹਿਬ ਕਹਿੰਦੇ ਹਨ-

ਆਖਣੁ ਆਖਿ ਨ ਰਜਿਆ

ਸਾਡੇ ਮੂੰਹ ਨੂੰ, ਸਾਡੀ ਜੀਭ ਨੂੰ ਵੀ ਇਕ ਲਟਕ ਹੈ ਕਿ ਕਦੀ ਇਹ ਬੋਲ ਬੋਲ ਕੇ ਜ਼ਬਾਨ ਰੱਜੀ ਨਹੀਂ।

ਸੁਨਣਿ ਨ ਰਜੇ ਕੰਨ॥

ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

ਭੁਖਿਆ ਭੁਖ ਨਾ ਉਤਰੈ ਗਲੀ ਭੁਖ ਨਾ ਜਾਇ॥

ਜੇ ਬੰਦਾ ਭੁੱਖਾ ਭੁੱਖਾ ਕੂਕਦਾ ਰਹੇ ਤਾਂ ਕੀ ਗੱਲਾਂ ਨਾਲ ਉਸਦੀ ਭੁੱਖ ਚਲੀ ਜਾਏਗੀ? ਕਹਿੰਦੇ ਹਨ, ਇਸ ਤਰ੍ਹਾਂ ਤ੍ਰਿਸ਼ਨਾ ਨਹੀਂ ਮਰਦੀ, ਨਾ ਇੰਦਰਿਆਂ ਦੀ, ਨਾ ਮਨ ਦੀ ਤੇ ਨਾ ਪਦਾਰਥਾਂ ਦੀ—

ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ਅੰਗ ੧੪੭)

ਉਦੋਂ ਬੰਦਾ ਤ੍ਰਿਪਤ ਹੋਇਆ ਗੁਣ-ਨਿਧਾਨ ਪ੍ਰਮਾਤਮਾ ਦੇ ਗੁਣ ਗਾਉਣ ਲੱਗਾ। ਜੋ ਪ੍ਰਮਾਤਮਾ ਨੇ ਦਾਤ ਦਿੱਤੀ ਹੈ ਉਸ ਉੱਪਰ ਭਰੋਸਾ, ਉਸ ਉੱਪਰ ਸਬਰ ਸੰਤੋਖ ਨਾ ਕਰਕੇ ਦੂਜੇ ਦੇ ਐਸ਼ਵਰਜ ਨੂੰ, ਦੂਜੇ ਦੇ ਧਨ ਪਦਾਰਥ ਨੂੰ ਦੇਖਕੇ ਉਸਦੇ ਉੱਪਰ ਆਪਣਾ ਕਬਜ਼ਾ ਜਮਾਉਣ ਦਾ ਯਤਨ ਕਰਨਾ, ਲੋਕਾਂ ਦੇ ਹੱਕ ਨੂੰ ਖੋਹ ਕੇ ਕੇਵਲ ਆਪਣੇ ਘਰ ਪਾਈ ਜਾਣਾ ਤੇ ਗੁਰੂ ਗ੍ਰੰਥ ਸਾਹਿਬ ਜੀ ਨੇ ਕਿਹਾ ਹੈ ਕਿ ਇਕ ਪਿੰਡ ਦਾ, ਇਕ ਸ਼ਹਿਰ ਦਾ, ਇਕ ਸਟੇਟ ਦਾ ਧਨ ਪਦਾਰਥ ਨਹੀਂ, ਜੇ ਇਨਸਾਨ ਪੂਰੀ ਦੀ ਪੂਰੀ ਧਰਤੀ ਦੇ ਧਨ ਪਦਾਰਥ ਵੀ ਘਰ ਪਾ ਲਏ, ਸੱਚ ਜਾਣੋ, ਬੰਦੇ ਦੇ ਅੰਦਰ ਦੀ ਭੁੱਖ ਫਿਰ ਵੀ ਨਹੀਂ ਮਰਦੀ। ਕਹਿਣ ਲੱਗੇ-

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨਾ ਬੂਝੀ॥

ਜਿਹੜੇ ਵੱਡੇ ਵੱਡੇ ਰਾਜੇ ਸਨ ਕੀ ਇਹ ਤ੍ਰਿਪਤ ਹੋ ਕੇ ਬੈਠ ਗਏ ਹਨ ਕਿ ਅੱਜ ਤੋਂ ਬਾਅਦ ਸਾਨੂੰ ਕੁਝ ਵੀ ਨਹੀਂ ਚਾਹੀਦਾ? ਭੂਮਨ ਦਾ ਅਰਥ ਹੈ ਜ਼ਿਮੀਂਦਾਰ, ਕੀ ਉਹ ਬੰਦਾ ਤ੍ਰਿਪਤ ਹੋ ਗਿਆ ਹੈ? ਕ੍ਰਿਪਾਲੂ ਦਾਤਾ ਜੀ ਕਹਿੰਦੇ ਹਨ ਕਿ ਵੱਡੇ ਵੱਡੇ ਰਾਜੇ, ਵੱਡੇ ਵੱਡੇ ਜ਼ਮੀਨਾਂ ਦੇ ਮਾਲਕ ਇਹਨਾਂ ਦੇ ਅੰਦਰ ਦੀ ਤ੍ਰਿਸ਼ਨਾ ਕਦੀ ਨਹੀਂ ਮੁੱਕੀ।

ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥ ੧॥

ਦਿਨ ਰਾਤ ਉਹ ਮਾਇਆ ਦੀ ਅੱਗ ਵਿਚ ਮਸਤ ਰਹੇ, ਮਦਹੋਸ਼ ਰਹੇ।

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨਾ ਪਾਈ॥

(ਅੰਗ ੬੭੨)

ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ ੧॥ ਰਹਾਉ॥

ਕਦੀ ਕਿਸੇ ਨੂੰ ਇਸ ਪਦਾਰਥਾਂ ਵਿਚ ਤ੍ਰਿਪਤੀ ਮਿਲੀ ਹੈ? ਕਦੀ ਨਹੀਂ ਕੋਈ ਰੱਜਿਆ। ਸਾਹਿਬ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾ ਵੀ ਕੀਤੀ ਹੈ, ਕਹਿੰਦੇ ਹਨ ਬੰਦੇ ਨੂੰ ਕਿਸੇ ਚੀਜ਼ ਦੀ ਭੁੱਖ ਲੱਗਦੀ ਹੈ ਤੇ ਭੁੱਖ ਲੱਗਣ ਤੋਂ ਬਾਅਦ ਜੋ ਕੁਝ ਖਾਂਦਾ ਹੈ ਤੇ ਕੀ ਉਸ ਤੋਂ ਬਾਅਦ ਭੁੱਖ ਨਹੀਂ ਲੱਗਦੀ? ਮੰਨ ਲਉ ਕਿਸੇ ਇਨਸਾਨ ਨੂੰ ਪ੍ਰਸ਼ਾਦਾ ਛੱਕਣ ਦੀ ਭੁੱਖ ਲੱਗੀ ਤੇ ਉਸਨੇ ਭੋਜਨ ਛੱਕਿਆ ਤੇ ਕੀ ਉਸ ਭੋਜਨ ਛੱਕਣ ਤੋਂ ਬਾਅਦ ਇਨਸਾਨ ਤ੍ਰਿਪਤ ਹੋ ਗਿਆ? ਸੱਚੇ ਪਾਤਿਸ਼ਾਹ ਕਹਿੰਦੇ ਹਨ ਨਹੀਂ। ਛੱਕਿਆ ਜ਼ਰੂਰ ਪਰ ਉਸ ਭੁੱਖ ਤੋਂ ਬਾਅਦ ਫਿਰ ਹੋਰ ਭੁੱਖ ਪ੍ਰਬਲ ਹੋ ਗਈ। ਸਵੇਰੇ ਭੁੱਖ ਲੱਗੀ ਤੇ ਨਾਸ਼ਤਾ ਛੱਕਿਆ। ਦੁਪਹਿਰੇ ਅੰਦਰ ਵਾਲਾ ਫਿਰ ਭੁੱਖ ਨਾਲ ਵਿਲਕ ਉੱਠਿਆ ਹੈ। ਜਿਵੇਂ ਸਾਡੇ ਜੀਊਂਦੇ ਜੀਅ ਅੰਦਰ ਦੀ ਭੁੱਖ ਨਹੀਂ ਮਿੱਟਦੀ, ਪਰ ਚੇਤੇ ਰੱਖਿਉ, ਨਾਮ ਦੀ ਇਕ ਅਜਿਹੀ ਭੁੱਖ ਹੈ, ਇਸ ਭੁੱਖ ਵਿਚੋਂ ਜਦੋਂ ਕੋਈ ਨਾਮ ਦਾ ਭੋਜਨ ਛੱਕ ਲਵੇ ਤੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਹ ਭੁੱਖ ਭੋਜਨ ਦੀ ਪ੍ਰਾਪਤੀ ਲਈ ਅੰਦਰ ਤੜਪ ਪੈਦਾ ਕਰਦੀ ਹੈ। ਜਦੋਂ ਕੋਈ ਨਾਮ ਦਾ ਭੋਜਨ ਛੱਕਦਾ ਹੈ ਤੇ ਇਸ ਭੁੱਖ ਵਿਚ ਛਕੇ ਹੋਏ ਭੋਜਨ ਤੋਂ ਬਾਅਦ ਬੰਦੇ ਦੇ ਦੁੱਖ ਆਪਣੇ ਆਪ ਹੀ ਚਲੇ ਜਾਂਦੇ ਹਨ। ਹਜ਼ੂਰ ਨੇ ਫ਼ੁਰਮਾਇਆ ਹੈ-

ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ

ਜਦੋਂ ਸੱਚੇ ਨਾਮ ਦੀ ਭੁੱਖ ਲੱਗੇ ਤੇ ਇਸ ਭੁੱਖ ਦੇ ਵਿਚ ਕੋਈ ਭਜਨ ਬੰਦਗੀ ਦਾ ਭੋਜਨ ਛੱਕੇ ਤਾਂ ਇਹ ਭੋਜਨ ਬੰਦੇ ਦੇ ਅੰਦਰ ਦੇ ਦੁੱਖਾਂ ਨੂੰ ਖ਼ਤਮ ਕਰਦਾ ਹੈ।

ਉਤੁ ਭੂਖੈ ਖਾਇ ਚਲੀਅਹਿ ਦੂਖ॥

(ਅੰਗ ੯)

ਜੇ ਪ੍ਰਮਾਤਮਾ ਕਿਸੇ ਨੂੰ ਦਾਤ ਦਿੰਦਾ ਹੈ, ਆਪਣੀ ਦਾਤ ਨਾਲ ਉਸਦੀ ਰਜ਼ਾ ਵਿਚ ਰਹਿ ਕੇ ਕੋਈ ਵੀ ਕਾਰੋਬਾਰ ਕਰਦਾ ਹੈ, ਕਿਰਤ ਕਰਦਾ ਹੈ, ਪ੍ਰਮਾਤਮਾ ਉਸਨੂੰ ਹਜ਼ਾਰਾਂ ਅਰਬਾਂ ਦਾ ਮਾਲਕ ਬਣਾਉਂਦਾ ਹੈ। ਜੇ ਪ੍ਰਮਾਤਮਾ ਦੀ ਦਾਤ ਲੈ ਕੇ ਉਸਦੇ ਸ਼ੁਕਰਾਨੇ ਵਿਚ ਰਹਿੰਦਾ ਹੈ, ਅਸਲ ਵਿਚ ਉਹ ਤ੍ਰਿਸ਼ਨਾ ਨਹੀਂ। ਤ੍ਰਿਸ਼ਨਾ ਉਹ ਹੈ ਜਦੋਂ ਪ੍ਰਮਾਤਮਾ ਨੂੰ ਕੇਵਲ ਭੁਲਾ ਕੇ ਦੁਨੀਆਂ ਦੇ ਪਦਾਰਥਾਂ ਵਿਚ ਫੱਸ ਜਾਏ। ਬਾਬੇ ਕਬੀਰ ਨੇ ਬਹੁਤ ਕਮਾਲ ਦਾ ਇਕ ਬਚਨ ਕਿਹਾ ਹੈ। ਹਜ਼ੂਰ ਦੇ ਅੰਮ੍ਰਿਤ ਬਚਨ ਅਸੀਂ ਪੜ੍ਹਦੇ ਹਾਂ। ਬਾਬਾ ਫ਼ਰੀਦ ਜੀ ਦੀ ਰਚਨਾ ਵਿਚੋਂ ਇਕ ਬਚਨ ਪੜ੍ਹਦੇ ਹਾਂ। ਬੰਦਾ ਜਿੰਨੀ ਮਰਜ਼ੀ ਜ਼ਮੀਨ ਦੀ ਤ੍ਰਿਸ਼ਨਾ ਕਰਦਾ ਹੈ ਤੇ ਕੀ ਬੰਦੇ ਦੀ ਜਦੋਂ ਮੌਤ ਹੋਣੀ ਹੈ, ਜਿੰਨੀ ਜ਼ਮੀਨ ਦਾ ਮਾਲਕ ਹੈ ਇੰਨੀ ਜ਼ਮੀਨ ਵਿਚ ਹੀ ਇਸਨੇ ਪੈਰ ਵਸਾ ਲੈਣੇ ਹਨ? ਬਾਬਾ ਕਬੀਰ ਜੀ ਕਹਿੰਦੇ ਹਨ-

ਕਬੀਰ ਕੋਠੇ ਮੰਡਪ ਹੇਤੁ ਕਰਿ

ਕੋਠਿਆਂ ਨੂੰ, ਉੱਚੀਆਂ ਅਟਾਰੀਆਂ ਨੂੰ ਅਸੀਂ ਤਿਆਰ ਕਰਦੇ ਹਾਂ।

ਕਾਹੇ ਮਰਹੁ ਸਵਾਰਿ॥

ਕਿਉਂ ਤੂੰ ਰੌਲਾ ਪਾਈ ਜਾਂਦਾ ਹੈਂ ਕਿ ਇਹ ਵੀ ਮੇਰੇ ਕੋਲ ਹੋਵੇ, ਇਹ ਵੀ ਮੇਰੇ ਕੋਲ ਹੋਵੇ।

ਕਾਰਜੁ ਸਾਢੇ ਤੀਨਿ ਹਾਥ ਘਨੀ ਤ ਪਊਨੇ ਚਾਰਿ॥

(ਅੰਗ ੧੩੭੬)

ਜਿਹੜੀ ਤੇਰੇ ਕੰਮ ਜ਼ਮੀਨ ਆਉਣੀ ਹੈ, ਪਿਆਰਿਆ ! ਉਹ ਕੇਵਲ ਸਾਢੇ ਤਿੰਨ ਹੱਥ ਆਉਣੀ ਹੈ। ਜੇ ਤੂੰ ਵੱਧ ਤੋਂ ਵੱਧ ਲਾਲਚ ਕਰੇਂਗਾ ਤਾਂ ਸਾਢੇ ਤਿੰਨ ਤੋਂ ਪੌਣੇ ਚਾਰ ਹੋ ਸਕਦੀ ਹੈ, ਪਰ ਚਾਰ ਨਹੀਂ ਹੋਣੀ। ਸਿਆਣੇ ਲੋਕ ਕਹਿੰਦੇ ਹਨ ਕਿ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਕੋਈ ਵੀ ਬੰਦਾ ਜਦੋਂ ਜ਼ਮੀਨ 'ਤੇ ਲੇਟਦਾ ਹੈ ਤਾਂ ਉਸਦੇ ਆਪਣੇ ਹੱਥ ਦੇ ਮੁਤਾਬਿਕ ਜਿਹੜਾ ਉਸਦਾ ਆਪਣਾ ਕੱਦ ਹੈ, ਆਪਣੇ ਕੱਦ ਮੁਤਾਬਿਕ ਬੰਦਾ ਵੱਧ ਤੋਂ ਵੱਧ ਥਾਂ ਸਾਢੇ ਤਿੰਨ ਹੱਥ ਘੇਰਦਾ ਹੈ। ਕਿਹੋ ਜਿਹੀ ਹੈਰਾਨਗੀ ਦੀ ਗੱਲ ਹੈ ਕਿ ਉਹ ਸਾਢੇ ਤਿੰਨ ਹੱਥ, ਪੌਣੇ ਚਾਰ ਹੱਥ ਕਦੀ ਵੀ ਕਿਸੇ ਨੂੰ ਕੋਠੀ ਵਿਚ ਨਹੀਂ ਮਿਲੀ। ਮੰਨ ਲਉ ਬੰਦੇ ਨੇ 10 ਏਕੜਾਂ ਵਿਚ ਕੋਠੀ ਬਣਾਈ ਹੋਵੇ। 10 ਏਕੜਾਂ ਵਿਚੋਂ ਇਕ ਨੁੱਕਰ ਵਿਚ ਵੀ ਬੰਦੇ ਦਾ ਸਸਕਾਰ ਨਹੀਂ ਕੀਤਾ ਜਾਂਦਾ। ਕਦੀ ਕਿਸੇ ਨੇ ਡਰਾਇੰਗ ਰੂਮ ਵਿਚ ਆਪਣੇ ਕਿਸੇ ਜੀਅ ਨੂੰ ਫੂਕਿਆ ਹੈ? ਭਾਵੇਂ ਇਸਦਾ ਘਰ ਜਿੰਨਾ ਮਰਜ਼ੀ ਵੱਡਾ ਹੈ, ਸਾਢੇ ਤਿੰਨ ਹੱਥ ਵੀ ਲੋਕਾਂ ਨੇ ਸ਼ਮਸ਼ਾਨ ਘਾਟ ਵਿਚ ਥਾਂ ਪੱਕੀ ਕਰ ਦਿੱਤੀ। ਪਹਿਲਾਂ ਫੂਕਿਆ ਗਿਆ, ਉਸਦਾ ਸਿਵਾ ਠੰਢਾ ਹੋਇਆ, ਉਹ ਸਮੇਟ ਕੇ ਲੈ ਗਏ ਤੇ ਉਸ ਸਾਢੇ ਤਿੰਨ ਹੱਥ 'ਤੇ ਦੂਜਾ ਲਿਆ ਕੇ ਲੰਮੇ ਪਾ ਦਿੱਤਾ।

ਕਈ ਵਾਰੀ ਚਿੱਤ ਵਿਚ ਆਉਂਦਾ ਹੈ ਕਿ ਸ਼ਮਸ਼ਾਨ ਭੂਮੀ ਵਿਚ ਜਦੋਂ ਕਿਸੇ ਇਨਸਾਨ ਦੇ ਸਰੀਰ ਨੂੰ ਚਿਖਾ 'ਤੇ ਰੱਖ ਕੇ ਲਾਂਬੂ ਲਾਇਆ ਜਾਂਦਾ ਹੈ ਤੇ ਉਸ ਸ਼ੈੱਡ ਦੇ ਥੱਲੇ, ਉਸ ਜ਼ਮੀਨ 'ਤੇ ਖਲੋ ਕੇ ਕਦੀ ਆਪਣੇ ਅੰਦਰ ਨੂੰ ਡੂੰਘਾਈ ਵਿਚ ਲਿਜਾ ਕੇ ਪ੍ਰਸ਼ਨ ਪੁੱਛੀਏ ਕਿ ਇਸ ਸ਼ੈੱਡ ਦੇ ਥੱਲੇ ਤੇ ਇਸ ਸਾਢੇ ਤਿੰਨ ਹੱਥ ਧਰਤੀ ਦੇ ਉੱਤੇ ਪਤਾ ਨਹੀਂ ਕਿੰਨੇ-ਕੁ ਲੋਕ ਇਕ ਸਾਲ ਵਿਚ ਫੂਕੇ ਜਾਂਦੇ ਹਨ? ਹਜ਼ੂਰ ਕਹਿੰਦੇ ਹਨ-

ਬੰਕੇ ਬਾਲ ਪਾਗ ਸਿਰਿ ਡੇਰੀ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥
ਊਚੇ ਮੰਦਰ ਸੁੰਦਰ ਨਾਰੀ॥
ਰਾਮ ਨਾਮ ਬਿਨੁ ਬਾਜੀ ਹਾਰੀ॥

(ਅੰਗ ੬੫੯)

(16) ਮਾਇਆ ਮੋਹੁ ਦੁਖੁ ਸਾਗਰੁ ਹੈ

ਬਾਬਾ ਕਬੀਰ ਸਾਹਿਬ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾਲਤਾ ਕੀਤੀ ਸੀ ਕਿ ਪਿਆਰਿਆ ! ਦੇਖ-

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥

(ਅੰਗ ੧੩੬੬)

ਜੇ ਉੱਚੇ ਘਰ ਨੂੰ ਵੇਖਕੇ ਕਹਿੰਦਾ ਹੈਂ ਕਿ ਮੇਰਾ ਬੰਗਲਾ, ਮੇਰਾ ਘਰ, ਮੇਰੀ ਜ਼ਮੀਨ ਬਹੁਤ ਜ਼ਿਆਦਾ ਹੈ ਤਾਂ ਇਸਨੂੰ ਵੇਖਕੇ ਮਾਣ ਨਾ ਕਰ, ਕਿਉਂਕਿ ਜਦੋਂ ਸਾਢੇ ਤਿੰਨ ਹੱਥ ਤੇਰਾ ਕਾਜ ਬਣਨਾ ਹੈ ਉਦੋਂ ਜਿਸ ਥਾਂ 'ਤੇ ਤੈਨੂੰ ਖ਼ਾਕ ਦੇ ਸਪੁਰਦ ਕੀਤਾ ਜਾਣਾ ਹੈ, ਉਸ ਥਾਂ 'ਤੇ ਤੇਰੇ ਪਰਿਵਾਰ ਦੇ ਲੋਕ, ਸੰਸਾਰ ਦੇ ਲੋਕ ਉਸੇ ਥਾਂ 'ਤੇ ਆ ਕੇ ਘਾਹ ਲਾ ਕੇ ਚੱਲੇ ਜਾਂਦੇ ਹਨ। ਜਿਸ ਥਾਂ 'ਤੇ ਬੰਦੇ ਨੂੰ ਦਫ਼ਨਾਇਆ ਜਾਣਾ ਹੈ ਉਹ ਜ਼ਮੀਨ ਵੀ ਖ਼ਰੀਦੀ ਜਾਂਦੀ ਹੈ। ਫਿਰ ਅਮੀਰ ਲੋਕਾਂ ਦੇ ਸ਼ਮਸ਼ਾਨ ਘਾਟ ਵੱਖਰੇ ਹਨ, ਕਬਰਸਤਾਨ ਵੱਖਰੇ ਹਨ ਤੇ ਗ਼ਰੀਬ ਬੰਦਿਆਂ ਦੇ ਸ਼ਮਸ਼ਾਨ ਘਾਟ ਵੱਖਰੇ ਹਨ। ਬੰਦੇ ਦੀ ਹਉਮੈ ਮਰਨ ਤੋਂ ਬਾਅਦ ਵੀ ਇਹ ਕਹਿੰਦੀ ਹੈ ਕਿ ਜਦੋਂ ਕਿਤੇ ਸ਼ਮਸ਼ਾਨ ਘਾਟ ਦੇ ਨੇੜਿਉਂ ਲੰਘਣ ਤੇ ਇਹ ਪਤਾ ਲੱਗੇ ਕਿ ਇਸ ਕਬਰਸਤਾਨ ਵਿਚ ਇੰਨੇ ਫੁੱਟ ਮਹਿੰਗੀ ਜ਼ਮੀਨ ਖ਼ਰੀਦ ਕੇ ਤਾਂ ਇਸਨੂੰ ਦਫ਼ਨਾਇਆ ਗਿਆ, ਕਿਉਂਕਿ ਮਰਨ ਤੋਂ ਬਾਅਦ ਵੀ ਉਸਦੇ ਨਾਮ ਦਾ ਪੱਥਰ ਹਉਮੈ ਦਾ ਲਾਇਆ ਜਾਂਦਾ ਹੈ ਕਿ ਦੇਖੋ, ਸਾਡਾ ਬਜ਼ੁਰਗ ਇੰਨੀ ਮਹਿੰਗੀ ਥਾਂ ਲੈ ਕੇ ਦਫ਼ਨਾਇਆ ਗਿਆ ਹੈ। ਥਾਵਾਂ ਆਪਣੀਆਂ ਖ਼ਰੀਦ ਲੈਂਦੇ ਹਨ। ਨਾ ਜ਼ਮੀਨ ਵਾਲੇ ਦੀ ਭੁੱਖ ਮਰੀ, ਨਾ ਰਾਜ ਕਰਨ ਵਾਲੇ ਦੀ ਭੁੱਖ ਮਰੀ। ਕੋਈ ਥਾਂ ਤਾਂ ਇਹੋ ਜਿਹੀ ਹੋਵੇ ਜਿੱਥੇ ਬੰਦਾ ਤ੍ਰਿਪਤ ਹੋ ਕੇ ਕਹਿ ਦੇਵੇ ਕਿ ਬੱਸ ਇਸ ਤੋਂ ਵੱਧ ਮੈਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਬਹੁਤ ਘੱਟ ਸੱਜਣ ਦੇਖੇ ਹੋਣਗੇ, ਜਿਹੜੇ ਸੱਚਮੁੱਚ ਤ੍ਰਿਪਤ ਹੋ ਕੇ ਕਹਿੰਦੇ ਹਨ ਕਿ ਇਸ ਤੋਂ ਅੱਗੇ ਕੁਝ ਨਹੀਂ ਚਾਹੀਦਾ। ਪਿਆਰਿਉ ! ਜ਼ਮੀਨ ਵਾਲੇ ਦੀ ਭੁੱਖ ਨਹੀਂ ਮਰਦੀ ਤੇ ਰਾਜ ਭਾਗ ਵਾਲੇ ਦੀ ਵੀ ਭੁੱਖ ਨਾ ਮਰੀ, ਕਿਉਂਕਿ ਇਹ ਵੀ ਇਕ ਤ੍ਰਿਸ਼ਨਾ ਹੈ। ਸੱਚੇ ਪਾਤਿਸ਼ਾਹ ਨੇ ਬਾਣੀ ਵਿਚ ਕਿਹਾ ਹੈ ਕਿ ਦੁੱਖੀ ਦੋਵੇਂ ਹਨ, ਕਿਉਂਕਿ ਤ੍ਰਿਸ਼ਨਾ ਕਦੀ ਵੀ ਕਿਸੇ ਬੰਦੇ ਨੂੰ ਟਿੱਕਣ ਨਹੀਂ ਦਿੰਦੀ।

ਇਕ ਫ਼ਕੀਰ ਬਾਦਸ਼ਾਹ ਦੇ ਦਰ 'ਤੇ ਮੰਗਣ ਗਿਆ। ਉਸਨੇ ਜਦੋਂ ਪਾਤਰ ਆਪਣਾ ਅੱਗੇ ਕੀਤਾ ਤੇ ਬਾਦਸ਼ਾਹ ਨੇ ਆਪਣੇ ਵੱਲੋਂ ਉਸਦੇ ਪਾਤਰ ਵਿਚ ਕੁਝ ਪਾਇਆ। ਪਾਉਣ ਦੀ ਦੇਰ ਸੀ ਕਿ ਉਹ ਅਲੋਪ ਹੋ ਗਿਆ। ਬਾਦਸ਼ਾਹ ਨੇ ਫਿਰ ਪਾਤਰ ਭਰਨ ਦਾ ਯਤਨ ਕੀਤਾ ਤੇ ਫਿਰ ਉਹ ਖ਼ਾਲੀ ਦਾ ਖ਼ਾਲੀ। ਬਾਦਸ਼ਾਹ ਉਸਨੂੰ ਭਰਨ ਦਾ ਯਤਨ ਕਰੇ ਤੇ ਪਾਤਰ ਖ਼ਾਲੀ ਦਾ ਖ਼ਾਲੀ। ਉਸ ਵੇਲੇ ਉਸਨੇ ਭਿਖਾਰੀ ਨੂੰ ਇਕ ਸ਼ਬਦ ਕਿਹਾ ਕਿ ਇਹ ਪਾਤਰ ਹੈ ਕਿ ਜਾਦੂ ਦੀ ਖੇਡ ਹੈ। ਜੋ ਕੁਝ ਮੈਂ ਇਸਦੇ ਵਿਚ ਪਾਉਂਦਾ ਪਿਆ ਹਾਂ, ਇਹ ਰੱਜਦਾ ਹੀ ਨਹੀਂ ਪਿਆ। ਫ਼ਕੀਰ ਨੇ ਹੱਸ ਕੇ ਕਿਹਾ, ਅਸਲ ਵਿਚ ਇਹ ਭਾਂਡਾ ਨਹੀਂ, ਇਹ ਤੇਰਾ ਮਨ ਹੈ। ਕਿਉਂ? ਕਹਿਣ ਲੱਗਾ ਜੋ ਕੁਝ ਤੂੰ ਇਸਦੇ ਵਿਚ ਪਾਈ ਜਾ ਰਿਹਾ ਹੈਂ, ਤੂੰ ਘੰਟਿਆਂ ਦਾ ਇਸਨੂੰ ਭਰਦਾ

ਪਿਆ ਹੈਂ ਪਰ ਤਾਂ ਵੀ ਭਰਦਾ ਨਹੀਂ ਤੇ ਆਪਣੇ ਮਨ ਭਾਂਡੇ ਵੱਲ ਝਾਤੀ ਮਾਰ ਕੇ ਦੇਖ। ਕਈ ਸਾਲਾਂ ਦਾ ਲੱਗਾ ਹੈ ਇਹ ਵੀ ਤੇਰਾ ਅੰਦਰ ਦਾ ਭਾਂਡਾ ਪਰ ਰੱਜਦਾ ਨਹੀਂ।

ਹਜ਼ੂਰ ਕਹਿ ਰਹੇ ਹਨ ਕਿ ਇਹ ਤ੍ਰਿਸ਼ਨਾ ਬੰਦੇ ਦੇ ਮਰਨ ਤੋਂ ਬਾਅਦ ਵੀ ਇਸਦਾ ਖਹਿੜਾ ਨਹੀਂ ਛੱਡਦੀ। ਬੰਦੇ ਦੇ ਮਰਦੇ ਦੱਮ ਤੱਕ ਇਹ ਨਾਲ ਜਾਂਦੀ ਹੈ। ਹਜ਼ੂਰ ਨੇ ਕਿਹਾ, ਇਕ ਤ੍ਰਿਸ਼ਨਾ ਤੇ ਇਕ ਮੈਂ ਮੇਰੀ, ਇਹ ਦੋ ਚੀਜ਼ਾਂ ਬੰਦੇ ਨੂੰ ਟਿੱਕਣ ਨਹੀਂ ਦਿੰਦੀਆਂ। ਕਬੀਰ ਸਾਹਿਬ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾ ਕੀਤੀ ਹੈ। ਰੱਬ ਮੇਹਰ ਕਰੇ ਕਿ ਕੇਵਲ ਜ਼ਬਾਨੀ ਨਾ ਕਹੀਏ ਕਿ ਸਭ ਕੁਝ ਪ੍ਰਮਾਤਮਾ ਦਾ ਹੈ। ਸੱਚ ਜਾਣੋ, ਸਾਡਾ ਅੰਦਰ ਵੀ ਮੰਨ ਲਵੇ ਕਿ ਸਭ ਕੁਝ ਪ੍ਰਮਾਤਮਾ ਦਾ ਦਿੱਤਾ ਹੋਇਆ ਹੈ। ਉਹ ਕਹਿੰਦੇ ਹਨ-

ਜਬ ਲਗੁ ਮੇਰੀ ਮੇਰੀ ਕਰੈ॥

ਜਿੰਨੀ ਦੇਰ ਤੱਕ ਬੰਦਾ ਮੇਰੀ ਮੇਰੀ ਕਰਦਾ ਹੈ।

ਜਬ ਲਗੁ ਮੇਰੀ ਮੇਰੀ ਕਰੈ॥
ਤਬ ਲਗੁ ਕਾਜੁ ਏਕੁ ਨਹੀ ਸਰੈ॥

ਕੋਈ ਬੰਦੇ ਦਾ ਕਾਰਜ ਸਿਰੇ ਨਹੀਂ ਚੜ੍ਹਦਾ।

ਜਬ ਮੇਰੀ ਮੇਰੀ ਮਿਟਿ ਜਾਇ॥

ਜਦੋਂ ਮੈਂ ਮੇਰੀ ਮਿੱਟ ਜਾਏ, ਹਉਮੈ ਮਿੱਟ ਜਾਏ ਫਿਰ ਕਹਿਣ ਦੀ ਲੋੜ ਨਹੀਂ, ਪ੍ਰਮਾਤਮਾ ਅਚਨਚੇਤ ਹੀ ਆਪਣਿਆਂ ਦੇ ਕਾਰਜ ਰਾਸ ਕਰੀ ਜਾਂਦਾ ਹੈ।

ਤਬ ਪ੍ਰਭ ਕਾਜੁ ਸਵਾਰਹਿ ਆਇ॥ ੧॥

ਅਗਲਾ ਬਚਨ ਹੈ-

ਜਬ ਲਗੁ ਸਿੰਘੁ ਰਹੈ ਬਨ ਮਾਹਿ॥

ਸਿੰਘ ਦਾ ਅਰਥ ਹੈ ਸ਼ੇਰ।

ਤਬ ਲਗੁ ਬਨੁ ਫੂਲੈ ਹੀ ਨਾਹਿ॥

ਜਿੰਨੀ ਦੇਰ ਤੱਕ ਸ਼ੇਰ ਜੰਗਲ ਵਿਚ ਹੈ ਤੇ ਪਿਆਰਿਉ ! ਉਸ ਜੰਗਲ ਨੇ ਕਿਵੇਂ ਪ੍ਰਫੁਲਿਤ ਹੋ ਜਾਣਾ ਹੈ ਜਿੱਥੇ ਸ਼ੇਰ ਤੁਰਿਆ ਫਿਰਦਾ ਹੈ। ਪ੍ਰਫੁਲਿਤ ਹੋਣ ਦਾ ਅੱਖਰੀ ਅਰਥ ਹੈ, ਇਥੇ ਪੇੜ-ਪੌਦਿਆਂ ਦੀ ਪ੍ਰਫੁੱਲਤਾ ਨਹੀਂ, ਇਥੇ ਅਰਥ ਹੈ ਮਿਰਗ। ਜੇ ਸ਼ੇਰ ਤੁਰਿਆ ਫਿਰਦਾ ਹੈ ਤੇ ਅਸੀਂ ਸਮਝੀਏ ਸ਼ੇਰ ਦੇ ਕੋਲ ਹਿਰਨ ਨੇ ਬੱਚੇ ਦਿੱਤੇ। ਕੀ ਉਹਨਾਂ ਬੱਚਿਆਂ ਨੇ ਸਾਰੀ ਜ਼ਿੰਦਗੀ ਸੁੱਖ ਮਾਣਿਆ? ਜਿੱਥੇ ਸ਼ੇਰ ਬੈਠਾ ਹੈ, ਉਥੇ ਮਿਰਗਾਂ ਦੀ ਮੌਤ ਹੀ ਮੌਤ ਹੈ। ਕੋਈ ਅੱਜ ਮਰ ਗਿਆ, ਕੋਈ ਕੱਲ ਮਰ ਗਿਆ।

ਜਬ ਹੀ ਸਿਆਰੁ ਸਿੰਘ ਕਉ ਖਾਇ॥

ਸਿਆਰ ਦਾ ਅਰਥ ਕੀਤਾ ਹੈ ਗਿੱਦੜ। ਕਹਿੰਦੇ ਜਿੰਨੀ ਦੇਰ ਤੱਕ ਸ਼ੇਰ ਨੂੰ ਗਿੱਦੜ ਨਹੀਂ ਖਾਂਦਾ ਉਨੀ ਦੇਰ ਤੱਕ ਬਨ ਨੇ ਪ੍ਰਫੁਲਿਤ ਨਹੀਂ ਹੋਣਾ। ਗਿੱਦੜ ਦਾ ਅੱਖਰੀ ਅਰਥ ਇਥੇ ਕਰਾਂਗੇ ਨਿਮਰਤਾ। ਜਿੰਨੀ ਦੇਰ ਤੱਕ ਸਰੀਰ ਜੰਗਲ ਦੇ ਵਿਚ ਹੰਕਾਰ ਦਾ ਸ਼ੇਰ ਹੈ ਉਨੀ ਦੇਰ ਤੱਕ ਪਿਆਰਿਓ ! ਸ਼ੁੱਭ ਗੁਣਾਂ ਦੇ ਜੀਵਾਂ ਨੇ ਪ੍ਰਫੁਲਿਤ ਨਹੀਂ ਹੋਣਾ। ਜਿਸ ਦਿਨ ਨਿਮਰਤਾ ਨੇ ਹੰਕਾਰ ਨੂੰ ਖਾ ਲਿਆ, ਇਸ ਤੋਂ ਬਾਅਦ ਅੰਦਰ ਦੇ ਗੁਣ ਆਪਣੇ ਆਪ ਹੀ ਪ੍ਰਫੁਲਿਤ ਹੋ ਜਾਂਦੇ ਹਨ। ਜਿੰਨੀ ਦੇਰ ਤੱਕ ਮੈਂ ਹੈ, ਉਨੀ ਦੇਰ ਤੱਕ ਗੁਣ ਨਹੀਂ ਪ੍ਰਫੁਲਿਤ ਹੋਣਗੇ।

ਫੂਲਿ ਰਹੀ ਸਗਲੀ ਬਨਰਾਇ॥

(ਅੰਗ ੧੧੬੦)

ਸਰੀਰ ਦਾ ਇਕ ਇਕ ਇੰਦਰਾ ਪ੍ਰਫੁਲਿਤ ਹੋ ਗਿਆ ਜਦੋਂ ਮੈਂ ਮੇਰੀ ਮਰੀ। ਹਉਮੈ ਇਕ ਕੰਢੇ ਦੀ ਤਰ੍ਹਾਂ ਹੈ। ਸਤਿਗੁਰੂ ਨੇ ਬਾਣੀ ਵਿਚ ਕਿਹਾ ਹੈ-

ਜੋ ਜੋ ਦੀਸੈ ਸੋ ਸੋ ਰੋਗੀ॥

(ਅੰਗ ੧੧੪੦)

ਕੋਈ ਬੰਦਾ ਇਸ ਰੋਗ ਤੋਂ ਨਹੀਂ ਬੱਚ ਸਕਿਆ। ਬਾਕੀਆਂ ਤੋਂ ਤਾਂ ਕਈ ਵਾਰੀ ਬੰਦਾ ਬੱਚ ਵੀ ਜਾਂਦਾ ਹੈ। ਕਾਮ ਤੋਂ ਬੱਚ ਗਿਆ, ਕ੍ਰੋਧ ਤੋਂ ਬੱਚ ਗਿਆ, ਲੋਭ ਤੋਂ ਬੱਚ ਗਿਆ, ਮੋਹ ਤੋਂ ਬੱਚ ਗਿਆ ਪਰ ਹਉਮੈ ਇਕ ਅਜਿਹਾ ਅਸਾਧ ਰੋਗ ਹੈ, ਜਿਹੜਾ ਬੰਦੇ ਨੂੰ ਛੇਤੀ ਕਿਤੇ ਛੱਡਦਾ ਨਹੀਂ। ਬ੍ਰਹਮਚਾਰੀ ਕਾਮੀ ਨਹੀਂ, ਪਰ ਹੰਕਾਰੀ ਲੱਭੇਗਾ। ਤਿਆਗੀ ਬੰਦਾ ਲਾਲਚੀ ਨਹੀਂ, ਪਰ ਹੰਕਾਰੀ ਲੱਭੇਗਾ। ਸੱਚੇ ਪਾਤਿਸ਼ਾਹ ਨੇ ਬਾਣੀ ਵਿਚ ਕਿਹਾ ਹੈ ਕਿ ਦੇਖੋ ਬੰਦਾ ਆਪਣੇ ਹੱਥ ਪੱਲੂ ਛੱਡਕੇ ਫਿਰ ਪੰਡਾਂ ਬੰਨ੍ਹ ਲੈਂਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

(ਅੰਗ ੧੪੨੮)

ਸੁਖਮਨੀ ਸਾਹਿਬ ਵਿਚ ਪੜ੍ਹਦੇ ਹਾਂ-

ਅਨਿਕ ਤਪਸਿਆ ਕਰੇ ਅਹੰਕਾਰ॥

ਤੱਪਸਿਆ ਕੀਤੀ ਸੀ ਭਾਰ ਲਾਹੁਣ ਲਈ।

ਨਰਕ ਸੁਰਗ ਫਿਰਿ ਫਿਰਿ ਅਵਤਾਰ॥

(ਅੰਗ ੨੭੮)

ਸਾਹਿਬ ਨੇ ਅੰਮ੍ਰਿਤ ਬਾਣੀ ਵਿਚ ਪ੍ਰਮਾਣ ਦਿੱਤੇ ਹਨ ਕਿ ਮੇਰੀ ਮੇਰੀ ਮਿੱਟ ਜਾਏ। ਬਾਬਾ ਨਾਮਦੇਵ ਜੀ ਦਾ ਇਕ ਸ਼ਬਦ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਧਨਾਸਰੀ ਵਿਚ। ਉਸਦੇ ਅੰਮ੍ਰਿਤ ਬਚਨ ਹਨ—

ਗਹਰੀ ਕਰਿ ਕੈ ਨੀਵ ਖੁਦਾਈ

(ਅੰਗ ੬੯੨)

ਅਸੀਂ ਵਿਚ ਇਹ ਪ੍ਰਮਾਣ ਦਿੱਤੇ ਹਨ ਕਿ ਬੀਤੇ ਹੋਏ ਨੂੰ ਬੰਦਾ ਸਮਝ ਕੇ ਆਪਣੇ ਵਰਤਮਾਨ ਨੂੰ ਸੰਭਾਲ ਲਏ, ਕਿਉਂਕਿ ਵਰਤਮਾਨ ਹੀ ਇਸਦਾ ਭਵਿੱਖ ਬਣਨਾ ਹੈ।

ਗਹਰੀ ਕਰਿ ਕੈ ਨੀਵ ਖੁਦਾਈ

ਬੰਦੇ ਨੇ ਜ਼ਮੀਨ ਡੂੰਘੀ ਪੁੱਟ ਕੇ ਆਪਣੇ ਘਰ ਦੀ ਨੀਂਹ ਰੱਖੀ।

ਊਪਰਿ ਮੰਡਪ ਛਾਏ॥

ਤੇ ਉਸ ਘਰ ਦੇ ਉੱਤੇ ਕਈ ਕਈ ਮੰਜ਼ਿਲਾਂ ਇਸਨੇ ਹੋਰ ਉਸਾਰ ਦਿੱਤੀਆਂ ਤੇ ਸੱਚੇ ਪਾਤਿਸ਼ਾਹ ਕਹਿੰਦੇ ਹਨ ਕਿ ਫਿਰ ਇਹ ਮੇਰੀ ਮੇਰੀ ਕਰਕੇ ਕਹਿੰਦਾ ਹੈ ਮੇਰਾ ਘਰ, ਮੇਰਾ ਪਰਿਵਾਰ। ਹਜ਼ੂਰ ਨੇ ਕਿਹਾ ਦੇਖ ਪਿਆਰਿਆ !

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ੧॥

ਰਿਸ਼ੀ ਮਾਰਕੰਡੇ ਦੀ ਆਰਬਲਾ ਸਭ ਤੋਂ ਜ਼ਿਆਦਾ ਮੰਨੀ ਗਈ ਹੈ। ਪਰ ਇੰਨਾ ਵੱਡਾ ਰਿਸ਼ੀ ਜਿਸਦੀ ਹਜ਼ਾਰਾਂ ਸਾਲਾਂ ਦੀ ਆਰਬਲਾ ਹੈ, ਉਸ ਮਾਰਕੰਡੇ ਰਿਸ਼ੀ ਨੇ ਵੀ ਆਪਣੀ ਜ਼ਿੰਦਗੀ ਜੰਗਲ ਵਿਚ ਬਤੀਤ ਕੀਤੀ, ਕਿਉਂਕਿ ਉਸਨੂੰ ਵੀ ਪਤਾ ਸੀ ਕਿ ਜਿੰਨੀ ਮਰਜ਼ੀ ਲੰਮੀ ਉਮਰ ਹੋਵੇ, ਆਖ਼ਿਰ ਘੱਟਦਿਆਂ ਘੱਟਦਿਆਂ ਇਕ ਦਿਨ ਮੌਤ ਵਾਲਾ ਪੜਾਅ ਸਾਡੇ ਸਾਹਮਣੇ ਆ ਜਾਣਾ ਹੈ।

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥ ੨॥

ਅਗਲਾ ਬਚਨ ਹੈ-

ਸਰਬ ਸੁੋਇਨ ਕੀ ਲੰਕਾ ਹੋਤੀ

ਸਾਰੀ ਲੰਕਾ ਹੀ ਸੋਨੇ ਦੀ ਸੀ। ਜਿਸਦੇ ਘਰ ਦੇ ਬਰਤਨ ਵੀ ਸੋਨੇ ਦੇ ਸਨ। ਜਿਸਦੇ ਕੋਲ ਇੰਨੀ ਤਾਕਤ ਸੀ, ਚੰਦਰਮਾ ਤੇ ਸੂਰਜ ਇਸਦੇ ਘਰ ਦੀ ਰਸੋਈ ਦਾ ਕੰਮ ਪਏ ਕਰਦੇ ਹਨ, ਇਸਦਾ ਮਤਲਬ ਸੂਰਜ ਦੀ ਜਿਹੜੀ ਐਨਰਜੀ ਹੈ, ਚੰਦਰਮਾ ਦੀ ਜਿਹੜੀ ਸੀਤਲਤਾ ਹੈ, ਰਾਵਣ ਦੇ ਕੋਲ ਇੰਨੇ ਕੁ ਵਿਕਸਿਤ ਸਾਧਨ ਹਨ ਕਿ ਉਹ ਸੂਰਜ ਦੀਆਂ ਕਿਰਨਾਂ ਵਿਚ ਵੀ ਆਪਣੀ ਰਸੋਈ ਦਾ ਭੋਜਨ ਪਕਾਉਂਦਾ ਪਿਆ ਹੈ। ਹੁਣ ਇੰਨੀ ਵੱਡੀ ਮੈਂ ਮੇਰੀ ਰੱਖਣ ਵਾਲਾ,

ਸਰਬ ਸੁੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥

(ਅੰਗ ੬੯੩)

ਜਿਹੜਾ ਮੈਂ ਮੈਂ ਕਰਦਾ ਸੀ, ਮੇਰਾ ਘਰ, ਮੇਰਾ ਸਭ ਕੁਝ, ਉਹ ਤਾਂ ਰਹਿ ਗਿਆ ਇਥੇ।

ਮੇਰੀ ਮੇਰੀ ਕਰਨ ਵਾਲਾ ਤਾਂ ਕੂਚ ਕਰ ਗਿਆ।

ਇਬਰਾਹੀਮ ਦੀ ਜ਼ਿੰਦਗੀ ਵਿਚ ਇਕ ਬਹੁਤ ਸੋਹਣਾ ਮੈਂ ਬਚਨ ਪੜ੍ਹਿਆ ਹੈ। ਉਸਦੀ ਜ਼ਿੰਦਗੀ ਨੂੰ ਕਿਵੇਂ ਪਲਟਾ ਆਇਆ ਹੈ। ਕਹਿੰਦੇ ਉਸਦੇ ਮਹਿਲ ਦੇ ਸਾਹਮਣੇ ਕੋਈ ਭਿਖਾਰੀ ਆਇਆ ਸੀ। ਉਹ ਮਹਿਲ ਦੇ ਸਾਹਮਣੇ ਖਲੋ ਕੇ ਪਹਿਰੇਦਾਰ ਨਾਲ ਲੜੀ ਜਾਏ ਤੇ ਇਹ ਸ਼ਬਦ ਕਹਿ ਰਿਹਾ ਸੀ ਕਿ ਮੈਨੂੰ ਰਹਿਣ ਬਸੇਰਾ ਇਸ ਸਰਾਂ ਵਿਚ ਕਰ ਲੈਣ ਦੇ। ਉਸ ਪਹਿਰੇਦਾਰ ਨੇ ਦਬਕਾ ਮਾਰ ਕੇ ਕਿਹਾ ਕਿ ਇਹ ਸਰਾਂ ਨਹੀਂ, ਇਹ ਰਾਜੇ ਦਾ ਮਹਿਲ ਹੈ। ਫ਼ਕੀਰ ਨੇ ਨਹੀਂ ਸੁਣਿਆ। ਉਹ ਫਿਰ ਧਾਈਂ ਕਰਕੇ ਅੰਦਰ ਜਾਣ ਲੱਗਾ ਤੇ ਕਹਿਣ ਲੱਗਾ, ਇਹ ਮਹਿਲ ਨਹੀਂ, ਇਹ ਸਰਾਂ ਹੈ। ਮੈਨੂੰ ਵੀ ਰਾਤ ਰਹਿਣ ਦਿਉ। ਜੇ ਇੰਨੇ ਲੋਕ ਸਰਾਂ ਵਿਚ ਰਹਿ ਗਏ, ਇਕ ਮੇਰੇ ਇਸ ਵਿਚ ਰਹਿਣ ਨਾਲ ਕੀ ਵਿਗੜ ਜਾਣਾ ਹੈ। ਪਹਿਰੇਦਾਰ ਨੇ ਫਿਰ ਪਿੱਛੇ ਧੱਕਿਆ। ਕਹਿਣ ਲੱਗਾ ਫ਼ਕੀਰ। ਦੇਖ ਮੈਂ ਤੇਰੇ ਨਾਲ ਧੱਕਾ ਨਹੀਂ ਕਰਦਾ, ਪਰ ਇਹ ਬਾਦਸ਼ਾਹ ਦਾ ਮਹਿਲ ਹੈ, ਤੂੰ ਇਸਦੇ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਫ਼ਕੀਰ ਕਹੀ ਜਾਏ ਸਰਾਂ ਹੈ, ਨੌਕਰ ਕਹੀ ਜਾਏ ਮਹਿਲ ਹੈ। ਜਦੋਂ ਉੱਚੀ ਉੱਚੀ ਆਵਾਜ਼ ਗਈ ਤੇ ਇਬਰਾਹੀਮ ਆਪ ਬਾਹਰ ਆਇਆ। ਉਸਨੂੰ ਆਉਂਦਿਆਂ ਦੇਖਿਆ ਤਾਂ ਨੌਕਰ ਨੇ ਰਾਜੇ ਦਾ ਅਦਬ ਕੀਤਾ। ਰਾਜੇ ਨੇ ਫ਼ਕੀਰ ਨੂੰ ਧੀਰਜ ਦਿੱਤਾ ਤੇ ਕਹਿਣ ਲੱਗਾ ਕਿ ਰੌਲਾ ਕਾਹਦਾ ਹੈ? ਫ਼ਕੀਰ ਕਹਿੰਦਾ ਹੈ ਮੈਂ ਇਸ ਸਰਾਂ ਵਿਚ ਰਹਿਣਾ ਚਾਹੁੰਦਾ ਹਾਂ। ਬਾਕੀ ਲੋਕ ਤਾਂ ਕਈ ਕਈ ਸਾਲ ਰਹਿ ਕੇ ਚਲੇ ਗਏ, ਮੈਂ ਇਕ ਰਾਤ ਵੀ ਨਹੀਂ ਰਹਿ ਸਕਦਾ। ਇਹ ਪਹਿਰੇਦਾਰ ਮੈਨੂੰ ਅੰਦਰ ਨਹੀਂ ਆਉਣ ਦਿੰਦਾ।

ਬਦਾਸ਼ਾਹ ਬੜਾ ਧਰਮੀ ਸੀ। ਹੱਸ ਕੇ ਕਹਿਣ ਲੱਗਾ ਕਿ ਫ਼ਕੀਰ, ਇਹ ਅਸਲ ਵਿਚ ਸਰਾਂ ਨਹੀਂ, ਇਹ ਮੇਰਾ ਮਹਿਲ ਹੈ। ਫ਼ਕੀਰ ਕਹਿਣ ਲੱਗਾ, ਤੈਨੂੰ ਪਤਾ ਮਹਿਲ ਦਾ ਅਰਥ ਕੀ ਹੈ? ਬਾਦਸ਼ਾਹ ਕਹਿਣ ਲੱਗਾ, ਮਹਿਲ ਦਾ ਅਰਥ ਹੈ ਟਿਕਾਣਾ। ਤੈਨੂੰ ਇਹ ਪਤਾ ਹੈ ਟਿਕਾਣੇ ਦਾ ਅਰਥ ਕੀ ਹੈ? ਕਹਿਣ ਲੱਗਾ ਨਹੀਂ ਮੈਨੂੰ ਟਿਕਾਣੇ ਦੇ ਅਰਥ ਦਾ ਪਤਾ ਨਹੀਂ। ਕਹਿਣ ਲੱਗਾ, ਟਿਕਾਣੇ ਦਾ ਅਰਥ ਹੈ ਜਿਹੜਾ ਇਕ ਵਾਰੀ ਟਿੱਕ ਜਾਏ ਤੇ ਪਰਤ ਕੇ ਥਾਂ ਛੱਡੇ ਨਾ। ਤੂੰ ਕਹਿੰਦਾ ਹੈਂ ਮਹਿਲ ਇਹ ਟਿਕਾਣਾ ਹੈ ਤੇਰਾ। ਮੈਂ ਕਹਿੰਦਾ ਹਾਂ, ਇਹ ਸਰਾਂ ਹੈ। ਬਾਦਸ਼ਾਹ ਫਿਰ ਉੱਚੀ ਬੋਲਕੇ ਕਹਿੰਦਾ ਹੈ ਫ਼ਕੀਰ ! ਇਹ ਮੇਰਾ ਮਹਿਲ ਹੈ, ਸਰਾਂ ਨਹੀਂ। ਫ਼ਕੀਰ ਕਹਿੰਦਾ ਹੈ ਕਿ ਬਾਕੀ 30-30 ਸਾਲ ਰਹਿ ਕੇ ਚਲੇ ਗਏ ਤੇ ਮੈਨੂੰ 30 ਘੰਟੇ ਨਹੀਂ ਰਹਿਣ ਦਿੰਦੇ ਸਰਾਂ ਵਿਚ। ਉਹ ਕਹਿੰਦਾ ਕਿਹੜਾ ਰਹਿ ਕੇ ਚਲਾ ਗਿਆ? ਫ਼ਕੀਰ ਕਹਿੰਦਾ ਹੈ, ਮੈਂ ਅੱਜ ਤੋਂ 25 ਸਾਲ ਪਹਿਲਾਂ ਆਇਆ ਸੀ ਤਾਂ ਇਸ ਮਹਿਲ ਵਿਚ ਕੋਈ ਹੋਰ ਸੀ। ਉਹ ਕੌਣ ਸੀ? ਬਾਦਸ਼ਾਹ ਕਹਿਣ ਲੱਗਾ ਕਿ ਉਹ ਮੇਰਾ ਪਿਤਾ ਸੀ। ਫ਼ਕੀਰ ਕਹਿਣ ਲੱਗਾ ਤੇਰੇ ਪਿਤਾ ਜੀ ਕਿੱਥੇ ਹਨ? ਬਾਦਸ਼ਾਹ ਨੇ ਕਿਹਾ ਉਹਨਾਂ ਦੀ ਮੌਤ ਹੋ ਗਈ ਹੈ। ਫ਼ਕੀਰ ਹੱਸਿਆ, ਕਹਿਣ ਲੱਗਾ, ਮੈਂ ਉਸ ਤੋਂ ਵੀ 30 ਸਾਲ ਪਹਿਲਾਂ ਫਿਰ ਆਇਆ ਸੀ, ਉਹ ਕੌਣ ਸੀ? ਕਹਿਣ ਲੱਗਾ ਉਹ ਮੇਰੇ ਦਾਦਾ ਸਨ। ਫ਼ਕੀਰ ਕਹਿੰਦਾ ਹੈ, ਉਹ ਕਿੱਥੇ ਚਲਾ ਗਿਆ? ਰਾਜਾ ਕਹਿੰਦਾ ਹੈ,

ਉਹਨਾਂ ਦੀ ਮੌਤ ਮੇਰੇ ਬਾਪ ਤੋਂ ਪਹਿਲਾਂ ਹੋ ਗਈ। ਫ਼ਕੀਰ ਹੱਸ ਕੇ ਕਹਿਣ ਲੱਗਾ ਕਿ ਮੈਂ ਤਿੰਨ ਵਾਰੀ ਆਇਆ ਹਾਂ, ਤਿੰਨੇ ਵਾਰੀ ਵੱਖ-ਵੱਖ ਬੰਦੇ ਮਿਲੇ ਹਨ ਤੇ ਸੱਚ ਜਾਣੀ, ਸਰਾਂ ਉਹ ਹੁੰਦੀ ਹੈ ਜਿਥੇ ਅੱਜ ਹੋਰ ਟਿੱਕਿਆ ਹੈ ਤੇ ਕੱਲ ਨੂੰ ਦੂਜਾ ਆ ਕੇ ਟਿੱਕ ਜਾਂਦਾ ਹੈ। ਮੈਨੂੰ ਇੰਝ ਲੱਗਾ ਹੈ ਪਰਤ ਕੇ ਮੈਂ ਜਦੋਂ ਆਉਣਾ ਹੈ, ਤੇਰੇ ਪੁੱਤਰ ਨੇ ਬੈਠੇ ਹੋਣਾ ਹੈ, ਤੂੰ ਵੀ ਚਲੇ ਜਾਣਾ ਹੈ। ਟਿਕਾਣਾ ਉਹ ਹੁੰਦਾ ਹੈ ਜਿਥੇ ਇਕ ਵਾਰੀ ਕੋਈ ਟਿੱਕ ਜਾਏ ਤੇ ਪਰਤ ਕੇ ਜਾਏ ਨਾ। ਇਹ ਸਰਾਂ ਹੈ, ਇਹ ਮਹਿਲ ਨਹੀਂ। ਦੇਖ ! ਫ਼ਰਕ ਇੰਨਾ ਹੈ ਕਿ ਤੇਰਾ ਦਾਦਾ 60 ਸਾਲ ਮਹਿਲ ਵਿਚ ਰਹਿ ਕੇ ਚਲਾ ਗਿਆ ਤੇ ਮੈਂ 60 ਘੜੀਆਂ ਰਹਿ ਕੇ ਚਲੇ ਜਾਣਾ ਹੈ। ਚਲੇ ਤਾਂ ਆਖ਼ਿਰ ਗਏ ਨਾ, ਭਾਵੇਂ 60 ਸਾਲ ਰਹਿ ਕੇ ਗਏ, ਉਹ ਪੱਕਾ ਥੋੜੀ ਇਥੇ ਬੈਠ ਗਏ।

ਰਾਜਾ ਕਹਿਣ ਲੱਗਾ, ਫ਼ਕੀਰ ਬਾਬਾ ! ਤੂੰ ਇਕ ਕੰਮ ਕਰ, ਤੂੰ ਕਿਸੇ ਬਸਤੀ ਵਿਚ ਚਲਾ ਜਾ। ਫ਼ਕੀਰ ਕਹਿੰਦਾ ਹੈ, ਮੈਂ ਬਸਤੀ ਵਿਚ ਨਹੀਂ ਰਹਿੰਦਾ, ਮੈਂ ਉਜਾੜ ਵਿਚ ਰਹਿਣਾ ਚਾਹੁੰਦਾ ਹਾਂ। ਬਾਦਸ਼ਾਹ ਕਹਿੰਦਾ ਹੈ, ਇਹ ਉਜਾੜ ਨਹੀਂ, ਬਸਤੀ ਹੈ। ਕਹਿਣ ਲੱਗਾ ਨਹੀਂ, ਇਹ ਬਸਤੀ ਨਹੀਂ, ਇਹ ਉਜਾੜ ਹੈ। ਕਿਉਂ ਜੀ? ਕਹਿਣ ਲੱਗਾ ਜਿਨ੍ਹਾਂ ਨੂੰ ਬਸਤੀ ਕਹਿੰਦੇ ਹੋ, ਇਥੋਂ ਤਾਂ ਰੋਜ਼ ਲੋਕ ਉਜੜਦੇ ਪਏ ਹਨ। ਅਸਲੀ ਬਸਤੀ ਤਾਂ ਉਹ ਹੈ ਜਿਵੇਂ ਕਬਰਸਤਾਨ ਵਿਚ ਇਕ ਵਾਰੀ ਜਾ ਕੇ ਵੱਸੇ, ਪਰਤ ਕੇ ਉੱਠ ਕੇ ਘਰਾਂ ਨੂੰ ਆਏ ਨਾ। ਜਿਨ੍ਹਾਂ ਨੂੰ ਅਸੀਂ ਅੱਜ ਵੱਸੋਂ ਕਹਿੰਦੇ ਹਾਂ, ਇਥੇ ਵੱਸੋਂ ਬੜੀ ਸੰਘਣੀ ਹੈ। ਇਹ ਉਜੜਨ ਵਾਲੇ ਹਨ। ਬਸਤੀ ਦਾ ਅਰਥ ਹੈ ਜਿਹੜਾ ਇਕ ਵਾਰੀ ਵੱਸ ਗਿਆ ਤੇ ਪਰਤ ਕੇ ਜਾਣਾ ਨਹੀਂ ਤੇ ਮਹਿਲ ਦਾ ਅਰਥ ਹੈ ਜਿਸਨੂੰ ਇਕ ਵਾਰੀ ਟਿਕਾਣਾ ਮਿਲ ਗਿਆ ਤੇ ਪਰਤ ਕੇ ਉਸਨੇ ਜਾਣਾ ਨਹੀਂ। ਕਹਿਣ ਲੱਗਾ ਕਿ ਦੁਨੀਆਂ ਨੂੰ ਸਰਾਂ ਸਮਝ, ਤੈਨੂੰ ਇਕ ਟਿਕਾਣਾ ਮਿਲ ਸਕਦਾ ਹੈ। ਕਿਹੜਾ? ਹਜ਼ੂਰ ਨੇ ਬਖ਼ਸ਼ਿਸ਼ ਭਰਿਆ ਬਚਨ ਕੀਤਾ ਹੈ-

ਸੁਣਿ ਸਾਸਤ ਸਉਦਾਗਰੀ

ਇੰਨਾ ਕੁਝ ਦੁਨੀਆਂ ਦਾ ਸੁਣਦਾ ਪਿਆ ਹੈਂ, ਕਦੀ ਧਰਮ ਪੋਥੀਆਂ ਦਾ ਗਿਆਨ ਸੁਣ। ਬੰਦੇ ਕੋਲ ਗਿਆਨ ਸੁਣਨ ਲਈ ਟਾਈਮ ਨਹੀਂ, ਬਾਕੀ ਬਹੁਤ ਕੁਝ ਸੁਣੀ ਜਾਂਦੇ ਹਾਂ।

ਸਤੁ ਘੋੜੇ ਲੈ ਚਲੁ॥

ਚੰਗੇ ਆਚਰਨ ਨੂੰ, ਸ਼ੁੱਭ ਗੁਣਾਂ ਨੂੰ ਘੋੜਾ ਬਣਾ, ਉਹਨਾਂ ਨੂੰ ਮਹਿਲ ਮਿਲਦੇ ਹਨ।

ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥

(ਅੰਗ ੫੯੫)

(22) ਮਾਇਆ ਮੋਹੁ ਦੁਖੁ ਸਾਗਰੁ ਹੈ

ਇਸ ਤੋਂ ਪਹਿਲਾਂ ਇਕ ਬਖ਼ਸ਼ਿਸ਼ ਭਰਿਆ ਬਚਨ ਕੀਤਾ। ਕਹਿਣ ਲੱਗੇ, ਮਹਿਲ ਕਿਨ੍ਹਾਂ ਨੂੰ ਮਿਲਦਾ ਹੈ? ਬਾਕੀ ਸਾਰਿਆਂ ਨੂੰ ਸਰਾਂ ਮਿਲਦੀ ਹੈ, ਮਹਿਲ ਕਿਸੇ ਕਮਾਈ ਵਾਲੇ ਨੂੰ ਮਿਲਦਾ ਹੈ। ਤੈਨੂੰ ਤਾਂ ਉਥੇ ਟਿਕਾਣਾ ਮਿਲੇਗਾ ਜੇ ਨਿਰੰਕਾਰ ਦੇ ਦੇਸ਼ ਜਾਏਂਗਾ।

ਅੱਜ ਮੇਰੇ ਗੁਰੂ ਅਮਰਦਾਸ ਜੀ ਕ੍ਰਿਪਾਲੂ ਨੇ ਬਖ਼ਸ਼ਿਸ਼ ਕੀਤੀ। ਕਹਿਣ ਲੱਗੇ-

ਮਾਇਆ ਮੋਹੁ ਦੁਖੁ ਸਾਗਰੁ ਹੈ

ਮਾਇਆ ਦੀ ਪਕੜ, ਮਾਇਆ ਦੀ ਤ੍ਰਿਸ਼ਨਾ ਇਕ ਦੁੱਖਾਂ ਦਾ ਸਮੁੰਦਰ ਹੈ।

ਬਿਖੁ ਦੁਤਰੁ ਤਰਿਆ ਨ ਜਾਇ॥

ਬਿਖੁ ਦਾ ਅਰਥ ਹੈ ਜ਼ਹਿਰ ਤੇ ਦੁਤਰੁ ਦਾ ਅਰਥ ਹੈ ਬੜਾ ਮੁਸ਼ਕਿਲ। ਇਸਨੂੰ ਕਿਵੇਂ ਤਰੇਂਗਾ ਮਨਾ ! ਇਹ ਤਰਿਆ ਨਹੀਂ ਜਾਣਾ। ਮਾਇਆ ਚਾਰ-ਚੁਫੇਰਿਉ ਘੇਰਦੀ ਹੈ।

ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥

ਮੇਰਾ ਮੇਰਾ ਕਰਦੇ ਚਲੇ ਗਏ ਤੇ ਹਉਮੈ ਕਰਦੇ ਰਹੇ। ਕਬੀਰ ਕਹਿੰਦੇ ਹਨ ਕਿ ਮੇਰੇ 'ਤੇ ਵੀ ਆਈ ਤੇ ਉਹਨਾਂ ਨੇ ਉੱਚੀ ਆਵਾਜ ਵਿੱਚ ਕਿਹਾ

ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ॥

ਮਨਮੁਖ ਨਾ ਉਰਵਾਰ ਰਹੇ ਤੇ ਨਾ ਪਾਰ ਹੋਏ। ਅੱਧ ਵਿਚਕਾਰ ਹੀ ਲਟਕਦੇ ਰਹੇ।

ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ॥

ਧੁਰੋਂ ਜੋ ਲੇਖ ਲਿਖੇ ਗਏ ਹਨ, ਉਹੀ ਹੋਣਾਂ ਹੈ। ਬੰਦਾ ਕੁਝ ਵੀ ਨਹੀਂ ਕਰ ਸਕਦਾ।

ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭ ਦੇਖਿਆ ਬ੍ਰਹਮੁ ਸੁਭਾਇ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ॥ ੩੪ ॥

ਜਿਨ੍ਹਾਂ ਦੇ ਅੰਦਰ ਗੁਰਮਤਿ ਦਾ ਗਿਆਨ ਹੋ ਜਾਏ, ਓਹੀ ਇਸ ਭਵ ਸਾਗਰ ਤੋਂ ਪਾਰ ਹੋ ਜਾਂਦੇ ਹਨ।

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥

ਕਹਿਣ ਲੱਗੇ ਮੇਰੇ 'ਤੇ ਵੀ ਆਈ ਸੀ ਤੇ ਲਿਬਾਸ ਬਣਾ ਬਣਾ ਕੇ ਆਈ।

ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ॥

(ਅੰਗ ੧੩੬੪)

ਕਹਿੰਦੇ ਹਨ ਮੈਨੂੰ ਮੇਰੇ ਗੁਰੂ ਨੇ ਰੱਖ ਲਿਆ। ਬਾਬੇ ਫਰੀਦ 'ਤੇ ਆਈ, ਉਹਨਾਂ ਨੇ ਕਿਹਾ ਕਿ

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ॥

(ਅੰਗ ੧੩੮੨)

ਜਿਨ੍ਹਾਂ ਦੇ ਸਿਰ 'ਤੇ ਪੂਰਾ ਮੁਰਸ਼ਦ ਖਲੋਤਾ ਹੋਵੇ ਉਹਨਾਂ ਨੂੰ ਤੱਤੀ ਵਾ ਨਹੀਂ ਲੱਗਦੀ। ਰੱਬ ਨੂੰ ਪਿਆਰ ਕਰੋ। ਸਦਾ ਪ੍ਰਮਾਤਮਾ ਨਾਲ ਜੁੜੇ ਰਹੋ। ਸਤਿਗੁਰੂ ਕ੍ਰਿਪਾ ਕਰਨ, ਅਸੀਂ ਪ੍ਰਮਾਰਥ ਵਾਲੇ ਪਾਸੇ ਅੰਦਰ ਦੇ ਘਰ ਨੂੰ ਬਣਾਉਣ ਦਾ ਯਤਨ ਕਰੀਏ। ਸਾਨੂੰ ਤ੍ਰਿਸ਼ਨਾ ਤੇ ਮੈਂ ਮੇਰੀ ਤੋਂ ਬਚਾ ਕੇ ਅੰਦਰ ਦੀ ਪ੍ਰੀਤ ਤੇ ਪ੍ਰਤੀਤ ਬਖ਼ਸ਼ੇ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਆਗਮਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਜੁਗੋ ਜੁਗ ਅਟੱਲ ਚਵਰ ਛੱਤਰ ਤਖ਼ਤ ਦੇ ਮਾਲਕ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਉਹਨਾਂ ਦੇ ਆਗਮਨ ਦੀ ਕਥਾ ਜੋ ਕਵੀ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਅੰਕਿਤ ਕੀਤੀ ਹੈ, ਉਸਨੂੰ ਆਪਾਂ ਵਿਚਾਰਨਾ ਹੈ। ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਢਾਕਾ ਦੀ ਧਰਤੀ 'ਤੇ ਅੱਜ ਰਾਤ ਬਿਰਾਜਮਾਨ ਹਨ। ਮਾਤਾ ਗੁਜਰੀ ਜੀ ਪਟਨਾ ਸਾਹਿਬ ਦੀ ਧਰਤੀ 'ਤੇ ਬਿਰਾਜਮਾਨ ਹਨ। ਮਾਤਾ ਨਾਨਕੀ ਜੀ ਨੂੰ ਆਪਣੇ ਪਤੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਹਨਾਂ ਦੇ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਕਹੇ ਹੋਏ ਬਚਨ ਅੱਜ ਚੇਤੇ ਆਉਂਦੇ ਹਨ ਤੇ ਜਿਹੜੇ ਬਚਨ ਉਹਨਾਂ ਕਹੇ ਸਨ - ਨਾਨਕੀ ਤੇਰੇ ਘਰ ਦੇ ਅੰਦਰ ਇਕ ਮਹਾਂਬਲੀ ਯੋਧਾ ਪੋਤਾ ਪੈਦਾ ਹੋਵੇਗਾ। ਅੱਜ ਸਾਰੇ ਉਸ ਸਮੇਂ ਦੀ ਉਡੀਕ ਕਰਦੇ ਹਨ। ਸਿੱਖ ਦੀ ਭਾਵਨਾ ਇਹ ਬਣੇ ਕਿ ਦਾਤਾ ਮੇਹਰ ਕਰੇ, ਸਾਡੇ ਹਿਰਦੇ ਵਿਚ ਕਲਗੀ ਵਾਲੇ ਦੇ ਚਰਨਾਂ ਲਈ ਪ੍ਰੀਤ ਉਪਜ ਜਾਏ। ਸਾਡੇ ਅੰਦਰ ਨਾਮ ਦੀ ਦਾਤ ਟਿੱਕ ਜਾਏ।

ਇਨ ਕੇ ਦੁਸਟ ਦਮਨ ਕੌ ਬਹੁ ਬਿਧ ਆਪਨੇ ਅੰਕ ਬਿਖੇ ਬਿਠਾਏ।

ਕਵੀ ਸੰਤੋਖ ਸਿੰਘ ਜੀ ਕਹਿ ਰਹੇ ਹਨ ਕਿ ਉਸ ਅਕਾਲ ਦੇ ਸੁੱਤ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਨੂੰ, ਜਿਨ੍ਹਾਂ ਲਈ ਸ਼ਬਦ ਦੁਸਟ ਦਮਨ ਵਰਤਿਆ ਹੈ, ਆਉਣ ਤੋਂ ਪਹਿਲਾਂ ਅਕਾਲ ਪੁਰਖ ਨੇ ਆਪਣੀ ਗੋਦੀ ਵਿਚ ਬਿਠਾਇਆ ਤੇ ਗੋਦ ਵਿਚ ਬਿਠਾ ਕੇ ਇਹ ਬਚਨ ਕਹੇ ਹਨ—

ਮੈ ਆਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।

ਕਹਿਣ ਲੱਗੇ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾ ਕੇ ਸੰਸਾਰ 'ਤੇ ਭੇਜ ਰਿਹਾ ਹਾਂ ਤੇ ਤੁਸੀਂ ਜਾ ਕੇ ਸੰਸਾਰ 'ਤੇ ਪੰਥ ਦਾ ਪ੍ਰਚਾਰ ਕਰਨਾ ਹੈ। ਉਹ ਕਿਹੜਾ ਪੰਥ ਸੀ? ਉਹ ਪੰਥ ਜਿਹੜਾ ਗੁਰੂ ਨਾਨਕ ਸਾਹਿਬ ਨੇ ਪੰਥ ਚਲਾਇਆ ਹੈ, ਜਿਸਦੇ ਬਾਰੇ ਭਾਈ ਗੁਰਦਾਸ ਜੀ ਨੇ ਇਹ ਬਚਨ ਕਹੇ ਹਨ ਕਿ

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥

(ਵਾਰ ੧, ਪਉੜੀ ੪੫)

ਜਿਸਦੇ ਬਾਰੇ ਭਾਈ ਸਾਹਿਬ ਇਹ ਰਹਿਮਤ ਭਰੇ ਬਚਨ ਕਰਦੇ ਹਨ-

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ॥

(ਵਾਰ ੧, ਪਉੜੀ ੩੧)

ਉਸ ਪੰਥ ਦਾ, ਗੁਰੂ ਨਾਨਕ ਜੀ ਦੇ ਸੱਚ ਦੇ ਮਾਰਗ ਦਾ ਪ੍ਰਚਾਰ ਕਰਨ ਲਈ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਸਾਰ ਦੇ ਉੱਤੇ ਤੋਰਨ ਲੱਗੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਬਾਣੀ ਪ੍ਰਵਾਨ ਕਰਦੀ ਹੈ ਕਿ ਪ੍ਰਮਾਤਮਾ ਆਪਣੇ ਭਗਤ ਨਾਲ ਆਹਮੋ-ਸਾਹਮਣੇ ਹੋ ਕੇ ਗੱਲਬਾਤ ਕਰਦਾ ਹੈ। ਮੈਂ ਇਕ ਦੋ ਪ੍ਰਮਾਣ ਬਾਣੀ ਵਿਚੋਂ ਅਰਜ਼ ਕਰਨੇ ਚਾਹੁੰਦਾ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਾਬਾ ਫ਼ਰੀਦ ਸਾਹਿਬ ਜੀ ਦਾ ਇਕ ਸਲੋਕ ਆਉਂਦਾ ਹੈ-

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

(ਅੰਗ ੧੩੮੨)

ਅਕਾਲ ਪੁਰਖ ਭਗਤ ਨਾਲ ਗੱਲਾਂ ਕਰਦੇ ਹਨ। ਦੂਜਾ ਪ੍ਰਮਾਣ ਹੈ ਭਗਤ ਨਾਮਦੇਵ ਜੀ ਦੀ ਬਾਣੀ ਵਿਚੋਂ। ਜਦੋਂ ਅਸੀਂ ਇਹ ਪੜ੍ਹਦੇ ਹਾਂ ਕਿ

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥

(ਅੰਗ ੧੨੫੨)

ਜਦੋਂ ਭੈਰਉ ਰਾਗ ਵਿਚ ਬਚਨ ਪੜ੍ਹਦੇ ਹਾਂ-

ਕਹਹਿ ਤ ਧਰਣਿ ਇਕੋਡੀ ਕਰਉ॥
ਕਹਹਿ ਤ ਲੇ ਕਰਿ ਊਪਰਿ ਧਰਉ॥
ਕਹਹਿ ਤ ਮੁਈ ਗਊ ਦੇਉ ਜੀਆਇ॥
ਸਭੁ ਕੋਈ ਦੇਖੈ ਪਤੀਆਇ॥

(ਅੰਗ ੧੧੬੬)

ਇਸਦਾ ਮਤਲਬ ਕਿ ਰੱਬ ਆਪਣੇ ਭਗਤਾਂ ਨਾਲ ਉਹਨਾਂ ਨੂੰ ਗੋਦ ਵਿਚ ਬਿਠਾ ਕੇ ਪ੍ਰੇਮ ਭਰੇ ਬਚਨ ਕਰਦੇ ਹਨ।

ਸਾਹਿਬ ਗੁਰੂ ਕਲਗੀਧਰ ਜੀ ਦੇ ਬਚਿੱਤਰ ਨਾਟਕ ਵਿਚ ਜਦੋਂ ਅਸੀਂ ਇਹ ਬਚਨ

ਪੜ੍ਹਦੇ ਹਾਂ ਕਿ

ਅਬ ਮੈ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੁਹਿ ਆਨੋ॥

ਇਸਦਾ ਅਰਥ ਹੈ ਕਿ ਹੁਣ ਮੈਂ ਆਪਣੇ ਪਹਿਲੇ ਜੀਵਨ ਦੀ ਕਥਾ ਨੂੰ ਬਿਆਨ ਕਰਨ ਲੱਗਾ ਹਾਂ ਤੇ ਉਹ ਕਥਾ ਕੀ ਹੈ ਕਿ ਤਪ ਸਾਧਦਿਆਂ ਇਸਦਾ ਅਰਥ ਹੈ ਬੰਦਗੀ ਕਰਦਿਆਂ ਜਿਸ ਤਰੀਕੇ ਨਾਲ ਵਾਹਿਗਰੂ ਨੇ ਮੈਨੂੰ ਇਸ ਸੰਸਾਰ 'ਤੇ ਭੇਜਿਆ, ਆਉ ਪਿਆਰਿਉ ! ਮੈਂ ਆਪਣੀ ਜ਼ਿੰਦਗੀ ਦੀ ਕਥਾ ਤੁਹਾਡੇ ਨਾਲ ਸਾਂਝੀ ਕਰਾਂ। ਸਾਹਿਬ ਨੇ ਉਥੇ ਫ਼ਰਮਾਇਆ-

ਅਬ ਮੈ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ। ੧।

ਜਿੱਥੇ ਹੇਮਕੁੰਟ ਪਰਬਤ ਹੈ, ਜਿਸਦੇ ਚਾਰ-ਚੁਫੇਰੇ ਸੱਤ ਚੋਟੀਆਂ ਸਿਖਰ ਆਸਮਾਨ ਨੂੰ ਛੂੰਹਦੀਆਂ ਪਈਆਂ ਹਨ, ਉਸ ਧਰਤੀ 'ਤੇ ਮੈਂ ਉਸ ਅਕਾਲ ਪੁਰਖ ਦੀ ਭਗਤੀ ਕਰ ਰਿਹਾ ਸੀ।

ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜਹ ਜੋਗ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ।੨।
ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

ਕਹਿੰਦੇ ਹਨ, ਇਨੀ ਤਪੱਸਿਆ ਸਾਧੀ, ਇੰਨੀ ਬੰਦਗੀ ਕੀਤੀ, ਅਸਲ ਵਿਚ ਸਰੀਰ ਕਰਕੇ ਦੋ ਭਾਸਦੇ ਸਾਂ ਪਰ ਮਾਲਕ ਦੀ ਕ੍ਰਿਪਾ ਨਾਲ ਦੋ ਤੋਂ ਇਕ ਰੂਪ ਹੋ ਗਏ। ਇਸ ਨੂੰ ਹਜ਼ੂਰ ਨੇ ਬਾਣੀ ਵਿਚ ਕਿਹਾ ਹੈ-

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(ਅੰਗ ੭੮੮)

ਅਸਲ ਵਿਚ ਇਹ ਅੰਦਰ ਦੀ ਪ੍ਰਮਾਰਥ ਦੀ ਗੱਲ ਹੈ। ਕਹਿੰਦੇ ਹਨ, ਜਦੋਂ ਅਸੀਂ ਦੋ ਤੋਂ ਇਕ ਰੂਪ ਹੋਏ।

ਹੁਣ ਇਸ ਤੋਂ ਅੱਗੇ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ। ਆਪਣੇ ਅੰਦਰ ਨੂੰ ਟਿਕਾਅ ਕੇ ਦੇਖੋ ਕਦੀ! ਅੱਜ ਪਟਨਾ ਸਾਹਿਬ ਦੀ ਧਰਤੀ ਹਰਿਆਵਲੀ ਹੁੰਦੀ ਪਈ ਹੈ। ਕਿਉਂ? ਕਦੀ ਇਸ ਸ਼ਹਿਰ ਦਾ ਨਾਮ ਸੀ ਪਾਟਲੀਪੁੱਤਰ। ਇਹ ਉਹ ਸ਼ਹਿਰ ਹੈ, ਜਿਥੇ ਗੁਰੁ ਨਾਨਕ ਸਾਹਿਬ ਨੇ ਆਪਣੇ ਚਰਨ ਪਾਏ ਸਨ। ਆਪ ਸਭ ਨੂੰ ਪਤਾ ਹੈ ਕਿ ਜਿਹੜੇ ਬਚਨ ਕਦੀ ਕਈ ਸਾਲ ਪਹਿਲਾਂ ਸਾਲਸ ਰਾਏ ਜੌਹਰੀ ਨੂੰ ਕੀਤੇ ਸਨ, ਅੱਜ ਉਹ ਗੁਰੂ ਨਾਨਕ ਸਾਹਿਬ ਜੀ ਦੇ ਕੀਤੇ ਹੋਏ ਬਚਨ ਪ੍ਰਗਟ ਪਏ ਹੁੰਦੇ ਹਨ। ਮੈਂ ਹੈਰਾਨ ਹੁੰਦਾ ਹਾਂ ਜਿਸ ਧਰਤੀ 'ਤੇ ਆਪੇ ਗੁਰ ਚੇਲਾ ਗੁਰੂ ਗੋਬਿੰਦ ਸਿੰਘ ਪ੍ਰਗਟ ਹੋਏ ਹਨ, ਉਸੇ ਧਰਤੀ 'ਤੇ ਗੁਰੂ ਨਾਨਕ ਸਾਹਿਬ ਨੇ ਜਿਸ ਸਾਲਸ ਰਾਏ ਨੂੰ ਦਾਤ ਦਿੱਤੀ, ਉਸ ਦਿਨ ਇਹ ਨਹੀਂ ਕਿਹਾ ਕਿ ਮੇਰੇ ਚਰਨਾਂ ਵਿਚ ਝੁੱਕ, ਉਸ ਦਿਨ ਕਿਹਾ ਸੀ ਜਿਸਨੂੰ ਆਪਣਾ ਨੌਕਰ, ਆਪਣਾ ਚੇਲਾ ਅੱਜ ਤੱਕ ਕਹਿੰਦਾ ਰਿਹਾ ਹੈਂ, ਆਪਣੇ ਨੌਕਰ ਦੇ ਪੈਰਾਂ ਵਿਚ ਝੁੱਕ ਤੇ ਤੇਰੇ ਅੰਦਰ ਨੂੰ ਵੀ ਭਾਗ ਲੱਗ ਜਾਏਗਾ। ਸਾਲਸ ਰਾਏ ਨੇ ਰੱਜ ਕੇ ਸੇਵਾ ਕੀਤੀ। ਅਸਲ ਵਿਚ ਉਹ ਰਤਨਾਂ ਦਾ ਪਾਰਖੂ ਸੀ। ਉਹ ਗੁਰੂ ਰਤਨ ਨੂੰ ਵੀ ਪਰਖ ਗਿਆ। ਉਸਨੇ ਗੁਰੂ ਦੇ ਸ਼ਬਦ ਨੂੰ ਵੀ ਪਰਖ ਲਿਆ। ਜਦੋਂ ਕ੍ਰਿਪਾਲੂ ਦਾਤੇ ਨੇ ਇਸ ਧਰਤੀ 'ਤੇ ਚਰਨ ਪਾਏ ਤੇ ਸਾਲਸ ਰਾਏ ਨੇ ਹੱਥ ਜੋੜ ਕੇ ਕਿਹਾ ਦਾਤਾ ਜੀ ! ਆਪ ਕ੍ਰਿਪਾ ਕਰੋ, ਕੁਝ ਸਮਾਂ ਤੁਸੀਂ ਮੇਰੇ ਘਰ ਵਿਖੇ ਟਿਕੋ। ਧੰਨ ਗੁਰੂ ਨਾਨਕ ਸਾਹਿਬ ਮੁਸਕਰਾ ਕੇ ਕਹਿਣ ਲੱਗੇ- ਸਾਲਸ ਰਾਏ, ਕੁਝ ਦਿਨ ਨਹੀਂ, ਕੁਝ ਘੜੀਆਂ ਨਹੀਂ, ਸਮਾਂ ਆਏਗਾ ਅਸੀਂ ਕਈ ਸਾਲ ਤੇਰੇ ਘਰ ਵਿਚ ਰਹਿ ਕੇ ਜਾਵਾਂਗੇ। ਪੁੱਛਿਆ ਦਾਤਾ ! ਉਹ ਘੜੀ ਕਦੋਂ ਆਏਗੀ ? ਕਹਿਣ ਲੱਗੇ ਸ਼ਾਇਦ ਤੂੰ ਆਪਣੇ ਤਨ ਕਰਕੇ ਨਾ ਦੇਖੇਂ, ਤੇਰੀ ਔਲਾਦ ਦੇਖੇਗੀ, ਤੇਰੇ ਘਰ ਦੇ ਅੰਦਰ ਅਸੀਂ ਦਸਵੇਂ ਜਾਮੇ ਵਿਚ ਪ੍ਰਗਟ ਹੋਣਾ ਹੈ। ਗੁਰੂ ਨਾਨਕ ਸਾਹਿਬ ਦੇ ਚਰਨ ਪਏ ਉਸ ਘਰ ਦੇ ਅੰਦਰ ਗੁਰੂ ਕਲਗੀਧਰ ਜੀ ਪ੍ਰਗਟ ਹੋਏ ਤੇ ਪਟਨਾ ਸਾਹਿਬ ਦੀਆਂ ਗਲੀਆਂ ਵਿਚੋਂ ਅੱਜ ਵੀ ਕਦੀ ਝਾਤੀ ਮਾਰਦੇ ਹਾਂ ਤਾਂ ਇੰਞ ਲੱਗਦਾ ਹੈ ਜਿਵੇਂ ਗਲੀ ਵਿਚੋਂ ਹੁਣੇ ਬਾਲਾ ਪ੍ਰੀਤਮ ਨੇ ਨਿਕਲ ਕੇ ਬਾਹਰ ਆ ਜਾਣਾ ਹੈ। ਹਜ਼ੂਰ ਨੇ ਕਿਹਾ-

ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ

ਜੰਤ ਦਾ ਅਰਥ ਮਨੁੱਖ ਕਰਾਂਗੇ। ਪਟਨਾ ਸਾਹਿਬ ਦੀ ਧਰਤੀ ਤੋਂ 12-13 ਸੌ ਕਿਲੋਮੀਟਰ ਦੂਰ ਬੈਠਾ ਫ਼ਕੀਰ ਗੁਰੂ ਕਲਗੀਧਰ ਜੀ ਦੇ ਦਰਸ਼ਨਾਂ ਨੂੰ, ਬਾਲਾ ਪ੍ਰੀਤਮ ਜੀ ਦੇ ਦਰਸ਼ਨਾਂ ਨੂੰ ਜਾਂਦਾ ਪਿਆ ਹੈ। ਕੀ ਇਹ ਜੰਤ ਅੱਜ ਹਰਿਆਵਲੇ ਨਹੀਂ ਹੋ ਰਹੇ?

ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥

(ਅੰਗ ੩੧੦)

ਹੁਣ ਗੁਰਮੁਖੋ ! ਧੰਨ ਧੰਨ ਪਿਤਾ ਮੇਰੇ ਗੁਰੂ ਤੇਗ ਬਹਾਦਰ ਸੱਚੇ ਪਾਤਿਸ਼ਾਹ ਧਰਮ ਦੀ ਚਾਦਰ ਦਾਤਾ ਜੀ ਅੱਜ ਸਾਰੀ ਰਾਤ ਤੁਸੀਂ ਬਿਸਰਾਮ ਨਹੀਂ ਕਰਨਾ। ਇੱਧਰ ਪੁੱਤਰ ਦੀ

ਆਮਦ ਹੋਣੀ ਹੈ, ਉੱਧਰ ਢਾਕੇ ਦੀ ਧਰਤੀ 'ਤੇ ਚੌਂਕੜਾ ਮਾਰ ਇਕ ਆਸਣ 'ਤੇ ਮੇਰੀ ਸੱਚੀ ਸਰਕਾਰ ਬੈਠੇ ਹਨ। ਧੰਨ ਧੰਨ ਪਿਤਾ, ਗੁਰੂ ਤੇਗ਼ ਬਹਾਦਰ ਜੀ ਆਪ ਧੰਨਤਾ ਯੋਗ ਹੋ। ਧੰਨ ਧੰਨ ਕੁਲ, ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਅੱਗੇ ਵੀ ਤੇਰੀ ਕੁਲ ਧੰਨਤਾ ਯੋਗ ਹੈ, ਇਸ ਤੇਰੀ ਕੁਲ ਵਿਚ ਤੱਤੀ ਤਵੀ 'ਤੇ ਬੈਠਣ ਵਾਲਾ ਪ੍ਰਗਟ ਹੋਇਆ ਹੈ। ਇਸ ਤੇਰੀ ਕੁਲ ਵਿਚ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਾਉਣ ਵਾਲੇ ਦਾਤਾ ਪ੍ਰਗਟ ਹੋਏ ਹਨ। ਤੁਹਾਡੀ ਇਸ ਕੁਲ ਦੇ ਅੰਦਰ ਗੁੰਗਿਆਂ, ਬੋਲਿਆਂ, ਸ਼ੁਦਾਈਆਂ ਤੇ ਕਮਲਿਆਂ ਦੇ ਸਿਰ 'ਤੇ ਛੜੀਆਂ ਰੱਖ ਕੇ ਕਥਾ ਕਰਾਉਣ ਵਾਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਗਟ ਹੋਏ ਹਨ। ਤੇਰੇ ਇਸ ਕੁਲ ਦੇ ਅੰਦਰ ਧਰਮ ਦੀ ਚਾਦਰ ਬਣਨ ਵਾਲੇ ਗੁਰੂ ਤੇਗ਼ ਬਹਾਦਰ ਪ੍ਰਗਟ ਹੋਏ ਹਨ। ਧੰਨ ਗੁਰੂ ਰਾਮਦਾਸ ! ਅੱਜ ਤੇਰੀ ਕੁੱਲ ਦੇ ਅੰਦਰ ਇਕ ਹੋਰ ਭੂਸ਼ਨ ਪ੍ਰਗਟ ਹੋਇਆ, ਜਿਸਦੇ ਵਰਗਾ ਨਾ ਕੋਈ ਪਹਿਲਾਂ ਹੋਇਆ ਹੈ ਤੇ ਨਾ ਇਸਦੇ ਵਰਗਾ ਕੋਈ ਹੋਣਾ ਹੈ। ਅਗਲਾ ਸ਼ਬਦ ਹੈ-

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ

ਮਾਤ ਗੁਜਰੀ ! ਤੁਸੀਂ ਧੰਨਤਾ ਯੋਗ ਹੋ। ਤੁਹਾਡੇ ਵਰਗਾ ਸਿਦਕ ਕਿਸਨੇ ਪਾਲਣਾ ਹੈ?

ਮੈਂ ਪਿਛਲੇ ਦਿਨੀਂ ਅਰਜ਼ ਕੀਤੀ ਸੀ ਕਿ ਕਰਤਾਰਪੁਰ ਸਾਹਿਬ ਦੀ ਧਰਤੀ 'ਤੇ ਭਾਈ ਲਾਲ ਚੰਦ ਦੀ ਸਪੁੱਤਰੀ, ਮਾਤਾ ਬਿਸ਼ਨ ਕੌਰ ਦੀ ਧੀ, ਗੁਰੂ ਤੇਗ਼ ਬਹਾਦਰ ਜੀ ਦੇ ਲੜ ਲੱਗੀ ਸੀ। ਕਰਤਾਪੁਰ ਸਾਹਿਬ ਤੋਂ ਕੀਰਤਪੁਰ ਤੱਕ ਪਤੀ ਦੇ ਹੁਕਮ ਵਿਚ ਰਹਿ ਕੇ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਕੇਵਲ ਗੁਰੂ ਤੇਗ਼ ਬਹਾਦਰ ਜੀ ਦੀ ਵੀ ਤਪੱਸਿਆ ਨਹੀਂ, ਮਾਤ ਗੁਜਰੀ ਦੀ ਸੇਵਾ ਬੰਦਗੀ ਨੂੰ ਵੀ ਨਮਸ਼ਕਾਰ ਹੈ। ਹੇ ਮਾਂ ! ਅੱਜ ਤੁਸੀਂ ਪਟਨਾ ਸਾਹਿਬ ਦੀ ਧਰਤੀ 'ਤੇ ਪਹੁੰਚੇ ਹੋ। ਤੁਹਾਡੀ ਕੁੱਖ ਵਿਚੋਂ ਰਹਿਮਤਾਂ ਦਾ ਦਾਤਾ ਸੱਚਾ ਪਾਤਿਸ਼ਾਹ ਆ ਰਿਹਾ ਹੈ। ਉਸ ਮਾਤ ਗੁਜਰੀ ਦੇ ਚਰਨਾਂ ਵਿਚ ਵੀ ਨਮਸ਼ਕਾਰ ਹੈ।

ਧੰਨ ਧੰਨ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੁ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਏ॥

(ਅੰਗ ੩੧੦)

ਅੱਜ ਗੁਰੂ ਗੋਬਿੰਦ ਸਿੰਘ ਬਾਲਾ ਦੇ ਚਰਨ ਫੜ ਕੇ ਨਮਸ਼ਕਾਰ ਕਰ ਲਉ ਜਿਹੜਾ ਆਪ ਤਾਂ ਤਰਿਆ ਹੈ ਤੇ ਜਿਨ੍ਹਾਂ ਨੂੰ ਕੋਈ ਵੀ ਨਹੀਂ ਸੀ ਜਾਣਦਾ, ਜਿਨ੍ਹਾਂ ਨੂੰ ਨੀਚ ਕਹਿ ਕੇ ਦੁਰਕਾਰਿਆ ਜਾਂਦਾ ਸੀ, ਉਹਨਾਂ ਨੂੰ ਆਪਣੇ ਬੇਟੇ ਕਹਿ ਕੇ ਉੱਚੇ ਰੁਤਬੇ ਦਿੱਤੇ। ਆਪ ਤਰਿਆ ਤੇ ਜਿਸਨੇ ਗੁਰੂ ਕਲਗੀਧਰ ਨੂੰ ਡਿੱਠਾ, ਉਹ ਵੀ ਸੰਸਾਰ ਤੋਂ ਤਰ ਗਿਆ।

ਜਿਹੜੀ ਅਸੀਂ ਤੁੱਕ ਪੜ੍ਹੀ ਹੈ ਕਿ ਅਕਾਲ ਪੁਰਖ ਨੇ ਗੋਦ ਵਿਚ ਬਿਠਾ ਕੇ ਪਿਆਰ ਦੇ ਕੇ ਕਿਹਾ, ਮੈਂ ਤੈਨੂੰ ਆਪਣਾ ਪੁੱਤਰ ਬਣਾ ਕੇ ਭੇਜਣਾ ਹੈ। ਪੰਥ ਦੇ ਪ੍ਰਚਾਰ ਲਈ ਭੇਜਣਾ ਹੈ।

ਬਚਿੱਤਰ ਨਾਟਕ ਦਾ ਅਗਲਾ ਬਚਨ ਹੈ ਕਿ

ਤਾਤ ਮਾਤ ਮੁਰ ਅਲਖ ਅਰਾਧਾ।

ਮਾਂ ਤੇ ਬਾਪੂ ਨੇ ਰੱਜ ਕੇ ਭਗਤੀ ਕੀਤੀ। ਕਰਤਾਰਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਤੇਗ਼ ਬਹਾਦਰ ਜੀ ਦਾ ਆਨੰਦ ਕਾਰਜ ਹੋਇਆ ਮਾਤਾ ਗੁਜਰੀ ਜੀ ਦੇ ਨਾਲ। ਤਿੰਨ ਦਹਾਕਿਆਂ ਦੇ ਕਰੀਬ ਮਾਤ ਗੁਜਰੀ ਨੇ ਤੇ ਗੁਰੂ ਤੇਗ਼ ਬਹਾਦਰ ਜੀ ਨੇ ਅਕਾਲ ਨੂੰ ਅਰਾਧਿਆ ਹੈ। 30 ਸਾਲ ਕੁੱਖ ਵਿਚ ਕੋਈ ਸੰਤਾਨ ਨਹੀਂ। ਇਸਦਾ ਕਾਰਨ ਸੀ ਕਿ ਅਸਲ ਵਿਚ ਇੰਨੇ ਪ੍ਰਤਾਪੀ ਮਹਾਂਬਲੀ ਸੂਰਮੇ ਨੂੰ, ਇੰਨੇ ਪ੍ਰਮਾਤਮਾ ਦੀ ਭਗਤੀ ਵਿਚ ਓਤ ਪੋਤ ਹੋਏ ਕਲਗੀਧਰ ਜੀ ਨੂੰ ਜਨਮ ਦੇਣ ਤੋਂ ਪਹਿਲਾਂ ਇੰਨੇ ਸਾਲਾਂ ਦੀ ਬੰਦਗੀ ਦੇ ਨਾਲ ਉਹ ਕੁੱਖ ਤਿਆਰ ਹੋਈ ਸੀ। ਐਵੇਂ ਨਹੀਂ ਚੰਗੇ ਪੁੱਤਰ ਕੁੱਖਾਂ ਵਿਚੋਂ ਜਨਮ ਲੈਂਦੇ। ਜਾਂ ਮਾਂ ਤੇਰੀ ਪਿਛਲੇ ਜਨਮ ਦੀ ਭਗਤੀ ਹੋਵੇ ਤੇ ਜਾਂ ਇਸ ਜਨਮ ਤੂੰ ਘਾਲਣਾ ਘਾਲੀ ਹੋਵੇ।

ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ ।੩।
ਤਿਨ ਜੋ ਕਰੀ ਅਲਖ ਕੀ ਸੇਵਾ।
ਤਾ ਤੇ ਭਏ ਪ੍ਰਸੰਨ ਗੁਰ ਦੇਵਾ।

ਕਹਿੰਦੇ ਹਨ ਕਿ ਅਲੱਖ ਦੀ ਸੇਵਾ ਕੀਤੀ।

ਤਿਨ ਪ੍ਰਭ ਜਬ ਆਇਸ ਮੁਹਿ ਦੀਆ।
ਤਬ ਹਮ ਜਨਮ ਕਲੂ ਮਹਿ ਲੀਆ ।੪।
ਚਿਤ ਨਾ ਭਯੋ ਹਮਰੋ ਆਵਨ ਕਹ।

ਸਾਡਾ ਚਿੱਤ ਨਹੀਂ ਸੀ ਕਰਦਾ ਇਸ ਧਰਤੀ 'ਤੇ ਆਉਣ ਨੂੰ।

ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿ ਕੇ ਇਹ ਲੋਕ ਪਠਾਯੋ ।੫।

ਇਹ ਕਹਿ ਕੇ ਭੇਜਿਆ ਕਿ

ਮੈ ਅਪਨਾ ਸੁਤ ਤੁਹਿ ਨਿਵਾਜਾ।

ਮੈਂ ਤੈਨੂੰ ਆਪਣਾ ਪੁੱਤਰ ਬਣਾ ਕੇ ਭੇਜਣਾ ਹੈ। ਕਿਸ ਲਈ?

ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ ।੨੯।

ਤੇ ਜਦੋਂ ਕਹਿੰਦੇ ਮੈਂ ਆਪਣਾ ਪੁੱਤਰ ਬਣਾ ਕੇ ਭੇਜਿਆ ਹੈ ਤਾਂ ਸੱਚੇ ਪਾਤਿਸ਼ਾਹ ਹੱਥ ਜੋੜ ਕੇ ਖੜੇ ਹੋ ਗਏ ਤੇ ਇਕ ਬੇਨਤੀ ਕੀਤੀ, ਹੇ ਸੱਚੇ ਪਾਤਿਸ਼ਾਹ !

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ।

ਹੱਥ ਜੋੜ ਕੇ ਮੈਂ ਖੜਾ ਹੋ ਗਿਆ ਤੇ ਸਿਰ ਝੁਕਾ ਕੇ ਬੇਨਤੀ ਕੀਤੀ ਕਿ ਪੰਥ ਚੱਲੇਗਾ ਤੇਰੇ ਨਾਮ ਦਾ ਪਰ ਚੱਲੇਗਾ ਤਾਂ ਜੇ ਪਿਤਾ ਜੀ ਤੁਸੀਂ ਨਾਲ ਹੋਵੋਗੇ।

ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ । ੩੦।

ਹੁਣ ਕਵੀ ਸੰਤੋਖ ਸਿੰਘ ਜੀ ਕਹਿ ਰਹੇ ਹਨ ਕਿ ਉਸ ਅਕਾਲ ਪੁਰਖ ਨੇ ਹਜ਼ੂਰ ਨੂੰ ਗੋਦ ਵਿਚ ਬਿਠਾ ਆਪਣੇ ਵੱਲੋਂ ਪਿਆਰ ਬਖ਼ਸ਼ਿਸ਼ ਕੀਤਾ ਹੈ।

ਇਹ ਨਾਨਕ ਕੀ ਜੋਤ ਮਹਾਂਬਲ ਨਵ ਸਰੀਰ ਬਿਖੇ ਪ੍ਰਸਾਏ।

ਕਹਿਣ ਲੱਗੇ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਹੈ, ਜਿਹੜੀ ਹੁਣ ਨੌਵੇਂ ਸਰੀਰ ਦੇ ਵਿਚ ਵਿਚਰਦੀ ਪਈ ਹੈ। ਕਹਿਣ ਤੋਂ ਮੁਰਾਦ ਕਿ ਗੁਰੂ ਤੇਗ਼ ਬਹਾਦਰ ਜੀ ਦੇ ਰੂਪ ਵਿਚ ਉਹ ਜੋਤ ਸੰਸਾਰ ਦਾ ਭਲਾ ਕਰ ਰਹੀ ਹੈ।

ਸੋ ਤਪਸੀ ਹੈ ਪਿਤਾ ਤੁਹਾਰੋ ਸ਼ਾਂਤ ਮਤੀ ਸਭ ਕੋ ਸਭ ਤਾਏ।

ਕਹਿਣ ਲੱਗੇ ਗੁਰੂ ਤੇਗ਼ ਬਹਾਦਰ ਜੀ ਤੁਹਾਡੇ ਪਿਤਾ ਹੋਣਗੇ, ਜਿਨ੍ਹਾਂ ਦਾ ਅੰਤਰ ਸ਼ਾਂਤ ਹੈ। ਬੈਰਾਗੀ ਹਨ, ਨਾਮ ਰਸਕ ਹਨ ਤੇ ਕਦੀ ਵੀ ਉਹਨਾਂ ਦੇ ਅੰਦਰੋਂ ਵਾਹਿਗੁਰੂ ਜੀ ਦੀ ਯਾਦ ਵਿਸਰੀ ਨਹੀਂ।

ਇਤ ਸ੍ਰੀ ਤੇਗ ਬਹਾਦਰ ਗੁਰ ਜੀ ਬਰਿੰਦ ਤੀਰਥਨ ਤੀਰ ਨਿਵਾਸ।

ਇਧਰ ਦੁਸਟ ਦਮਨ ਸਤਿਗੁਰ ਜੀ ਨੂੰ ਤੋਰਿਆ ਜਾ ਰਿਹਾ ਹੈ। ਮਾਤ ਲੋਕ ਨੂੰ ਆਉਂਦੇ ਪਏ ਹਨ। ਦੂਜੇ ਪਾਸੇ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਇਸ ਮਧਰ ਦੇਸ਼ ਤੋਂ, ਪੰਜਾਬ ਦੀ ਧਰਤੀ ਤੋਂ ਕ੍ਰਿਪਾਲੂ ਦਾਤਾ ਜੀ ਆਪ ਪੂਰਬ ਵਾਲੇ ਪਾਸੇ ਨੂੰ ਲੋਕਾਂ ਦਾ ਉਧਾਰ ਕਰਨ ਲਈ ਤੀਰਥਾਂ 'ਤੇ ਬੈਠੇ ਹੋਏ ਲੋਕਾਂ ਨੂੰ ਜੀਅ ਦਾਨ ਦੇਣ ਲਈ ਪਿਆਨਾ ਕੀਤਾ ਹੈ।

ਸਭਿ ਅਸਥਾਨ ਦਾਨ ਦੇ ਮਾਨਦ ਪਾਵਨ ਤੇ ਪਾਵਨ ਕਰਤਾਸ।

ਗੁਰੂ ਤੇਗ਼ ਬਹਾਦਰ ਜੀ ਜਿਨ੍ਹਾਂ ਜਿਨ੍ਹਾਂ ਥਾਵਾਂ 'ਤੇ ਜਾਂਦੇ ਹਨ ਆਪਣੇ ਪਵਿੱਤਰ ਚਰਨ ਉਸ ਧਰਤੀ 'ਤੇ ਪਾ ਉਸਨੂੰ ਪਵਿੱਤਰ ਪਏ ਕਰਦੇ ਹਨ। ਜਿਹੜੀ ਮੈਲ ਤੀਰਥਾਂ 'ਤੇ ਇਸ਼ਨਾਨ ਕਰਕੇ ਵੀ ਨਹੀਂ ਉਤਰਦੀ ਪਈ, ਪੂਰੇ ਸਤਿਗੁਰੂ ਦੇ ਅੰਮ੍ਰਿਤ ਬਚਨ ਉਸ ਹਜ਼ੂਰ ਕ੍ਰਿਪਾਲੂ ਜੀ ਦੇ ਨਾਮ ਨਾਲ ਉਹਨਾਂ ਦੇ ਚਰਨ ਪੈਣ ਦੇ ਨਾਲ ਸਾਰੇ ਪਾਪ ਦਗਦ ਹੁੰਦੇ ਹਨ।

ਇਸ ਬਿਧ ਕਰੀ ਅਰਾਧਨਾ ਆਲਖ ਰੂਪ ਗੁਰਦੇਵ।

ਗੁਰੂ ਤੇਗ਼ ਬਹਾਦਰ ਜੀ ਜਿੱਥੇ ਵੀ ਗਏ, ਉਹ ਅਲੱਖ ਦੀ ਅਰਾਧਨਾ ਉਸ ਪਰਮ ਪਿਤਾ

ਦੀ ਯਾਦ ਵਿਚ ਜੁੜੇ ਰਹੇ ਹਨ।

ਪਰਮ ਪਰਸੀਦੇ ਜਾਣ ਕੇ ਨਿਸ ਬਾਸਰ ਕੀ ਸੇਵ।

ਗੁਰੂ ਤੇਗ਼ ਬਹਾਦਰ ਜੀ ਦੀ ਨਿਸ ਬਾਸਰ ਦੀ ਭਗਤੀ ਨੂੰ ਸਿਮਰਨ ਨੂੰ ਦੇਖ ਕੇ ਉਹ ਅਕਾਲ ਪੁਰਖ ਵਾਹਿਗੁਰੂ ਜੀ ਰੀਝ ਪਏ ਹਨ।

ਕਹਿੰਦੇ ਹਨ ਉਸ ਅਕਾਲ ਪੁਰਖ ਨੇ ਦੁਸ਼ਟ ਦਮਨ ਸਤਿਗੁਰੂ ਜੀ ਨੂੰ ਆਪਣਾ ਪੁੱਤਰ ਜਾਣ ਕੇ ਭੇਜਣਾ ਹੈ। ਗੁਰੂ ਕਲਗੀਧਰ ਜੀ ਸੋਚ ਰਹੇ ਹਨ ਕਿ ਇਹ ਪੂਰਬਲੇ ਜਨਮ ਦੀ ਗਾਥਾ ਹੈ। ਸਾਨੂੰ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਆਪਣਾ ਪੁੱਤਰ ਬਣਾਉਣਾ ਲੋਚਦੇ ਹਨ।

ਗੁਰੂ ਤੇਗ਼ ਬਹਾਦਰ ਜੀ, ਮਾਤਾ ਗੁਜਰੀ ਜੀ, ਗੁਰੂ ਤੇਗ਼ ਬਹਾਦਰ ਜੀ ਦੇ ਮਾਤਾ ਮਾਤਾ ਨਾਨਕੀ ਜੀ, ਭਾਈ ਦਇਆਲ ਦਾਸ ਜੀ, ਭਾਈ ਮੇਹਰ ਚੰਦ ਵਰਗੇ ਜਿਹੜੇ ਗੁਰਸਿੱਖ ਹਨ ਉਹ ਤਰਬੈਨੀ ਜਾ ਪਹੁੰਚੇ ਹਨ। ਛੇ ਮਹੀਨੇ ਤਰਬੈਨੀ ਪਹੁੰਚਿਆਂ ਹੋ ਗਏ ਹਨ।

ਉਸ ਤਰਬੈਨੀ ਦੀ ਧਰਤੀ 'ਤੇ ਅਨੇਕਾਂ ਜੀਵਾਂ ਨੂੰ ਪੁੰਨ ਦਾਨ ਤੋਂ ਭਾਵ ਉਹਨਾਂ ਨੂੰ ਨਾਮ ਦਾ ਦਾਨ ਦਿੱਤਾ ਤੇ ਇਥੇ ਹੀ ਗੁਰੂ ਕਲਗੀਧਰ ਪਾਤਿਸ਼ਾਹ ਮੇਹਰ ਪਏ ਕਰਦੇ ਹਨ ਕਿ ਸਾਡਾ ਨਿਵਾਸ ਮਾਤਾ ਜੀ ਦੀ ਕੁੱਖ ਵਿਚ ਹੋਇਆ ਹੈ। ਸਤਿਗੁਰੂ ਨੇ ਇਹੀ ਬਚਨ ਦਸਮ ਗ੍ਰੰਥ ਦੀ ਬਾਣੀ ਵਿਚ ਕਹੇ-

ਮੁਰ ਪਿਤ ਪੂਰਬ ਕੀਯਸਿ ਪਯਾਨਾ।
ਭਾਂਤਿ ਭਾਂਤਿ ਕੇ ਤੀਰਥਿ ਨਾਨਾ।
ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ ।੧।
ਤਹੀ ਪ੍ਰਕਾਸ ਹਮਾਰਾ ਭਯੋ।
ਪਟਨਾ ਸਹਰ ਬਿਖੈ ਭਵ ਲਯੋ।

ਕਹਿੰਦੇ ਹਨ, ਉਸ ਤਰਬੈਣੀ ਦੀ ਧਰਤੀ 'ਤੇ ਸਾਡਾ ਪ੍ਰਕਾਸ਼ ਮਾਤਾ ਗੁਜਰੀ ਜੀ ਦੀ ਕੁੱਖ ਵਿਚੋਂ ਹੋਇਆ। ਇਥੇ ਕਵੀ ਜੀ ਕਹਿ ਰਹੇ ਹਨ ਕਿ ਛੇ ਮਹੀਨੇ ਤਰਬੈਨੀ ਬਤੀਤ ਹੋ ਚੁੱਕੇ ਹਨ। ਹੁਣ ਮਾਤਾ ਗੁਜਰੀ ਜੀ ਦੇ ਅੰਦਰ ਜਦੋਂ ਉਸ ਪਿਆਰੇ ਸਤਿਗੁਰ ਜੀ ਦਾ ਨਿਵਾਸ ਹੈ ਤੇ ਕਹਿੰਦੇ ਹਨ ਮਾਤਾ ਦੀ ਸ਼ੋਭਾ ਬਿਆਨ ਨਹੀਂ ਕੀਤੀ ਜਾ ਸਕਦੀ। ਉਹਨਾਂ ਦੇ ਚਿਹਰੇ 'ਤੇ ਬੜੀ ਸ਼ਾਂਤੀ ਹੈ। ਅਸਲ ਵਿਚ ਪਹਿਲਾਂ ਵੀ ਪੂਰਨ ਟਿਕਾਅ ਸੀ ਤੇ ਗੁਰਮੁਖੋ ! ਅੱਜ ਤਾਂ ਇਹ ਸੰਸਾਰੀ ਲੋਕ ਵੀ ਮੰਨਦੇ ਪਏ ਹਨ ਕਿ ਚੰਗੀ ਸੰਤਾਨ ਕੁੱਖ ਵਿਚ ਪੈਰ ਧਰਦੀ ਹੈ ਤਾਂ ਮਾਂ ਦੇ ਵਰਤਣ-ਵਿਹਾਰ ਵਿਚ ਤਬਦੀਲੀ ਆ ਜਾਂਦੀ ਹੈ ਤੇ ਜਿੱਥੇ ਰਹਿਮਤਾਂ ਦਾ ਸਾਈਂ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਨੇ ਨਿਵਾਸ ਕੀਤਾ ਹੈ, ਉਹ ਕੁੱਖ ਤੇ ਉਹ ਸਮਾਂ ਕਿੰਨਾ ਭਾਗਾਂ ਵਾਲਾ ਹੋਵੇਗਾ। ਮਾਤਾ ਗੁਜਰੀ ਜੀ ਨੂੰ ਦੇਖਕੇ ਮਾਤਾ ਨਾਨਕੀ ਜੀ ਅੱਤ ਦੇ ਪ੍ਰਸੰਨ ਹਨ।

ਜਿਹੜੇ ਜਿਹੜੇ ਵੀ ਮਾਤਾ ਗੁਜਰੀ ਜੀ ਨੂੰ ਦੇਖਦੇ ਹਨ ਉਹ ਪ੍ਰਸੰਨ ਹੁੰਦੇ ਹਨ, ਕਿਉਂਕਿ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਦੇ ਘਰ ਦੀਨ ਦੁਨੀ ਦੇ ਸਾਈਂ ਆ ਰਹੇ ਹਨ। ਉਸ ਵੇਲੇ ਮਾਤਾ ਨਾਨਕੀ ਜੀ ਜਦੋਂ ਆਪਣੀ ਨੂੰਹ ਨੂੰ ਦੇਖਦੇ ਹਨ ਤਾਂ ਉਹਨਾਂ ਦੇ ਅੰਦਰ ਦਾ ਚਾਅ ਝੱਲਿਆ ਨਹੀਂ ਜਾਂਦਾ। ਆਪਣੇ ਪਤੀ ਗੁਰੂ ਹਰਿਗੋਬਿੰਦ ਸਾਹਿਬ ਉਹਨਾਂ ਦੇ ਬਚਨ ਵੀ ਉਹਨਾਂ ਨੂੰ ਯਾਦ ਆਉਂਦੇ ਹਨ।

ਦਾਨ ਬਹੁਤ ਰੰਕਨ ਕੋ ਦੀਨਸ ਲੇਤ ਆਸ ਕੋ ਹਰਿਖਾਏ।

ਮਾਤਾ ਨਾਨਕੀ ਜੀ ਨੇ ਅਨੇਕਾਂ ਗ਼ਰੀਬਾਂ ਨੂੰ ਦਾਨ ਪੁੰਨ ਕੀਤਾ ਹੈ। ਲੋੜਵੰਦ ਆਉਂਦੇ ਹਨ, ਉਹਨਾਂ ਨੂੰ ਬਸਤਰ, ਅੰਨ, ਪੈਸਾ ਜੋ ਕੁਝ ਵੀ ਕੋਈ ਮੰਗੇ, ਮੂੰਹ ਮੰਗੀ ਰਹਿਮਤ ਮਿਲਦੀ ਹੈ।

ਮਹਾ ਪ੍ਰਤਾਪੀ ਸੁਤ ਕੇ ਸੁਤ ਹਵੇ ਪਤ ਕੋ ਬਾਤ ਅਬੇ ਬਿਧਤਾਏ।

ਇਹ ਅੱਜ ਮਾਤਾ ਨਾਨਕੀ ਜੀ ਦੇ ਕੰਨਾਂ ਵਿਚ ਆਵਾਜ਼ ਤਰਬੈਨੀ ਦੀ ਧਰਤੀ 'ਤੇ ਗੂੰਜਦੀ ਹੈ ਜਿਹੜੀ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਪਤੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ ਸੀ। ਉਹ ਕਿਹੜੀ ਗੱਲ ਸੀ? ਜਿਸ ਦਿਨ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾ ਗੱਦੀ ਆਪਣੇ ਪੋਤੇ ਗੁਰੂ ਹਰਿਰਾਏ ਸਾਹਿਬ ਨੂੰ ਦੇ ਦਿੱਤੀ। ਮਾਤ ਨਾਨਕੀ ਜੀ ਨੇ ਸੱਚੇ ਪਾਤਿਸ਼ਾਹ ਨੂੰ ਪ੍ਰਸ਼ਾਦ ਪਾਣੀ ਛਕਾਂਦਿਆਂ ਇਕ ਬੇਨਤੀ ਕੀਤੀ ਸੀ ਦਾਤਾ ਜੀ ! ਦੇਖੋ ਹਰਿਰਾਏ ਸਤਿਗੁਰੂ ਬਣ ਗਏ ਹਨ, ਮੇਰਾ ਪੁੱਤਰ ਇਸ ਵਿਚ ਈਰਖਾ ਨਹੀਂ ਰੱਖਦੇ। ਆਪ ਜੀ ਪਿਆਨਾ ਪਏ ਕਰਦੇ ਹੋ, ਮੇਰਾ ਪੁੱਤਰ ਤੇਗ਼ ਬਹਾਦਰ ਨਾ ਤਾਂ ਕਦੀ ਕਿਸੇ ਮਸੰਦ ਨੂੰ ਮਿਲਦਾ ਹੈ, ਨਾ ਇਹ ਸੰਗਤ ਵਿਚ ਚੋਖਾ ਵਿਚਰਦਾ ਹੈ। ਜਦੋਂ ਤੁਸੀਂ ਸਾਹਮਣੇ ਆਉਂਦੇ ਹੋ ਤੇ ਮੇਰਾ ਪੁੱਤਰ ਨੀਵੀਂ ਪਾ ਕੇ ਬੈਠ ਜਾਂਦਾ ਹੈ। ਧਨ ਇਹ ਨਹੀਂ ਕਮਾਉਂਦਾ ਪਿਆ, ਸੰਬੰਧ ਇਸਦੇ ਲੋਕਾਂ ਨਾਲ ਨਹੀਂ ਤੇ ਤੁਸੀਂ ਇਕ ਕ੍ਰਿਪਾ ਕਰੋ ਦੱਸੋ ਮੇਰੇ ਪੁੱਤਰ ਦਾ ਗੁਜ਼ਾਰਾ ਤੁਹਾਡੇ ਤੋਂ ਬਿਨਾਂ ਕਿਵੇਂ ਹੋਵੇਗਾ?

ਹਜ਼ੂਰ ਉਸ ਦਿਨ ਤਰੁੱਠੇ ਤੇ ਤਿੰਨ ਦਾਤਾਂ ਦਿੱਤੀਆਂ ਸਨ। ਇਕ ਆਪਣਾ ਹੱਥ ਪੂੰਝਣ ਵਾਲਾ ਰੁਮਾਲ ਦੇ ਦਿੱਤਾ। ਕਹਿਣ ਲੱਗੇ ਨਾਨਕੀ ਝੋਲੀ ਕਰ, ਮੈਂ ਰੁਮਾਲ ਤੇਰੀ ਝੋਲੀ ਵਿਚ ਪਾਉਂਦਾ ਹਾਂ। ਇਕ ਸਿੱਖ ਵਿਦਾਵਨ ਕਹਿੰਦਾ ਹੈ ਅਸਲ ਵਿਚ ਬਾਪੂ ਦਾ ਦਿੱਤਾ ਹੋਇਆ ਰੁਮਾਲ ਹੀ ਚਾਦਰ ਬਣ ਗਿਆ ਸੀ। ਜਿਸ ਦਿਨ ਹਿੰਦੋਸਤਾਨ ਦੀ ਪਤ ਦਾ ਨੰਗੇਜ ਹੋਣ ਲੱਗਾ ਤੇ ਬਾਪੂ ਦਾ ਰੁਮਾਲ ਚਾਦਰ ਬਣ ਗਿਆ ਤੇ ਪੁੱਤਰ ਨੇ ਚਾਦਰ ਬੰਨ੍ਹ ਕੇ ਇਥੋਂ ਦੇ ਹਿੰਦੂ ਧਰਮ ਦੀ ਪਤ ਨੂੰ ਢੱਕ ਲਿਆ। ਦੂਜੀ ਦਾਤ ਆਪਣੇ ਕੋਲੋਂ ਇਕ ਕਟਾਰ ਦਿੱਤੀ ਸੀ ਤੇ ਇਕ ਪੋਥੀ ਦਿੱਤੀ। ਮੁਸਕਰਾ ਕੇ ਕਿਹਾ ਨਾਨਕੀ ! ਸਮਾਂ ਅਜੇ ਨਹੀਂ ਆਇਆ। ਇਹ ਕਟਾਰ ਮੇਰੇ ਪੋਤੇ ਨੂੰ ਦੇਵੀਂ। ਜਦੋਂ ਪੋਤਾ ਸ਼ਬਦ ਸੁਣਿਆ ਤਾਂ ਮਨ ਚਾਅ ਵਿਚ ਆ ਗਿਆ ਕਿ ਆਖ਼ਿਰ ਮੇਰੇ ਪੁੱਤਰ ਗੁਰੂ ਤੇਗ਼ ਬਹਾਦਰ ਜੀ ਬਣਨਗੇ। ਕਹਿਣ ਲੱਗੇ ਇਹ ਰੁਮਾਲ ਮੇਰੇ ਪੁੱਤਰ ਨੂੰ ਦੇਈਂ। ਕਟਾਰ ਮੇਰੇ ਪੋਤੇ ਨੂੰ ਦੇਈਂ ਤੇ ਪੋਥੀ ਮੇਰੀ ਨੂੰਹ ਨੂੰ ਦੇਈਂ। ਇਹ ਸ਼ਬਦ ਦ੍ਰਿੜ੍ਹ ਕਰਕੇ ਰੱਖੇ ਕਿ ਤੇਰੇ ਪੁੱਤਰ ਨੇ ਇਕ ਦਿਨ ਇਸ ਜੋਤ ਦਾ ਮਾਲਕ ਬਣਨਾ ਹੈ, ਪਰ ਸਮੇਂ ਤੋਂ ਪਹਿਲਾਂ ਨਹੀਂ। ਅੱਜ ਤੂੰ

ਕਹਿੰਦੀ ਹੈਂ, ਮੇਰਾ ਪੁੱਤਰ ਮਸੰਦਾਂ ਨੂੰ ਨਹੀਂ ਮਿਲਦਾ, ਮੇਰਾ ਪੁੱਤਰ ਸੰਗਤ ਵਿਚ ਨਹੀਂ ਵਿਚਰਦਾ, ਕਹਿਣ ਲੱਗੇ ਅਸਲ ਵਿਚ ਜਿਨ੍ਹਾਂ ਅੰਦਰ ਇਸਦਾ ਟਿੱਕਿਆ ਹੋਇਆ ਹੈ, ਆਉਣ ਵਾਲੇ ਸਮੇਂ ਵਿਚ ਜੋ ਕੁਝ ਇਸਨੇ ਕਰ ਜਾਣਾ ਹੈ, ਨਾ ਪਹਿਲਾਂ ਨਾਨਕੀ ਕਿਸੇ ਕੀਤਾ ਹੈ ਤੇ ਨਾ ਅਗਾਂਹ ਕੋਈ ਕਰੇਗਾ ਤੇ ਜਿਹੜਾ ਪ੍ਰਤਾਪੀ ਪੋਤਾ ਤੇਰੇ ਘਰ ਪੈਦਾ ਹੋਣਾ ਹੈ, ਸੱਚ ਜਾਣੀ, ਸੰਸਾਰ ਵਿਚ ਉਸਦਾ ਸਾਨੀ ਵੀ ਕੋਈ ਨਹੀਂ।

ਅੱਜ ਮਾਤਾ ਨਾਨਕੀ ਜੀ ਨੂੰ ਚੇਤੇ ਆਉਂਦਾ ਹੈ ਕਿ ਮਾਨੋ ਮੈਂ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਬੈਠੀ ਹਾਂ ਤੇ ਮੇਰੇ ਪਤੀ ਮੇਰੀ ਝੋਲੀ ਵਿਚ ਰੁਮਾਲ ਪਏ ਪਾਉਂਦੇ ਹਨ, ਕਟਾਰ ਦਿੰਦੇ ਹਨ ਤੇ ਪੋਥੀ ਦਿੰਦੇ ਹਨ, ਨਾਲੇ ਕਹੀ ਜਾ ਰਹੇ ਹਨ ਕਿ ਨਾਨਕੀ ! ਸਮਾਂ ਆਵੇਗਾ ਤੇਰੇ ਘਰ ਦੇ ਅੰਦਰ ਬਿਲਕੁਲ ਵੀ ਲਜਿਆ ਮਹਿਸੂਸ ਨਹੀਂ ਕਰਦਾ। ਉਦਰ ਵਿਚ ਅਜੇ ਨਿਵਾਸ ਕੀਤਾ ਹੈ ਤੇ ਮਾਤਾ ਨਾਨਕੀ ਜੀ ਨੇ ਅੱਜ ਸਾਰੇ ਗੁਰੂ ਸਹਿਬਾਨਾਂ ਨੂੰ ਚੇਤੇ ਕੀਤਾ ਹੈ। ਕੜਾਹ ਪ੍ਰਸ਼ਾਦਿ ਦੀ ਦੇਗ ਬਣਾਈ ਕਿ ਹੇ ਮੇਰੇ ਮਾਲਕਾ ! ਅੱਜ ਸੁਭਾਗ ਘੜੀ ਆਈ ਹੈ, ਤੂੰ ਮੇਹਰ ਕੀਤੀ ਮੇਰੇ ਇਸ ਘਰ ਵਿਚ ਉਹ ਆਏ ਜਿਹੜਾ ਗੁਰੂ ਨਾਨਕ ਸਾਹਿਬ ਦੇ ਨਾਮ ਨੂੰ ਚਾਰ-ਚੱਕਾਂ ਵਿਚ ਰੁਸ਼ਨਾ ਦੇਵੇ। ਅੱਜ ਮਾਤਾ ਜੀ ਨੇ ਦੇਗ ਤਿਆਰ ਕੀਤੀ, ਸਿੱਖ ਸੰਗਤ ਨੇ ਅਰਦਾਸ ਕੀਤੀ ਹੈ।

ਮਹਿਮਾ ਮਹਾ ਪੁਤਰ ਕੀ ਜਾਨਤ ਜਾਪੈ ਉਤਸਵ ਕੋ ਅਧਕਾਏ।

ਮਾਤਾ ਨਾਨਕੀ ਆਪਣੇ ਪੋਤਰੇ ਦੀ ਮਹਿਮਾ ਨੂੰ ਜਾਣਦੀ ਹੈ। ਸੱਚ ਹੈ ਮਾਤ ਨਾਨਕੀ ! ਤੇਰੇ ਪੋਤੇ ਦਾ ਸਾਨੀ ਇਸ ਦੁਨੀਆਂ 'ਤੇ ਕੋਈ ਨਹੀਂ। ਮੈਂ ਕਹਿੰਦਾ ਹਾਂ ਹੇ ਸੱਚੇ ਪਾਤਿਸ਼ਾਹ ਗੁਰੂ ਕਲਗੀ ਵਾਲਿਆ ! ਤੇਰੀ ਕੁਲ ਵਿਚੋਂ ਕਿਸ ਕਿਸ ਦਾ ਨਾਮ ਲੈ ਕੇ ਦੱਸਾਂ ਕਿ ਕਿੰਨੇ ਉਹ ਮਹਾਨ ਹਨ। ਸੱਚੇ ਪਾਤਿਸ਼ਾਹ ! ਤੂੰ ਦਾਦੇ ਕਰਕੇ ਵੀ ਮਹਾਨ ਹੈਂ, ਤੂੰ ਪਿਤਾ ਕਰਕੇ ਵੀ ਮਹਾਨ ਹੈਂ, ਤੂੰ ਪੁੱਤਰਾਂ ਕਰਕੇ ਵੀ ਮਹਾਨ ਹੈਂ, ਮਾਂ ਕਰਕੇ ਵੀ ਮਹਾਨ ਹੈਂ ਤੇ ਸੱਚ ਜਾਣੀ 42 ਸਾਲ ਦੀ ਉਮਰ ਵਿਚ ਜਿੰਨੇ ਬਚਿੱਤਰ ਨਾਟਕ ਤੁਸੀਂ ਖੇਡ ਗਏ ਆਪਣੀ ਜ਼ਿੰਦਗੀ ਵਿਚ, ਤੂੰ ਆਪ ਹੀ ਮਹਾਨ ਹੈਂ।

ਮਨ ਹੀ ਮਨ ਇਹ ਮਨਾਵਤ ਪ੍ਰਭ ਕੋ ਇਕ ਓਅੰਕਾਰ ਸਭਨ ਕੋ ਰਾਏ।

ਮਨ ਹੀ ਮਨ ਵਿਚ ਮਾਤਾ ਨਾਨਕੀ ਪ੍ਰਭੂ ਦਾ ਸ਼ੁਕਰਾਨਾ ਪਈ ਕਰਦੀ ਹੈ। ਸਿਮਰਨ ਦਿਨ ਰਾਤ ਕਰਨ ਲੱਗ ਪਏ ਹਨ। ਮਾਤ ਗੁਜਰੀ ਜੀ ਪਹਿਲਾਂ ਵੀ ਸਿਮਰਨ ਉਹ ਨਿਰੰਤਰ ਕਰਦੇ ਸਨ। ਜਿਸ ਦਿਨ ਕੁੱਖ ਵਿਚ ਸੱਚੀ ਸਰਕਾਰ ਆਏ ਹਨ, ਮਾਤ ਗੁਜਰੀ ਦਾ ਕੋਈ ਪੱਲ ਗੁਰਬਾਣੀ ਦੇ ਨਾਮ ਤੋਂ ਬਿਨਾਂ ਵਿਅਰਥ ਨਹੀਂ ਗਿਆ।

ਕਰੋ ਮਨੋਰਥ ਪੂਰਨ ਮਮ ਅਬ ਰਹੋ ਪਰੀਜਕ ਬਰਕ ਬਤਾਏ।

ਹੇ ਮੇਰੇ ਮਾਲਕ ਜੀ ! ਤੁਸੀਂ ਕਰੋ ਕ੍ਰਿਪਾ, ਮੇਰੇ ਮਨ ਦੇ ਮਨੋਰਥ ਨੂੰ ਪੂਰਾ ਕਰੋ। ਮੈਂ ਕਈ ਸਾਲਾਂ ਤੋਂ ਇੰਤਜ਼ਾਰ ਕਰਦੀ ਸਾਂ ਕਿ ਮੇਰੇ ਪੁੱਤਰ ਦੇ ਇਸ ਘਰ ਨੂੰ ਭਾਗ ਲੱਗੇ। ਉਹ ਸੁਲੱਖਣੀ ਘੜੀ ਤੁਸੀਂ ਹੁਣ ਬਖ਼ਸ਼ਿਸ਼ ਕੀਤੀ ਹੈ।

ਸਦ ਬਲਿਹਾਰ ਜਾਉ ਤਿਸ ਦਿਨ ਪਰ ਸੁਤ ਕੋ ਸੁਤ ਜਬ ਮੁਖ ਦਿਖਰਾਏ।

ਮਾਤਾ ਨਾਨਕੀ ਜੀ ਕਹਿੰਦੇ ਹਨ ਕਿ ਮੈਂ ਉਸ ਦਿਨ ਤੋਂ ਬਲਿਹਾਰਨੇ ਜਾਵਾਂ ਜਿਸ ਦਿਨ ਮੈਂ ਆਪਣੇ ਸੁੱਤ ਦੇ ਸੁੱਤ ਦਾ ਮੁੱਖ ਵੇਖਣਾ ਹੈ।

ਹਜ਼ੂਰ ਇਸ ਤਰਬੈਨੀ ਦੀ ਧਰਤੀ ਤੋਂ ਪਟਨਾ ਸਾਹਿਬ ਜਾ ਪਹੁੰਚੇ ਹਨ। ਇੱਧਰ ਗੁਰੂ ਕਲਗੀਧਰ ਜੀ ਦੀ ਆਮਦ ਹੋਣੀ ਹੈ। ਸਾਲਸ ਰਾਏ ਜੌਹਰੀ ਦੇ ਉਸ ਘਰ ਨੂੰ ਅੱਜ ਭਾਗ ਲੱਗਾ ਹੈ। ਜਿਹੜਾ ਕਈ ਸਾਲ ਪਹਿਲਾਂ ਬਚਨ ਕਿਹਾ ਸੀ ਕਿ ਤੇਰੇ ਘਰ ਕਈ ਸਾਲ ਅਸੀਂ ਰਹਾਂਗੇ। ਉਸ ਘਰ ਵਿਚ ਅੱਜ ਖੇੜਾ ਆ ਗਿਆ ਹੈ। ਸਾਹਿਬ ਤੁਰਨ ਲੱਗੇ ਨੇ ਆਪ ਆਸਾਮ ਦੀ ਧਰਤੀ ਨੂੰ। ਮੈਂ ਕਹਿੰਦਾ ਹਾਂ, ਕਿਹੜਾ ਗ੍ਰਹਿਸਤੀ ਹੈ ਜਿਸ ਦੇ ਘਰ ਇੰਨੇ ਸਾਲ ਬਾਅਦ ਰੱਬ ਨੇ ਪੁੱਤਰ ਦੇਣਾ ਹੋਵੇ ਤੇ ਆਪਣੀ ਇਸਤਰੀ ਨੂੰ, ਆਪਣੇ ਪਰਿਵਾਰ ਨੂੰ ਛੱਡ ਕੇ ਚਲਾ ਜਾਵੇ। ਘਰ ਵਿਚ ਖ਼ੁਸ਼ੀ ਹੈ, ਪਰ ਲੋਕਾਂ ਦੇ ਹੰਝੂ ਵੇਖਕੇ ਆਪਣੀ ਘਰ ਦੀ ਖ਼ੁਸ਼ੀ ਵੀ ਉਹਨਾਂ ਦੇ ਹੰਝੂਆਂ ਤੋਂ ਵਾਰਦੇ ਪਏ ਹਨ। ਪਿਤਾ ਜੀ ਆਸਾਮ ਨੂੰ ਜਾਂਦੇ ਪਏ ਹਨ। ਮਾਤਾ ਨਾਨਕੀ ਜੀ ਨੂੰ ਪਿੱਛੇ ਘਰ ਟਿਕਾਅ ਦਿੱਤਾ ਹੈ ਮਾਤਾ ਗੁਜਰੀ ਦੇ ਕੋਲ। ਤੀਜੇ ਹਨ ਮਾਮਾ ਕ੍ਰਿਪਾਲ ਚੰਦ ਘਰ ਅੰਦਰ ਤੇ ਚੌਥੇ ਹਨ ਸਤਿਕਾਰ ਯੋਗ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਭਾਈ ਦਇਆਲ ਦਾਸ ਜੀ ਜਿਹੜੇ ਦੇਗ ਵਿਚ ਉਬਾਲੇ ਗਏ। ਹਜ਼ੂਰ ਜੀ ਭਾਈ ਦਇਆਲਾ ਜੀ ਨੂੰ ਭਈਆ ਜੀ ਕਹਿ ਕੇ ਪੁਕਾਰਦੇ ਸਨ।

ਹਜ਼ੂਰ ਤੁਰਨ ਲੱਗੇ, ਭਾਈ ਦਇਆਲ ਦਾਸ, ਮਾਮਾ ਕ੍ਰਿਪਾਲ ਚੰਦ, ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ ਇਹਨਾਂ ਨੂੰ ਪਿੱਛੇ ਛੱਡ ਆਏ। ਕਹਿ ਕੇ ਗਏ ਕਿ ਉਸ ਅਕਾਲ ਨੇ ਪੁੱਤਰ ਦੀ ਦਾਤ ਦੇਣੀ ਹੈ ਤੇ ਮੇਰੇ ਪੁੱਤਰ ਦਾ ਨਾਮ ਗੋਬਿੰਦ ਦਾਸ ਰੱਖਿਉ। ਹਜ਼ੂਰ ਪਟਨਾ ਸਾਹਿਬ ਦੀ ਧਰਤੀ ਤੋਂ ਚੱਲ ਪਏ ਹਨ। ਇਹ ਪਰਿਵਾਰ ਉਸ ਦਿਨ ਦੀ ਇੰਤਜ਼ਾਰ ਕਰਦਾ ਪਿਆ ਹੈ ਜਦੋਂ ਕਲਗੀਧਰ ਜੀ ਨੇ ਪ੍ਰਗਟ ਹੋਣਾ ਹੈ। ਪੋਹ ਸੁਦੀ ਸਪਤਮੀ ਆਉਂਦੀ ਪਈ ਹੈ। 22 ਦਸੰਬਰ ਸੰਨ 1666 ਦਾ ਦਿਨ ਪਿਆ ਆਉਂਦਾ ਹੈ। ਹੁਣ ਕਵੀ ਜੀ ਨੇ ਆਗਮਨ ਤੋਂ ਪਹਿਲਾਂ ਮੇਰੇ ਗੁਰੂ ਜੀ ਕਾ ਮੰਗਲ ਕੀਤਾ ਹੈ ਕਿ ਹੇ ਗੁਰੂ ਗੋਬਿੰਦ ਸਿੰਘ ਜੀ ਤੁਸੀਂ ਕੌਣ ਹੋ? ਉਹ ਮੰਗਲ ਕਰਦਿਆਂ ਕਹਿ ਰਹੇ ਹਨ ਕਿ ਖ਼ੁਸ਼ੀਆਂ ਵਿਚੋਂ ਵੱਡੀ ਖ਼ੁਸ਼ੀ ਹੈ ਗੁਰੂ ਗੋਬਿੰਦ ਸਿੰਘ। ਇਸਦਾ ਅਰਥ ਜਿਸਨੂੰ ਕਿਤੋਂ ਵੀ ਖ਼ੁਸ਼ੀ ਨਹੀਂ ਮਿਲਦੀ, ਗੁਰੂ ਗੋਬਿੰਦ ਸਿੰਘ ਦੇ ਚਰਨ ਫੜੇ, ਉਹ ਖ਼ੁਸ਼ੀਆਂ ਵਿਚੋਂ ਵੱਡੀ ਖ਼ੁਸ਼ੀ ਦਿੰਦੇ ਹਨ। ਉਹਨਾਂ ਕੋਲ ਕੇਵਲ ਖੇੜੇ ਤੇ ਖ਼ੁਸ਼ੀਆਂ ਹਨ।

ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ—

ਗੁਰੂ ਕਲਗੀਧਰ ਪਾਤਿਸ਼ਾਹ ਉਹ ਤੇਜ ਵਿਚੋਂ ਮਹਾਨ ਤੇਜ ਹਨ। ਗੁਰੂ ਕਲਗੀਧਰ ਪਾਤਿਸ਼ਾਹ ਜਿੰਨੇ ਮਰਜ਼ੀ ਬਾਹੂ-ਬਲੀ ਆ ਜਾਣ, ਤਾਕਤਾਂ ਵਿਚੋਂ ਸਭ ਤੋਂ ਵੱਡੀ ਤਾਕਤ ਦੇ ਮਾਲਕ ਹਨ। ਕਹਿਣ ਲੱਗੇ ਉਹ ਆਏ ਹਨ ਧਰਮ ਦੀ ਮਰਿਆਦਾ ਨੂੰ ਟਿਕਾਉਣ ਲਈ, ਉਹ ਆਏ ਹਨ ਰੱਬ ਦੇ ਸੰਤ ਜਨਾਂ ਨੂੰ ਉਧਾਰਨ ਲਈ, ਉਹ ਆਏ ਹਨ ਜ਼ੁਲਮ ਦੀਆਂ ਜੜ੍ਹਾਂ

ਨੂੰ ਉਖੇੜਨ ਲਈ।

ਕਵੀ ਜੀ ਕਹਿੰਦੇ ਹਨ ਕਿ ਜ਼ਾਲਮ ਜਿਹੜੇ ਕਈ ਸਦੀਆਂ ਤੋਂ ਜ਼ੁਲਮ ਪਏ ਕਰਦੇ ਹਨ ਉਹਨਾਂ ਦੀਆਂ ਜੜ੍ਹਾਂ ਨੂੰ ਹਿਲਾਉਣ ਲਈ ਆਏ ਹਨ ਗੁਰੂ ਗੋਬਿੰਦ ਸਿੰਘ ਜੀ। ਕਵੀ ਜੀ ਕਹਿੰਦੇ ਹਨ ਕਿ ਆਉ ਉਸ ਗੁਰੂ ਦੇ ਆਉਣ ਤੋਂ ਪਹਿਲਾਂ ਉਸਦੀ ਸਿਫ਼ਤ ਜ਼ਰੂਰ ਕਰੀਏ। ਗੁਰੂ ਗੋਬਿੰਦ ਸਿੰਘ ਉਸ ਸ਼ੇਰ ਦੀ ਤਰ੍ਹਾਂ ਹਨ ਜਿਹੜਾ ਨਦੀ ਵਿਚ ਚੱਲਦਾ ਹੈ ਪਰ ਇਹ ਨਹੀਂ ਜਿੱਧਰ ਪਾਣੀ ਦਾ ਪ੍ਰਵਾਹ ਹੋਵੇ ਤੇ ਸ਼ੇਰ ਉਧਰ ਨੂੰ ਚਲਿਆ ਜਾਏ। ਜਦੋਂ ਸ਼ੇਰ ਚੱਲਦਾ ਹੈ ਤਾਂ ਉਹ ਹਮੇਸ਼ਾ ਪਾਣੀ ਤੋਂ ਉਲਟ ਚੱਲਦਾ ਹੈ। ਕਹਿਣ ਲੱਗੇ ਇਥੋਂ ਦੇ ਪਾਖੰਡੀ ਪਹਾੜੀ ਰਾਜੇ ਇਹ ਮਾਨੋ ਨਦੀ ਦੀ ਤਰ੍ਹਾਂ ਹਨ। ਖ਼ੁਸ਼ਾਮਦੀ ਲੋਕ ਤਾਂ ਇਸਦੇ ਵਿਚ ਵਹਿ ਜਾਣਗੇ ਪਰ ਉਲਟਾ ਮੁਖ ਕਰਕੇ ਅਕਾਲ ਪੁਰਖ ਵਾਲੇ ਪਾਸੇ ਚੱਲਣਗੇ ਤੇ ਇਹਨਾਂ ਪਾਖੰਡੀਆਂ ਦੀ ਬੋਲੀ ਕਦੀ ਨਹੀਂ ਬੋਲਣਗੇ।

ਧੰਨ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਹਿੰਦੂ ਧਰਮ ਦੇ ਰਕਸ਼ਕ ਬਣ ਕੇ ਆਏ ਹਨ। ਪਿਤਾ ਨੂੰ ਤਿਲਕ ਤੇ ਜੰਞੂ ਦੀ ਖ਼ਾਤਰ ਤੋਰਨ ਵਾਲੇ ਹਨ। ਗੁਰੂ ਕਲਗੀਧਰ ਪਾਤਿਸ਼ਾਹ ਸਰਬੋਤਮ ਪੰਥ ਖਾਲਸਾ ਪੰਥ ਨੂੰ ਸਾਜਨ ਆਏ ਹਨ। ਜਿਸ ਦੀ ਤਾਕਤ, ਜਿਸਦਾ ਬੱਲ, ਜਿਸਦਾ ਹੌਸਲਾ, ਜਿਸਦੀ ਦ੍ਰਿੜ੍ਹਤਾ ਨੂੰ ਦੇਖਕੇ ਵੱਡੇ ਵੱਡੇ ਲੋਕ ਦੰਗ ਰਹਿ ਜਾਣਗੇ।

ਕਵਿ ਸਿੰਘ ਕਹੇ ਅਵਤਾਰ ਭਇਓ ਹਮ ਜੈਸੇ ਗਰੀਬ ਨਿਵਾਜਨ ਕੋ।

ਕਵੀ ਸੰਤੋਖ ਸਿੰਘ ਕਹਿੰਦੇ ਹਨ ਕਿ ਅਸਲ ਵਿਚ ਗੁਰੂ ਗੋਬਿੰਦ ਸਿੰਘ ਆਏ ਹਨ, ਮੇਰੇ ਵਰਗੇ ਰੁਲਦੇ ਗ਼ਰੀਬ ਕਵੀ ਨੂੰ ਨਿਵਾਜਣ ਵਾਸਤੇ। ਹਕੀਕਤ ਇਹ ਹੈ ਜਿਸ ਦਿਨ ਕਵੀ ਜੀ ਨੇ ਗ੍ਰੰਥ ਪੂਰਾ ਕੀਤਾ ਹੈ, ਉਦੋਂ ਇਹਨਾਂ ਦੀ ਜ਼ਬਾਨ 'ਤੇ ਅੰਤਲੇ ਸਮੇਂ ਇਕ ਆਪਣਾ ਦੋਹਰਾ ਟਿੱਕਿਆ ਹੁੰਦਾ ਸੀ। ਉਹ ਦੋਹਰਾ ਸੀ-

ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਓ ਮਨ ਮਾਹੀ।

ਕਲਗੀਧਰ ਜੀ ਦਾ ਨਾਮ ਲੈ ਕੇ ਅੱਖਾਂ ਭਿੱਜ ਜਾਂਦੀਆਂ ਸਨ ਕਵੀ ਜੀ ਦੀਆਂ। ਕਹਿੰਦੇ ਹਨ ਬਾਕੀ ਸਾਰਿਆਂ ਦੀ ਆਸ ਚਲੀ ਗਈ, ਕਲਗੀ ਵਾਲਿਆ ! ਹੁਣ ਤੇਰੀਆਂ ਆਸਾਂ ਹਨ। ਇਹ ਸ਼ਬਦ ਕਹਿੰਦਿਆਂ ਕਵੀ ਜੀ ਨੇ ਆਪਣਾ ਸਰੀਰ ਤਿਆਗ ਦਿੱਤਾ ਸੀ। ਹੇ ਸਤਿਗੁਰੂ ! ਜਿਹੜੇ ਨਿੰਦਕ ਹਨ ਉਹਨਾਂ ਨਿੰਦਕਾ ਦੇ ਮੂੰਹ ਨੂੰ ਭਵਾਣ ਲਈ ਜਿਹੜੇ ਪਾਖੰਡੀ ਉੱਲੂਆਂ ਦੀ ਤਰ੍ਹਾਂ ਹਨ, ਗੁਰੂ ਗੋਬਿੰਦ ਸਿੰਘ ਸੂਰਜ ਦੀ ਤਰ੍ਹਾਂ ਹਨ। ਨਿੰਦਕ, ਪਾਖੰਡੀ, ਉੱਲੂ ਦੇ ਵੱਲ ਦੇਖਕੇ ਨਿਰਾਸ਼ ਹੁੰਦੇ ਹਨ।

ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਹੇ ਸੱਚੇ ਪਾਤਿਸ਼ਾਹ ! ਭਗਤੀ ਦੀ ਧੁੱਪ ਤੁਹਾਡੇ ਸੂਰਜ ਵਿਚੋਂ ਨਿਕਲਣੀ ਹੈ ਤੇ ਤੁਸੀਂ ਰਹਿਮਤਾਂ ਇੰਨੀਆਂ ਕਰਨ ਆਏ ਹੋ ਕਿ ਅਨੇਕਾਂ ਜੀਵ ਜਿਹੜੇ ਹਨ ਉਹਨਾਂ ਦਾ ਪਾਰ ਉਤਾਰਾ ਹੋਣਾ ਹੈ। ਤੇਰਾ ਪ੍ਰਕਾਸ਼ ਹੋਵੇਗਾ ਤੇ ਜਿਹੜੇ ਹੰਕਾਰੀ

ਤਾਰਿਆਂ ਦੀ ਤਰ੍ਹਾਂ ਮਾਣ ਪਏ ਕਰਦੇ ਹਨ ਇਕ ਵਾਰੀ ਤੇਰਾ ਚਾਨਣ ਹੋ ਗਿਆ ਤਾਂ ਹੰਕਾਰੀ ਤਾਰਿਆਂ ਦੇ ਜਾਂਦਿਆਂ ਦੇਰ ਨਹੀਂ ਲੱਗਣੀ।

ਹੁਣ ਉਹ ਘੜੀ ਸੁਲੱਖਣੀ ਸਾਹਿਬ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਜਨਮ ਦੀ ਆਉਣ ਲੱਗੀ ਹੈ। ਅੱਜ ਪਟਨਾ ਸਾਹਿਬ ਦੀ ਧਰਤੀ 'ਤੇ ਮਾਤਾ ਗੁਜਰੀ ਜੀ ਦਾ ਅੰਦਰ ਉਤਸ਼ਾਹ ਨਾਲ ਭਰਿਆ ਹੈ। ਅੱਜ ਢਾਕੇ ਦੀ ਧਰਤੀ 'ਤੇ ਸ਼ਾਮ ਪਈ ਹੈ, ਗੁਰੂ ਤੇਗ਼ ਬਹਾਦਰ ਜੀ ਦਾ ਸਿੱਖ ਆਸਣ ਲਾਣ ਲੱਗੇ ਹਨ ਤੇ ਹਜ਼ੂਰ ਸੱਚੀ ਸਰਕਾਰ ਨੇ ਕਿਹਾ ਹੈ ਅੱਜ ਬਿਸਰਾਮ ਲਈ ਆਸਣ ਨਹੀਂ, ਅੱਜ ਚੌਂਕੜਾ ਮਾਰ ਕੇ ਅਕਾਲ ਦਾ ਸ਼ੁਕਰ ਕਰਨ ਲਈ ਆਸਣ ਲਗਾ ਦਿਉ। ਹੇ ਦਾਤਾ ! ਤੇਰੇ ਘਰ ਪੁੱਤਰ ਹੁੰਦਾ ਹੈ, ਸਾਰੀ ਰਾਤ ਸ਼ੁਕਰ ਕਰਦੇ ਹੋ ਤੇ ਤੇਰੇ ਪੁੱਤਰ ਦੇ ਪੁੱਤਰ ਸਵੇਰੇ ਸ਼ਹੀਦ ਹੋਣੇ ਹਨ, ਉਹ ਵੀ ਸਾਰੀ ਰਾਤ ਅਕਾਲ ਦਾ ਸ਼ੁਕਰ ਹੀ ਕਰਦੇ ਹਨ। ਗੁਰੂ ਤੇਗ਼ ਬਹਾਦਰ ਜੀ ਚੌਂਕੜਾ ਮਾਰ ਕੇ ਬੈਠ ਗਏ। ਉਹ ਸਤਿਗੁਰ ਜਿਹੜੇ ਖ਼ੁਦ ਕਹਿੰਦੇ ਹਨ

ਸਾਧੋ ਗੋਬਿੰਦ ਕੇ ਗੁਨ ਗਾਵੌ॥ (ਅੰਗ ੬੭੯)

ਉਹ ਅੱਜ ਗੋਬਿੰਦ ਦੇ ਗੁਣ ਗਾਉਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਢਾਕੇ ਦੀ ਧਰਤੀ 'ਤੇ ਬਿਰਾਜਮਾਨ ਹਨ। ਇੱਧਰ ਪਟਨਾ ਸਾਹਿਬ ਦੀ ਧਰਤੀ 'ਤੇ ਰਾਤ ਚਹਿਲ ਪਹਿਲ ਹੈ। ਮਾਤ ਗੁਜਰੀ ਅੱਜ ਖ਼ੁਸ਼ ਹੈ। ਇਥੇ ਕਵੀ ਜੀ ਨੇ ਪਹਿਲਾਂ ਇਕ ਤੁੱਕ ਕਹੀ ਹੈ। ਹਜ਼ੂਰ ਜਦੋਂ ਆਉਣ ਲੱਗੇ ਉਹਨਾਂ ਦਾ ਪ੍ਰਕਾਸ਼ ਕਿਸ ਤਰ੍ਹਾਂ ਹੋਣਾ ਹੈ? ਕਵੀ ਜੀ ਕਹਿੰਦੇ ਹਨ ਕਿ ਜਿਹੜਾ ਅਧਰਮ ਦਾ, ਪਾਪ ਦਾ ਹਨੇਰਾ ਪਸਰਿਆ ਹੈ, ਅੱਜ ਹਨੇਰਾ ਕੰਬਦਾ ਪਿਆ ਹੈ।

ਕਹਿੰਦੇ ਹਨ ਸੂਰਜ ਦੇ ਸਮ ਤੁਹਾਡਾ ਅਵਤਾਰ ਹੋਣਾ ਹੈ। ਮਾਤ ਨਾਨਕੀ ਅੱਜ ਆਪਣੀ ਨੂੰਹ ਦੇ ਕੋਲ ਬੈਠੀ ਹੈ। ਇਕੋ ਦਮ ਅੰਦਰੋਂ ਆਵਾਜ਼ ਆਈ ਮਾਤ ਨਾਨਕੀ ! ਤੇਰੀ ਨੂੰਹ ਦੇ ਘਰ ਅੰਦਰ ਬਾਲਕ ਨੇ ਜਨਮ ਲਿਆ ਹੈ। ਸਾਹਿਬ ਧੰਨ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਮਾਤਾ ਪਟਨਾ ਸਾਹਿਬ ਦੀ ਧਰਤੀ ਜਿਸਨੂੰ ਅਸੀਂ ਹਰਿਮੰਦਰ ਸਾਹਿਬ ਵੀ ਕਹਿੰਦੇ ਹਾਂ, ਉਸ ਪਵਿੱਤਰ ਅਸਥਾਨ 'ਤੇ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੀ ਆਮਦ ਹੋਈ ਹੈ। ਜਦੋਂ ਮਾਤਾ ਨਾਨਕੀ ਜੀ ਨੇ ਆਪਣੇ ਕੰਨਾਂ ਨਾਲ ਇਹ ਆਵਾਜ਼ ਸੁਣੀ ਹੈ ਮਾਨੋ ਉਹਨਾਂ ਦੇ ਕੰਨਾਂ ਦੇ ਕਟੋਰਿਆਂ ਵਿਚ ਕਿਸੇ ਨੇ ਅੰਮ੍ਰਿਤ ਭਰ ਦਿੱਤਾ ਹੋਵੇ।

ਅਸ਼ਟ ਦੀਪ ਦੀਪਕ ਰਹਿ ਜਾਨੌ ਦੁਤ ਘਟ ਗਈ ਉਦੇਰ ਹੈ ਮਾਨੌ।

ਅਸ਼ਟ ਦੀਪ ਦਾ ਅਰਥ ਹੈ ਉਹ ਦੀਵਾ ਜਿਸ ਦੀਆਂ ਅੱਜ ਛੋਟੀਆਂ ਛੋਟੀਆਂ ਬੱਤੀਆਂ ਬੱਲਦੀਆਂ ਪਈਆਂ ਹਨ। ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਆਮਦ ਹੋਈ ਤੇ ਉਹਨਾਂ ਦੀਵਿਆਂ ਦਾ ਪ੍ਰਕਾਸ਼ ਮਧਮ ਪੈ ਗਿਆ ਹੈ।

ਸੇਵ ਮੇ ਆਨ ਭਏ ਕੌ ਤੇ ਮਾਤਾ ਭਨੇ ਬਧਾਈ ਨੰਦ ਦਾਤਾ।

ਅੰਮ੍ਰਿਤ ਵੇਲੇ ਜਿਹੜੇ ਜੀਅ ਘਰ ਵਿਚ ਸਨ, ਉਹਨਾਂ ਉੱਚੀ ਆਵਾਜ਼ ਵਿਚ ਕਿਹਾ ਮਾਤ ਨਾਨਕੀ ! ਵਧਾਈ ਹੋਵੇ। ਉਸੇ ਟਾਇਮ ਅੰਦਰ ਜੁੜ ਗਿਆ। ਨੇਤਰ ਬੰਦ ਹੋ ਗਏ, ਪਤੀ

ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਟਿਕਾਅ ਕੇ ਸ਼ੁਕਰ ਕੀਤਾ, ਹੇ ਦਾਤਾ ਜੀ ! ਜਿਹੜੇ ਬਚਨ ਤੁਸੀਂ ਕਈ ਦਹਾਕੇ ਪਹਿਲਾਂ ਕਹੇ, ਅੱਜ ਪਟਨਾ ਸਾਹਿਬ ਦੀ ਧਰਤੀ 'ਤੇ ਆਪ ਜੀ ਦੇ ਬਚਨ ਸੰਪੂਰਨ ਹੋਏ ਹਨ।

ਅੰਤਰ ਵਹਿਰ ਦਾਸ ਗਣ ਦਾਸੀ ਬਿਚਰਤੈ ਇਤ ਉਤਰ ਦੇਹੁ ਉਲਾਹੀ।

ਅੰਦਰ ਬਾਹਰ ਜਿਹੜੇ ਦਾਸ ਤੇ ਦਾਸੀਆਂ ਹਨ, ਸਿੱਖ ਸੇਵਕ ਹਨ, ਉਹ ਅੱਤ ਦੇ ਪ੍ਰਸੰਨ ਹਨ।

ਆਪਸ ਮੇ ਬਹੁ ਕਰਿ ਕਰਿ ਜਾਏ ਮਿਲੇ ਬਿਧਾਨੇ ਸੁਤਤ ਬਨਸਾਏ।

ਉਸ ਵੇਲੇ ਆਪਸ ਵਿਚ ਮਿਲੇ ਹਨ। ਕਵੀ ਸੰਤੋਖ ਸਿੰਘ ਕਹਿੰਦੇ ਹਨ, ਜਦੋਂ ਹਜ਼ੂਰ ਦੀ ਆਮਦ ਹੋਈ ਹੈ ਉਸ ਵੇਲੇ ਸਿੱਖ ਸੰਗਤਾਂ ਗੁਰਬਾਣੀ ਦਾ ਕੀਰਤਨ ਕਰਨ ਲੱਗ ਪਈਆਂ, ਕਿਉਂਕਿ ਸਿੱਖ ਕੋਲ ਸਭ ਤੋਂ ਵੱਡੀ ਰਹਿਮਤ ਗੁਰੂ ਦਾ ਸ਼ਬਦ ਹੈ। ਉੱਧਰ ਗੁਰੂ ਤੇਗ਼ ਬਹਾਦਰ ਜੀ ਮੁਸਕਰਾ ਪਏ ਹਨ। ਕੋਲ ਬੈਠੇ ਸੇਵਾਦਾਰ ਨੇ ਕੇਵਲ ਹਜ਼ੂਰ ਨੂੰ ਨਮਸ਼ਕਾਰ ਕੀਤੀ। ਸੱਚੀ ਸਰਕਾਰ ਆਸਣ ਤੋਂ ਉੱਠੇ। ਪੁੱਛਿਆ ਦਾਤਾ ਅੱਜ ਸਾਰੀ ਰਾਤ ਆਸਣ 'ਤੇ ਬਿਰਾਜਮਾਨ, ਮੁਸਕਰਾਹਟ ਦਾ ਕਾਰਨ ਕੀ? ਕਹਿਣ ਲੱਗੇ ਅੱਜ ਪਟਨਾ ਸਾਹਿਬ ਦੀ ਧਰਤੀ 'ਤੇ ਉਹ ਪਾਵਨ ਸਰੀਰ ਆ ਚੁੱਕਾ ਹੈ, ਜਿਸਦੇ ਵਿਚ ਗੁਰੂ ਨਾਨਕ ਸਾਹਿਬ ਦੀ ਜੋਤ ਨੇ ਅਗਾਂਹ ਵਿਚਰਨਾ ਹੈ। ਅੱਜ ਸਾਰੀ ਰਾਤ ਉਸ ਅਕਾਲ ਪੁਰਖ ਦਾ ਸ਼ੁਕਰ ਕੀਤਾ ਹੈ। ਧੰਨ ਗੁਰੂ ਤੇਗ਼ ਬਹਾਦਰ ਜੀ ਨੇ ਜਦੋਂ ਸ਼ਬਦ ਕਹੇ ਤਾਂ ਕਹਿੰਦੇ ਹਨ ਢਾਕੇ ਦੇ ਪੂਰੇ ਸ਼ਹਿਰ ਵਿਚ ਉਸ ਦਿਨ ਰਾਤ ਨੂੰ ਦੀਪਮਾਲਾ ਕੀਤੀ ਗਈ ਸੀ। ਗੁਰੂ ਤੇਗ਼ ਬਹਾਦਰ ਜੀ ਕੋਲ ਸੁਨੇਹਾ ਗਿਆ ਹੈ ਕਿ ਨਾਮ ਰੱਖਿਆ ਗਿਆ ਹੈ ਗੋਬਿੰਦ ਰਾਏ। ਨਾਲ ਫਿਰ ਅੱਗੋਂ ਉੱਤਰ ਦਿੰਦੇ ਹਨ ਕਿ ਇਹ ਨਹੀਂ ਕਿ ਅਸੀਂ ਵਾਪਿਸ ਹੁਣੇ ਮੁੜਦੇ ਹਾਂ, ਕਹਿਣ ਲੱਗੇ ਸ਼ਹਿਬਜ਼ਾਦੇ ਦੀ ਪ੍ਰਤਿਪਾਲਣਾ ਕਰਨੀ। ਜੋ ਉਹ ਕਹੇ ਉਸਦੇ ਕਹਿਣ ਵਿਚ ਕਦੀ ਰੁਕਾਵਟ ਨਾ ਪਾਇਉ। ਹਜ਼ੂਰ ਜੀ ਅਗਾਂਹ ਜਗਤ ਜਲੰਦੇ ਨੂੰ ਠਾਰਨ ਲੱਗੇ।

ਇੱਧਰ ਮੇਰੇ ਬਾਲਾ ਪ੍ਰੀਤਮ ਜੀ ਨੂੰ ਪਟਨੇ ਦਾ ਹਰ ਮਨੁੱਖ ਪਿਆਰ ਕਰਦਾ ਪਿਆ ਹੈ। ਹਜ਼ੂਰ ਜਦੋਂ ਸਰੀਰਕ ਤੌਰ 'ਤੇ ਵਧੇ ਹਨ, ਉਸ ਸਮੇਂ ਉਹਨਾਂ ਦੀ ਉਮਰ 4 ਸਾਲ ਦੇ ਕਰੀਬ ਹੈ। ਸਾਹਿਬ ਕ੍ਰਿਪਾਲੂ ਜੀ ਅੱਜ ਜਦੋਂ ਗੰਗਾ ਦੇ ਕਿਨਾਰੇ ਗਏ ਤੇ ਉਹਨਾਂ ਦੇ ਜਾਣ ਦਾ ਤਰੀਕਾ ਇਹ ਸੀ ਕਿ ਇਕੋ ਦਮ ਦੌੜੇ ਹਨ। ਪੰਡਿਤ ਸ਼ਿਵ ਦੱਤ ਉਸਦੀ ਉਮਰ 80 ਸਾਲ ਤੋਂ ਟੱਪ ਕੇ 85 ਸਾਲ ਦੇ ਕਰੀਬ ਹੋ ਚੁੱਕੀ ਹੈ। ਗੁਰੂ ਗੋਬਿੰਦ ਰਾਏ ਦੌੜਦੇ ਗਏ। ਇਕੋ ਦਮ ਪੰਡਿਤ ਜੀ ਨੇ ਚੌਂਕੜਾ ਮਾਰਿਆ, ਪਿਛੋਂ ਜਾ ਕੇ ਉਹਨਾਂ ਨੂੰ ਗਲੇ ਤੋਂ ਘੁੱਟ ਕੇ ਫੜ ਲਿਆ ਹੈ। ਉਹਨਾਂ ਦੀ ਕਮਰ 'ਤੇ ਚੜ੍ਹ ਗਏ। ਜਦੋਂ ਕਮਰ 'ਤੇ ਚੜ੍ਹ ਕੇ ਉਪਰੋਂ ਚੰਗੀ ਤਰ੍ਹਾਂ ਫੜਿਆ ਤੇ ਆਪਣੇ ਹੱਥਾਂ ਨਾਲ ਪੰਡਿਤ ਜੀ ਦੇ ਨੇਤਰ ਬੰਦ ਕਰ ਲਏ ਤੇ ਕੰਨ ਕੋਲ ਆਵਾਜ਼ ਦੇ ਕੇ ਕਿਹਾ ਬਾਬਾ ਜੀ ਝਾਤ। ਪੰਡਿਤ ਜੀ ਨੇ ਜਦੋਂ ਹੱਥ ਫੜੇ ਤੇ ਸੋਚਣ ਲੱਗ ਪਏ ਅੱਜ ਕੌਣ ਬੱਚਾ ਆਇਆ

ਜਿਹੜਾ ਮੇਰੀਆਂ ਅੱਖਾਂ ਨੂੰ ਢੱਕ ਕੇ ਸ਼ਬਦ ਕਹਿ ਰਿਹਾ ਹੈ ਬਾਬਾ ਜੀ ਝਾਤ? ਇਕੋ ਦਮ ਹਜ਼ੂਰ ਦੇ ਹੱਥ ਪਰ੍ਹਾਂ ਹਟਾਏ ਤੇ ਪਰਤ ਕੇ ਪੰਡਿਤ ਜੀ ਨੇ ਦੇਖਿਆ ਤੇ ਜਿਸ ਸ੍ਰੀ ਰਾਮ ਦੀ ਉਪਾਸਨਾ ਪਿਆ ਕਰਦਾ ਹੈ, ਕਲਗੀ ਵਾਲੇ ਵਿਚੋਂ ਸਾਰੀਆਂ ਝਲਕਾਂ ਮਿਲ ਗਈਆਂ। ਇਕੋ ਦਮ ਪੰਡਿਤ ਸ਼ਿਵ ਦੱਤ ਨੇ ਸਤਿਗੁਰੂ ਦੇ ਚਰਨ ਫੜ ਲਏ।

ਹੁਣ ਦੇਖੋ, ਇਕ ਪਾਸੇ 84-85 ਸਾਲ ਦਾ ਬਜ਼ੁਰਗ ਤੇ ਇਕ ਪਾਸੇ 4 ਸਾਲ ਦੀ ਆਰਬਲਾ ਵਿਚ ਗੁਰੂ ਗੋਬਿੰਦ ਰਾਏ। ਉਮਰ ਨਾ ਦੇਖਿਉ, ਅੰਦਰ ਦੀ ਜੋਤ ਤੇ ਰਹਿਮਤ ਦੇਖਿਉ। ਸਤਿਗੁਰੂ ਨੇ ਰੋਜ਼ ਦਾ ਨੇਮ ਬਣਾ ਲਿਆ ਹੈ। ਪੰਡਿਤ ਜੀ ਨੇ ਗੰਗਾ ਦੇ ਕਿਨਾਰੇ ਬੈਠਣਾ ਹੈ ਤੇ ਪਿਛੋਂ ਦੌੜ ਕੇ ਜਾਣਾ ਹੈ, ਅੱਖਾਂ 'ਤੇ ਹੱਥ ਰੱਖਕੇ ਕਹਿਣਾ ਹੈ, ਬਾਬਾ ਜੀ ਝਾਤ ਤੇ ਉਹ ਹੱਥ ਫੜਕੇ ਕਹਿ ਦਿੰਦੇ ਸਨ ਮੇਰਾ ਬਾਲਾ ਪ੍ਰੀਤਮ। ਹਜ਼ੂਰ ਨੇ ਗੋਦ ਵਿਚ ਬੈਠ ਜਾਣਾ। ਪੰਡਿਤ ਸ਼ਿਵ ਦੱਤ ਦਾ ਅੱਜ ਅੰਦਰ ਹੋਰ, ਕੱਲ ਹੋਰ, ਸਰੀਰ ਢੱਲਦਾ ਪਿਆ ਹੈ ਤੇ ਅੰਦਰ ਗੁਰੂ ਦਾ ਪ੍ਰੇਮ ਮਾਨੋ ਜੋਬਨ 'ਤੇ ਆਉਂਦਾ ਪਿਆ ਹੈ। ਅੱਜ ਗਲੀ ਵਿਚੋਂ ਨਿਕਲਦੇ ਪਏ ਹਨ ਪੰਡਿਤ ਸ਼ਿਵ ਦੱਤ ਤੇ ਆਵਾਜ਼ ਦਿੱਤੀ ਰਾਜਾ ਫ਼ਤਹਿ ਚੰਦ ਮੈਨੀ ਨੇ ਕਿ ਪੰਡਿਤ ਜੀ ਘਰ ਆਉਗੇ। ਆਏ ਹਨ ਤੇ ਅੰਦਰ ਪ੍ਰਵੇਸ਼ ਕੀਤਾ। ਆ ਕੇ ਜਦੋਂ ਫ਼ਤਹਿ ਚੰਦ ਮੈਨੀ ਤੇ ਰਾਣੀ ਦੇ ਚਿਹਰੇ ਨੂੰ ਦੇਖਿਆ, ਮਾਯੂਸੀ ਹੈ। ਕਹਿਣ ਲੱਗੇ ਮਾਯੂਸ ਕਿਉਂ ਹੋ? ਕਹਿੰਦੇ ਹਨ ਦੇਖੋ ਪੰਡਿਤ ਜੀ! ਕਿਸੇ ਚੀਜ਼ ਦੀ ਪ੍ਰਮਾਤਮਾ ਨੇ ਕਮੀ ਨਹੀਂ ਰਹਿਣ ਦਿੱਤੀ, ਪਰ ਘਰ ਪੁੱਤਰ ਨਹੀਂ ਤੇ ਤੁਸੀਂ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰੋ, ਤੁਸੀਂ ਪ੍ਰਭੂ ਦੇ ਪਿਆਰੇ ਹੋ। ਸ਼ਰਧਾ ਵਿਚ ਭਿੱਜੇ ਬਜ਼ੁਰਗ ਨੇ ਕਿਹਾ, ਕਿਸਦੇ ਚਰਨਾਂ ਵਿਚ ਅਰਦਾਸ ਕਰਨੀ ਜੇ, ਉਹ ਤਾਂ ਪਟਨੇ ਦੀਆਂ ਗਲੀਆਂ ਵਿਚ ਅਨੇਕਾਂ ਕੌਤਕ ਪਿਆ ਕਰਦਾ ਹੈ? ਕੌਣ? ਕਹਿਣ ਲੱਗੇ ਬਾਲਾ ਪ੍ਰੀਤਮ। ਕਿਹੜੇ ਬਾਲਾ ਪ੍ਰੀਤਮ? ਗੁਰੂ ਗੋਬਿੰਦ ਰਾਏ ਜੀ। ਕਹਿਣ ਲੱਗੇ, ਸਿਦਕ ਨਾਲ ਨੀਅਤ ਰਾਸ ਕਰਕੇ ਬੈਠੋ, ਇਕ ਦਿਨ ਤੁਹਾਡੇ ਘਰ ਉਹ ਜ਼ਰੂਰ ਆਉਣਗੇ।

ਰਾਣੀ ਭਾਵਨਾ ਧਾਰ ਕੇ ਉਸ ਦਿਨ ਤੋਂ ਬੈਠ ਗਈ। ਰੋਜ਼ ਉਸਨੇ ਭਾਵਨਾ ਨਾਲ ਬੈਠਣਾ। ਅੱਜ ਉਸਨੇ ਛੋਲੇ ਪੂੜੀਆਂ ਤਿਆਰ ਕੀਤੇ। ਇਕੋ ਦਮ ਦਰਵਾਜ਼ੇ ਵਿਚ ਸੋਟੀਆਂ ਖੜਕਣ ਦੀ ਆਵਾਜ਼ ਸੁਣਾਈ ਦਿੱਤੀ ਤੇ ਗੇਂਦ ਰਾਜੇ ਫ਼ਤਹਿ ਚੰਦ ਦਾ ਦਰਵਾਜ਼ਾ ਟੱਪ ਕੇ ਘਰ ਵਿਚ ਆ ਗਈ ਹੈ। ਹਜ਼ੂਰ ਨੇ ਖੁੰਡੀ ਨਾਲ ਬਾਲ ਉਮਰ ਵਿਚ ਉਸਨੂੰ ਠੋਕਰ ਮਾਰਦਿਆਂ ਰਾਣੀ ਨੂੰ ਦੇਖਿਆ। ਉਸ ਦੇ ਨੇਤਰ ਬੰਦ ਹਨ, ਖੁੰਡੀ ਛੱਡੀ ਤੇ ਗੋਦ ਵਿਚ ਬੈਠ ਗਏ। ਬੇਸੁੱਧ ਰਾਣੀ ਬੈਠੀ ਤੇ ਗਲਵਕੜੀ ਪਾ ਕੇ ਰਾਣੀ ਨੂੰ ਆਵਾਜ਼ ਦਿੱਤੀ ਮਾਂ। ਜਦੋਂ ਮਾਂ ਸ਼ਬਦ ਸੁਣਿਆ ਤੇ ਰਾਣੀ ਦਾ ਰੋਮ ਰੋਮ ਖਿੜ ਗਿਆ। ਕੌਣ ਹੈ ਜਿਹੜਾ ਮੇਰੀ ਗੋਦ ਵਿਚ ਬੈਠ ਕੇ ਕਹਿੰਦਾ ਹੈ ਮਾਂ? ਜਦੋਂ ਨੇਤਰ ਖੋਲ੍ਹੇ ਤਾਂ ਦੇਖਿਆ ਜਿਸਦੇ ਚਰਨਾਂ ਵਿਚ ਬੇਨਤੀ ਕਰਨੀ ਸੀ, ਉਹ ਮਾਂ ਕਹਿ ਕੇ ਪੁਕਾਰਦਾ ਪਿਆ ਹੈ। ਉਹਨਾਂ ਦੇ ਚਰਨਾਂ ਨੂੰ ਹੱਥ ਪਾਣ ਲੱਗੀ ਰਾਣੀ ਤੇ ਸੱਚੇ ਪਾਤਿਸ਼ਾਹ ਕਹਿਣ ਲੱਗੇ, ਮਾਂ! ਹੱਥ ਪੈਰਾਂ ਵੱਲ ਨਹੀਂ, ਮਾਂ ਦਾ ਹੱਥ ਸਿਰ ਉੱਤੇ ਆਉਂਦਾ ਹੈ। ਕੋਲ ਦਾਸੀ ਖਲੋਤੀ ਸੀ। ਕਹਿਣ ਲੱਗੀ, ਬਾਲਾ ਪ੍ਰੀਤਮ ਜੀ! ਤੁਸੀਂ ਕ੍ਰਿਪਾ ਕਰੋ, ਰਾਣੀ ਦੀ ਕੁੱਖ ਨੂੰ ਭਾਗ

ਲੱਗੇ। ਪੁੱਤਰ ਦੀ ਦਾਤ ਮਿਲ ਜਾਏ। ਉਸ ਸਮੇਂ ਹੱਸ ਕੇ ਕਹਿਣ ਲੱਗੇ, ਅੱਜ ਤੋਂ ਬਾਅਦ ਤੂੰ ਮਾਂ ਤੇ ਬਾਲਾ ਪ੍ਰੀਤਮ ਤੇਰਾ ਪੁੱਤਰ। ਉਥੇ ਸਵਾਲ ਉੱਠੇ ਸਨ ਕਿ ਮਾਵਾਂ ਦੋ ਤੇ ਪੁੱਤਰ ਇਕ, ਇਹ ਕਿਵੇਂ ਹੋ ਸਕਦਾ ਹੈ? ਹੱਸ ਕੇ ਕਹਿਣ ਅੰਮੀਏ ! ਅੱਖਾਂ ਦੋ ਹਨ ਪਰ ਜੋਤਾਂ ਦੋ ਨਹੀਂ। ਜੇ ਦੋ ਅੱਖਾਂ ਦੀ ਜੋਤ ਇਕ ਹੈ ਤਾਂ ਮਾਤ ਗੁਜਰੀ ਦੀ ਗੋਦ ਤੇ ਤੇਰੀ ਗੋਦ ਵਿਚ ਮੈਂ ਇਕੱਲਾ ਹੀ ਖੇਡੀ ਜਾਵਾਂਗਾ। ਕਹਿਣ ਲੱਗੇ ਦੋ ਗੋਦਾਂ ਵਿਚ ਕਿਵੇਂ ਖੇਡੋਗੇ? ਕਹਿਣ ਲੱਗੇ ਮਾਂ, ਕਦੀ ਪੂਰਨਮਾਸ਼ੀ ਦੀ ਰਾਤ ਦਾ ਚੰਦਰਮਾ ਦੇਖਿਆ ਹੈ? ਗੰਗਾ ਦੀਆਂ ਲਹਿਰਾਂ ਵਿਚ ਵੀ ਉਹ ਖੇਡਦਾ ਹੈ ਤੇ ਝੀਲ ਦੇ ਪਾਣੀ ਵਿਚ ਵੀ ਉਹ ਖੇਡਦਾ ਹੈ। ਜੇ ਇਕ ਚੰਦਰਮਾ ਗੰਗਾ ਵਿਚ ਤੇ ਝੀਲ ਵਿਚ ਦੋਨਾਂ ਪਾਣੀਆਂ ਵਿਚ ਖੇਡਦਾ ਹੈ ਤਾਂ ਮੈਂ ਸਵੇਰੇ ਤੇਰੀ ਗੋਦ ਵਿਚ ਖੇਡਾਂਗਾ ਤੇ ਸ਼ਾਮ ਨੂੰ ਮਾਤ ਗੁਜਰੀ ਦੀ ਗੋਦ ਵਿਚ ਖੇਡਾਂਗਾ। ਮੈਨੂੰ ਭੁੱਖ ਲੱਗੀ ਹੈ ਕੁਝ ਛਕਾ। ਅੱਜ ਰਾਣੀ ਨੂੰ ਸੁਝੇ ਕੁਝ ਨਾ। ਉਹ ਤਾਂ ਪੁੱਤਰ ਦੀ ਆਵਾਜ਼ ਨਾਲ ਹੀ ਸੱਚ ਜਾਣਿਉ ਮਰ ਗਈ ਸੀ। ਗੋਦ ਵਿਚ ਬੈਠ ਕੇ ਸਭ ਕੁਝ ਛਕਾਇਆ। ਨੇਮ ਬਣਾ ਕੇ ਕਿ ਦਿਨੇ ਇਸਦੇ ਘਰ ਵਿਚ ਜ਼ਰੂਰ ਆਉਣਾ ਹੈ।

ਸਮਾਂ ਲੰਘਿਆ, ਅੱਜ ਗੁਰੂ ਤੇਗ ਬਹਾਦਰ ਜੀ ਆਏ ਹਨ। ਪੁੱਤਰ ਦੀ ਉਮਰ 5 ਸਾਲ ਦੇ ਕਰੀਬ ਹੋ ਚੁੱਕੀ ਹੈ। (ਗੁਰੂ) ਗੋਬਿੰਦ ਰਾਏ ਸਾਰੀ ਰਾਤ ਖ਼ੁਸ਼ੀ ਵਿਚ ਹਨ, ਕਿਉਂਕਿ ਅੱਜ ਪਿਤਾ ਤੇ ਪੁੱਤਰ ਨੇ ਪਹਿਲੀ ਵਾਰੀ ਮਿਲਣਾ ਹੈ। ਹਜ਼ੂਰ ਘਰ ਨਹੀਂ ਆਏ, ਪਟਨਾ ਸਾਹਿਬ ਵਿਖੇ ਰਹੀਮ ਬਖ਼ਸ਼ ਕਰੀਮ ਬਖ਼ਸ਼ ਦੇ ਸੁੱਕੇ ਬਾਗ਼ ਵਿਚ ਬੈਠ ਗਏ। ਪਰਿਵਾਰ ਲੈ ਕੇ (ਗੁਰੂ) ਗੋਬਿੰਦ ਰਾਏ ਜੀ ਨੂੰ ਗਿਆ ਤੇ ਜਦੋਂ ਪਿਤਾ ਜੀ ਨੂੰ ਦੇਖਿਆ ਤਾਂ (ਗੁਰੂ) ਗੋਬਿੰਦ ਰਾਏ ਨੇ ਹੱਥ ਜੋੜ ਕੇ ਪਿਤਾ ਦੇ ਚਰਨਾਂ ਵਿਚ ਮੱਥਾ ਟੇਕਿਆ ਤੇ ਕਹਿੰਦੇ ਹਨ ਕਿ ਸੁੱਕਾ ਪਿਆ ਮੁੱਦਤਾਂ ਦਾ ਬਾਗ਼ ਵੀ ਹਰਾ ਹੋ ਗਿਆ। ਹਜ਼ੂਰ ਕੁਝ ਸਮਾਂ ਪਟਨਾ ਸਾਹਿਬ ਦੀ ਧਰਤੀ 'ਤੇ ਟਿਕੇ। ਆਪ ਆਨੰਦਪੁਰ ਆ ਗਏ।

ਪੰਡਿਤ ਸ਼ਿਵ ਦੱਤ ਕੁਝ ਨਹੀਂ ਬੋਲਦਾ, ਖ਼ਾਮੋਸ਼ ਬੈਠਾ ਹੈ, ਕਿਉਂਕਿ ਕੰਨਾਂ ਵਿਚ ਰੋਜ਼ ਆਵਾਜ਼ ਪੈਂਦੀ ਸੀ ਬਾਬਾ ਜੀ ਝਾਤ। ਹੁਣ ਉਹ ਆਵਾਜ਼ ਆਨੰਦਪੁਰ ਦੀ ਧਰਤੀ ਨੂੰ ਜਾਂਦੀ ਹੈ। ਫ਼ਤਹਿ ਚੰਦ ਦੀ ਰਾਣੀ ਬਿਹਬਲ ਹੈ ਕਿ ਕੌਣ ਆ ਕੇ ਰੋਜ਼ ਮਾਂ ਕਹਿ ਕੇ ਪੁਕਾਰੇਗਾ। ਕਰੀਮ ਬਖ਼ਸ਼ ਤੇ ਰਹੀਮ ਬਖ਼ਸ਼ ਨਵਾਬ ਦੋਨੋਂ ਭਾਵਨਾ ਨਾਲ ਭਿੱਜੇ ਹਨ। ਜਦੋਂ ਤੁਰਨ ਲੱਗੇ ਤੇ ਸੰਗਤ ਨੂੰ ਕਹਿੰਦੇ ਹਨ, ਸਵੇਰੇ ਜਪੁ ਜੀ ਇਕਾਗਰਤਾ ਨਾਲ ਪੜ੍ਹਿਉ, ਮੈਂ ਤੁਹਾਡੇ ਕੋਲ ਹੋਵਾਂਗਾ। ਕਿਸੇ ਨੂੰ ਕਹਿੰਦੇ ਹਨ ਆਸਾ ਦੀ ਵਾਰ ਦਾ ਕੀਰਤਨ ਸੁਣਿਉ, ਮੈਂ ਤੁਹਾਡੇ ਕੋਲ ਹੋਵਾਂਗਾ। ਕਰੀਮ ਬਖ਼ਸ਼ ਰਹੀਮ ਬਖ਼ਸ਼ ਨੂੰ ਕਿਹਾ, ਅੰਮ੍ਰਿਤ ਵੇਲੇ ਇਸ ਅਸਥਾਨ ਦੀ ਹਾਜ਼ਰੀ ਭਰਿਉ, ਮੈਂ ਤੁਹਾਡੇ ਕੋਲ ਸੰਗਤ ਵਿਚ ਹੋਵਾਂਗਾ। ਪੰਡਿਤ ਸ਼ਿਵ ਦੱਤ ਕੁਝ ਨਹੀਂ ਬੋਲਿਆ। ਬੈਰਾਗ ਵਿਚ ਸੀ। ਪੰਡਿਤ ਸ਼ਿਵ ਦੱਤ ਪਿਛੇ ਖਲੋਤੇ ਹਨ। ਉਸ ਬਜ਼ੁਰਗ ਦੀਆਂ ਅੱਖਾਂ ਸਿੱਮਦੀਆਂ ਹਨ। ਕੋਲ ਜਾ ਕੇ ਕਿਹਾ, ਬਾਬਾ ਜੀ ! ਨੇਤਰ ਖੁੱਲ੍ਹੇ, ਮੇਰਾ ਬਾਲਾ ਪ੍ਰੀਤਮ ਕਹਿਣ ਲੱਗੇ, ਤੁਸੀਂ ਭਾਵਨਾ ਨਾਲ ਰੋਜ਼ ਬੈਠਿਆ ਕਰੋ ਤੇ ਮੈਂ ਤੁਹਾਡੇ ਕੋਲ ਆਵਾਜ਼ ਦਿਆ ਕਰਾਂਗਾ। ਰਾਣੀ ਅੱਗੇ ਵਧੀ। ਉਸਦਾ ਅੰਦਰ ਸਭ ਤੋਂ ਵੱਧ ਬਿਹਬਲ ਸੀ, ਜਿਸਨੂੰ ਮਾਂ ਕਿਹਾ ਕਰਦੇ ਸਨ। ਕੋਲ ਜਾ

ਕੇ ਕਿਹਾ, ਮਾਂ ! ਮੈਂ ਤੇਰੇ ਕੋਲੋਂ ਬਿਲਕੁਲ ਦੂਰ ਨਹੀਂ ਜਾਣਾ। ਜੇ ਮਾਂ ਕਿਹਾ ਹੈ ਤਾਂ ਮੈਂ ਤੇਰਾ ਪੁੱਤਰ ਹਾਂ। ਕਹਿਣ ਲੱਗੇ ਰੋਜ਼ ਪੰਗਤ ਬਿਠਾ ਕੇ ਛੋਲੇ ਪੂੜੀਆਂ ਦਾ ਪ੍ਰਸ਼ਾਦਿ ਛਕਾਈਂ, ਮੈਂ ਖ਼ੁਦ ਛਕਾਂਗਾ। ਤੁਰਨ ਲੱਗਿਆਂ ਆਪਣੇ ਹੱਥਾਂ ਨਾਲ ਇਕ ਬੂਟਾ ਘਰ ਵਿਚ ਲਾ ਦਿੱਤਾ। ਆਪਣੇ ਹੱਥਾਂ ਨਾਲ ਬੂਟਾ ਲਾ ਕੇ ਕਹਿਣ ਲੱਗੇ, ਲੈ ਮਾਂ, ਤੂੰ ਚਾਹੁੰਦੀ ਸੀ ਸੰਤਾਨ ਮਿਲੇ, ਮੇਰੇ ਘਰ ਬੂਟਾ ਲੱਗੇ, ਤੇਰਾ ਪੁੱਤਰ ਇਹੋ ਜਿਹਾ ਬੂਟਾ ਲਾ ਜਾਏਗਾ ਕ੍ਰੋਧ ਦਾ, ਨਾ ਪਤਝੱੜ ਵਿਚ ਇਸਨੇ ਝੜਨਾ ਹੈ ਨਾ ਇਸਨੇ ਜੇਠ ਦੀ ਲੂ ਵਿਚ ਸਿੱਕਣਾ ਹੈ, ਨਾ ਗਰਮੀ ਸੁਕਾਏਗੀ, ਨਾ ਸਰਦੀ ਸੁਕਾਏਗੀ। ਹਕੀਕਤ ਵਿਚ ਉਹ ਕ੍ਰੋਧ ਦਾ ਪੌਦਾ ਬਾਰ੍ਹਾਂ ਮਹੀਨੇ ਹੀ ਹਰਾ ਰਹਿੰਦਾ ਹੈ।

ਹਜ਼ੂਰ ਕ੍ਰਿਪਾਲੂ ਜੀ ਨੂੰ ਸੰਗਤ ਤੋਰਨ ਆਈ ਹੈ। ਉਸ ਵੇਲੇ ਹਰ ਇਕ ਦਾ ਅੰਦਰ ਭਰਿਆ ਹੈ। ਕਹਿੰਦੇ ਹਨ ਉਸ ਵੇਲੇ ਇਕ ਫ਼ਕੀਰ ਆਇਆ। ਪੁੱਛਦਾ ਹੈ ਪਟਨੇ ਨੂੰ ਕੀ ਹੋ ਗਿਆ, ਹਰ ਚਿਹਰਾ ਮਾਯੂਸ ਹੈ? ਅੱਗੋਂ ਫ਼ਕੀਰ ਨੂੰ ਉੱਤਰ ਮਿਲਿਆ ਕਿ ਪਟਨੇ ਦੀ ਜਿੰਦ ਤੁਰ ਚੱਲੀ ਹੈ। ਸ਼ਾਹ ਆਇਆ, ਕਹਿਣ ਲੱਗਾ, ਪਾਤਿਸ਼ਾਹ ! ਰਸਤੇ ਵਿਚ ਹਰ ਸ਼ਹਿਰ ਵਿਚ ਮੇਰੀ ਹਵੇਲੀ ਹੈ। ਜਿੱਥੇ ਮਰਜ਼ੀ ਪੜਾਅ ਕਰਿਉ।

ਪਹਿਲਾ ਪੜਾਅ ਦਾਨਾਪੁਰ ਕੀਤਾ। ਬੁੱਢੀ ਮਾਈ ਬੈਠੀ ਸੀ। ਕੱਚੀ ਮਿੱਟੀ ਦੀ ਹਾਂਡੀ ਵਿਚ ਖਿਚੜੀ ਬਣਾ ਕੇ, ਅੱਖਾਂ ਤੋਂ ਦਿੱਸਦਾ ਨਹੀਂ ਸੀ, ਬਾਲਾ ਪ੍ਰੀਤਮ ਤੂੰ ਚਲਿਆ ਹੈਂ, ਪਤਾ ਨਹੀਂ ਇਹਨਾਂ ਦੀਦਿਆਂ ਨੇ ਪਰਤ ਕੇ ਤੈਨੂੰ ਦੇਖਣਾ ਹੈ ਕਿ ਨਹੀਂ। ਇਸ ਬੁੱਢੜੀ ਨੂੰ ਦੀਦਾਰ ਜ਼ਰੂਰ ਦੇ ਜਾਈਂ। ਸਿੱਧੇ ਚਲੇ ਗਏ ਗੰਗਾ ਦੇ ਕਿਨਾਰੇ। ਉਸ ਬੀਬੀ ਦਾ ਨਾਮ ਸੀ ਜਮਨਾ ਦੇਵੀ, ਉਸਦੇ ਘਰ ਗਏ। ਸੋਚਿਆ ਇੰਨੀ ਸੰਗਤ ਤੇ ਹਾਂਡੀ ਦੀ ਖਿਚੜੀ ਕਿਵੇਂ ਪੂਰੀ ਆਏ। ਕਹਿਣ ਲੱਗੇ ਮਾਂ ! ਲਿਆ ਹਾਂਡੀ ਮੈਨੂੰ ਦੇ, ਮੈਂ ਵਰਤਾਉਂਦਾ ਹਾਂ। ਜਿੱਥੇ ਗੁਰੂ ਵਰਤਾਉਣ ਲੱਗ ਪਏ ਉਥੇ ਘਾਟੇ ਕਦੀ ਪੈਂਦੇ ਨਹੀਂ।

ਸਮਾਂ ਲੰਘਿਆ। ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋ ਗਏ। ਬਾਲਾ ਪ੍ਰੀਤਮ ਕਲਗੀਆਂ ਵਾਲੇ ਬਣ ਗਏ, ਗੁਲੇਲਾਂ ਚਲਾਉਣ ਵਾਲਾ, ਤੀਰ ਚਲਾਉਣ ਵਾਲਾ ਬਣ ਗਿਆ। ਗਲੀਆਂ ਵਿਚ ਦੌੜਨ ਵਾਲਾ ਨੀਲੇ ਦਾ ਸ਼ਾਹ ਅਸਵਾਰ ਬਣ ਗਿਆ। ਸੱਚ ਦੀ ਆਵਾਜ਼ ਬੁਲੰਦ ਕਰਨ ਲੱਗਾ।

ਹੁਣ ਮੁੱਦਤਾਂ ਤੋਂ ਬਾਅਦ ਪਿਆਰੇ ਦਾ ਪੁਰਬ ਆਉਣਾ ਹੈ। ਫ਼ਤਹਿ ਚੰਦ ਮੈਨੀ ਦੀ ਰਾਣੀ ਨੇ ਕਿਹਾ ਕਿ ਮੇਰਾ ਦਿਲ ਖਿੱਚ ਪਾਉਂਦਾ ਹੈ ਕਿ ਮੈਂ ਘੱਟੋ ਘੱਟ ਆਪਣੇ ਪੁੱਤਰ ਨੂੰ ਇਕ ਵਾਰੀ ਹੋਰ ਦੇਖ ਆਵਾਂ। ਸਾਰਾ ਪਰਿਵਾਰ ਤਿਆਰ ਹੋਇਆ ਹੈ। ਪੰਡਿਤ ਸ਼ਿਵ ਦੱਤ ਤਕਰੀਬਨ 100 ਦੇ ਨੇੜੇ ਢੁੱਕ ਚੁੱਕਾ ਸੀ। ਪੰਡਿਤ ਸ਼ਿਵ ਦੱਤ ਨੂੰ ਦੱਸਿਆ ਨਹੀਂ, ਬਜ਼ੁਰਗ ਹੈ, ਕਿਤੇ ਰਸਤੇ ਵਿਚ ਤਕਲੀਫ਼ ਨਾ ਹੋ ਜਾਏ। ਕਿਸੇ ਨੇ ਦੱਸਿਆ ਪੰਡਿਤ ਜੀ ਫ਼ਤਹਿ ਚੰਦ ਮੈਨੀ ਦਾ ਪਰਿਵਾਰ ਚਲਿਆ ਹੈ ਆਨੰਦਪੁਰ ਸਾਹਿਬ ਤੁਹਾਡੇ ਬਾਲਾ ਪ੍ਰੀਤਮ ਦੇ ਦਰਸ਼ਨਾਂ ਲਈ। ਪੰਡਿਤ ਸ਼ਿਵ ਦੱਤ ਨੇ ਵਸੀਲਾ ਬਣਾਇਆ ਤੇ ਸ਼ਾਮ ਨੂੰ ਪਹੁੰਚ ਗਿਆ। ਕਹਿਣ ਲੱਗਾ ਮੇਰੇ

ਦਿਲ ਦੇ ਮਹਿਰਮਾ ਫ਼ਤਹਿ ਚੰਦਾ ! ਤੈਨੂੰ ਪਤਾ ਹੈ ਮੇਰੇ ਤਨ ਦੀ ਚਮੜੀ ਤੇ ਝੁਰੜੀਆਂ ਨਾ ਦੇਖ, ਮੇਰੇ ਅੰਦਰ ਦੀ ਪ੍ਰੀਤ ਨੇ ਅਜੇ ਜਵਾਬ ਨਹੀਂ ਦਿੱਤਾ। ਮੈਨੂੰ ਬਾਲਾ ਪ੍ਰੀਤਮ ਦੇ ਦਰ 'ਤੇ ਲੈ ਜਾ। ਇਹ ਕਾਫ਼ਲਾ ਤੁਰਿਆ ਹੈ, ਉੱਧਰ ਗੁਰਪੁਰਬ ਵਾਲਾ ਦਿਨ ਪਿਆ ਆਉਂਦਾ ਹੈ। ਪੰਡਿਤ ਜੀ ਨੂੰ ਪਾਲਕੀ ਵਿਚ ਬਿਠਾ ਲਿਆ ਤੇ ਤੁਰ ਪਏ। ਹਜ਼ੂਰ ਕ੍ਰਿਪਾਲੂ ਜੀ ਅੱਜ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਘੋੜੇ 'ਤੇ ਅਸਵਾਰ ਹੋਏ ਕੀਰਤਪੁਰ ਸਾਹਿਬ ਲੰਘੇ ਹਨ। ਸਰਸਾ ਨੂੰ ਪਾਰ ਕੀਤਾ ਤੇ ਰੋਪੜ ਦੇ ਨੇੜੇ ਆ ਗਏ ਤੇ ਖਲੋ ਕੇ ਰਸਤੇ ਵਿਚ ਦੇਖਿਆ ਕਿ ਅੱਜ ਮੇਰੀ ਮਾਂ ਤੁਰੀ ਆਉਂਦੀ ਹੈ। ਮਾਂ ਨੂੰ ਅੱਗੋਂ ਜੀ ਆਇਆਂ ਨੂੰ ਕਹੀਦਾ ਹੈ। ਅੱਜ ਮੇਰਾ ਪਿਆਰਾ ਬਾਬਾ ਪੰਡਿਤ ਸ਼ਿਵ ਦੱਤ ਆਉਂਦਾ ਪਿਆ ਹੈ। ਦਾਤਾ ਜੀ ਨੇ ਘੋੜਾ ਬਿਲਕੁਲ ਪਾਲਕੀ ਦੇ ਨਾਲ ਲਾਇਆ ਹੈ ਤੇ ਪਰਦੇ ਵਿਚੋਂ ਆਵਾਜ਼ ਦਿੱਤੀ ਬਾਬਾ ਜੀ ਝਾਤ। ਕੰਬਦੇ ਹੱਥਾਂ ਨਾਲ ਕੱਪੜਾ ਚੁੱਕਿਆ ਪੰਡਿਤ ਨੇ, ਬਾਲਾ ਪ੍ਰੀਤਮ ਦੀ ਥਾਂ 'ਤੇ ਕਲਗੀਆਂ ਵਾਲੇ ਬਣ ਗਏ। ਪਾਲਕੀ ਖੜੀ ਕਰਾ ਕੇ ਬਾਹਰ ਨਿਕਲੇ ਤੇ ਨੇੜੇ ਹੋ ਕੇ ਜਦੋਂ ਮੱਥਾ ਟੇਕਣ ਲੱਗਾ ਤਾਂ, ਸਾਹਿਬ ਨੇ ਘੁੱਟ ਕੇ ਆਪਣੇ ਸੀਨੇ ਨਾਲ ਲਾ ਲਿਆ। ਇੰਨੀ ਦੇਰ ਨੂੰ ਫ਼ਤਹਿ ਚੰਦ ਦੀ ਰਾਣੀ ਆ ਗਈ ਹੈ। ਹਜ਼ੂਰ ਆਪ ਉੱਠਕੇ ਅੱਗੇ ਗਏ। ਰਾਣੀ ਬਿਹਬਲ ਹੋ ਕੇ ਮੱਥਾ ਟੇਕਣ ਲੱਗੀ। ਮੱਥਾ ਬੋਚ ਕੇ ਕਹਿਣ ਲੱਗੇ ਨਹੀਂ ਮਾਂ, ਉਸ ਦਿਨ ਵੀ ਕਹਿਆ ਸੀ ਮਾਵਾਂ ਅਸੀਸ ਦਿੰਦੀਆਂ ਹਨ, ਮਾਵਾਂ ਝੁੱਕਦੀਆਂ ਨਹੀਂ। ਕਹਿੰਦੇ ਹਨ ਮਾਂ ਦਾ ਅੰਦਰ ਖਿੜ ਗਿਆ ਤੇ ਕਲਗੀ ਵਾਲੇ ਨੂੰ ਘੁੱਟ ਕੇ ਸੀਨੇ ਨਾਲ ਲਾਇਆ, ਮਸਤਕ ਨੂੰ ਚੁੰਮਿਆ ਤੇ ਆਨੰਦਪੁਰ ਆ ਗਏ। ਸੰਗਤ ਇਕੱਠੀ ਹੋਈ। ਦੇਖਣ ਵਾਸਤੇ ਆਈ ਕਿ ਕਿਹੜੀ ਰਾਣੀ ਹੈ ਜਿਸਨੂੰ ਮਾਂ ਦੀ ਪਦਵੀ ਮਿਲੀ ਹੈ? ਕਿਹੜਾ ਪੰਡਿਤ ਹੈ ਜਿਸਦੀ ਗੋਦ ਵਿਚ ਬੈਠਕੇ ਕਲਗੀਧਰ ਜੀ ਨੇ ਬਾਲਪਣ ਦੇ ਦਿਨ ਬਤੀਤ ਕੀਤੇ? ਸਾਰੀ ਸੰਗਤ ਨੇ ਇਸ ਪਰਿਵਾਰ ਦਾ ਸਤਿਕਾਰ ਕੀਤਾ ਹੈ।

ਅੱਜ ਗੁਰੂ ਜੀ ਦਾ ਪੁਰਬ ਆ ਗਿਆ ਹੈ। ਪੰਡਿਤ ਸ਼ਿਵ ਦੱਤ ਜੀ ਬਿਲਕੁਲ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਬੈਠੇ ਹਨ। ਰਾਜਾ ਫ਼ਤਹਿ ਚੰਦ ਨੇ ਹੱਥ ਜੋੜੇ ਕਿ ਸੱਚੇ ਪਾਤਿਸ਼ਾਹ ! ਘਰ ਨੂੰ ਜਾਣਾ ਹੈ। ਹਜ਼ੂਰ ਨੇ ਆਵਾਜ਼ ਦਿੱਤੀ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆਇਆ ਜਾਏ। ਸਹੀ ਪਾ ਦਿੱਤੀ ਕਿ ਮਾਂ ! ਅੱਗੇ ਛੋਲੇ ਪੂੜੀਆਂ ਵਿਚੋਂ ਝਲਕਾਰੇ ਸਨ, ਹੁਣ ਇਸ ਸ਼ਬਦ ਨਾਲ ਜੁੜਿਉ, ਤਨ ਤਿਆਗਣ ਤੋਂ ਬਾਅਦ ਇਸ ਸ਼ਬਦ ਦਾ ਝਲਕਾਰਾ ਜਿੰਦ ਦੇ ਨਾਲ ਜਾਏਗਾ। ਰਾਜੇ ਨੇ ਕਿਹਾ ਪੰਡਿਤ ਜੀ, ਅਸੀਂ ਚੱਲੇ ਹਾਂ, ਤੁਸੀਂ ਕੁਝ ਮੰਗ ਲਉ ਬਾਲਾ ਪ੍ਰੀਤਮ ਕੋਲੋਂ। ਕਹਿਣ ਲੱਗੇ ਮੈਂ ਜਾਣ ਲਈ ਨਹੀਂ ਆਇਆ, ਮੈਂ ਇਥੇ ਸਮਾਣ ਲਈ ਆਇਆ ਹਾਂ। ਗੁਰਪੁਰਬ ਵਾਲੇ ਦਿਨ ਗੁਰੂ ਦੇ ਚਰਨਾਂ ਵਿਚ ਉਸਦੇ ਪ੍ਰਾਣ ਨਿਕਲ ਗਏ। ਅਰਦਾਸ ਕਰੀਏ ਕਿ ਗੁਰੂ ਸਾਨੂੰ ਗੁਰਮਤਿ ਦੀ ਰੌਸ਼ਨੀ ਦੀ ਦਾਤ ਬਖ਼ਸ਼ੇ, ਨਾਮ ਦੀ ਦਾਤ ਬਖ਼ਸ਼ੇ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਗੁਰੂ ਬਿਨਾ ਮੈ ਨਾਹੀ ਹੋਰ

ਗੋਂਡ ਮਹਲਾ ੫ ॥

ਗੁਰੂ ਗੁਰੂ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥੧॥

(ਅੰਗ ੮੬੪)

ਵਾਹਿਗੁਰੂ ਜੀ ਕੀ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੇ ਮਨ ! ਸਿਰਫ਼ ਤੂੰ ਆਪਣੇ ਗੁਰੂ ਦੇ ਸਹਾਰੇ 'ਤੇ ਜੀਅ ਅਤੇ ਆਪਣੀ ਜ਼ਿੰਦਗੀ ਵਿਚ ਇਹ ਗੱਲ ਘੁੱਟ ਕੇ ਪੱਲੇ ਬੰਨ੍ਹ ਲੈ ਕਿ ਮੈਂ ਗੁਰੂ ਤੋਂ ਬਿਨਾਂ ਆਪਣੇ ਅੰਦਰ ਕਿਸੇ ਹੋਰ ਨੂੰ ਥਾਂ ਨਹੀਂ ਦੇਣੀ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਸਿੱਖ ਦਾ ਇਸ਼ਟ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਸਿੱਖ ਦਾ ਨਿਰੰਕਾਰ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਸ਼ਬਦ ਸਿੱਖ ਦੇ ਜੀਵਨ ਦਾ ਆਧਾਰ ਅਤੇ ਇਸਦੇ ਮਾਨਸਿਕ ਪੱਧਰ ਦੇ ਖੰਭ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦੇ ਅੰਦਰ ਇਕ ਮੰਗਲ ਅਜਿਹਾ ਹੈ ਜੋ ਇਕ ਵਾਰੀ ਨਹੀਂ, ਦੋ ਵਾਰੀ ਨਹੀਂ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸੈਂਕੜੇ ਵਾਰੀ ਆਇਆ ਹੈ। ਉਹ ਮੰਗਲ ਹੈ

ੴ ਸਤਿਗੁਰ ਪ੍ਰਸਾਦਿ॥

ਜੇ ਆਮ ਤੌਰ 'ਤੇ ਪੁੱਛਿਆ ਜਾਏ ਤਾਂ ਵਿਦਵਾਨ ਸੱਜਣ ਇਹੀ ਅਰਥ ਕਰਨਗੇ ਕਿ ੴ ਸਤਿਗੁਰ ਪ੍ਰਸਾਦਿ ਦਾ ਭਾਵ ਇਹ ਹੈ ਕਿ ਸਤਿਗੁਰੂ ਅੰਮ੍ਰਿਤ ਬਾਣੀ ਲਿਖਣ ਤੋਂ ਪਹਿਲਾਂ ਆਪਣੇ ਇਸ਼ਟ ਦਾ, ਆਪਣੇ ਅਕਾਲ ਪੁਰਖ ਦਾ ਮੰਗਲ ਕਰਦੇ ਹਨ। ਪਰ ਮਨ ਵਿਚ ਬੜੀ ਵਾਰੀ ਖ਼ਿਆਲ ਆਇਆ ਕਿ ਕੀ ਕਾਰਨ ਹੈ ਕਿ ਸੈਂਕੜੇ ਵਾਰੀ ਗੁਰੂ ਨੇ ਇਹ ਗੱਲ ਸਾਨੂੰ ਚੇਤੇ ਕਰਾਈ ਹੈ। ਬਾਣੀ ਵਿਚ ੴ ਸਤਿਗੁਰ ਪ੍ਰਸਾਦਿ, ਮੰਗਲ ਤਾਂ ਹੈ ਹੀ ਪਰ ਇਹ ਬਾਰ ਬਾਰ ਕਿਉਂ ਦਰਜ ਕੀਤਾ ਗਿਆ ? ਜੋ ਕੁਝ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੀ ਗੋਦ ਵਿਚ ਬਿਠਾ ਕੇ ਸਮਝਾਇਆ, ਇਸਦਾ ਭਾਵ ਇਹ ਸੀ ਕਿ ਭਾਵੇਂ ਤੂੰ ਸ਼ਬਦ ਪੜ੍ਹੀਂ ਬਾਬੇ ਫ਼ਰੀਦ ਜੀ ਦਾ,

ਭਾਵੇਂ ਤੂੰ ਸ਼ਬਦ ਪੜ੍ਹੀਂ ਬੰਗਾਲ ਦੀ ਧਰਤੀ 'ਤੇ ਪੈਦਾ ਹੋਏ ਮਹਾਂਪੁਰਸ਼ ਬਾਬਾ ਜੈ ਦੇਵ ਜੀ ਦਾ, ਭਾਵੇਂ ਤੂੰ ਸ਼ਬਦ ਪੜ੍ਹੀਂ ਬਨਾਰਸ ਦੀ ਧਰਤੀ 'ਤੇ ਰਹਿਣ ਵਾਲੇ ਭਗਤ ਕਬੀਰ ਜੀ ਦਾ, ਰਾਮਾਨੰਦ ਜੀ ਦਾ ਭਾਵੇਂ ਸ਼ਬਦ ਤੂੰ ਪੜ੍ਹੀਂ, ਮਹਾਂਰਾਸ਼ਟਰ ਦੇ ਬਾਬਾ ਨਾਮਦੇਵ ਜੀ ਦਾ ਸ਼ਬਦ ਪੜ੍ਹੀਂ, ਪਰ ਇਕ ਗੱਲ ਨੂੰ ਬਿਲਕੁਲ ਭੁੱਲੀਂ ਨਾ ਕਿ ਸਾਰੀ ਬਾਣੀ ਦਾ ਸ਼ਬਦ ਦਾ ਸਿਧਾਂਤ ਇਹ ਹੈ ਕਿ ਬਾਣੀ ਪੜ੍ਹਨ ਵਾਲਿਆ ! ਤੂੰ ਇਕ ਦੇ ਵਿਚ ਅਭੇਦ ਹੋਣਾ ਹੈ ਤੇ ਉਸ ਨਾਲ ਜੁੜਨਾ ਹੈ ਤੇ ਉਸ ਨਾਲ ਜੁੜਨ ਦਾ ਵਸੀਲਾ ਕੇਵਲ ਇਕ ਹੈ ਸਤਿਗੁਰ ਪ੍ਰਸਾਦਿ॥ ੧ਓ ਤੋਂ ਭਾਵ ਉਹ ਪ੍ਰਮੇਸ਼ਰ ਜੋ ਇਕ ਹੈ, ਜਿਸ ਵਰਗਾ ਹੋਰ ਕੋਈ ਨਹੀਂ, ਅਦੁੱਤੀ ਹੈ ਤੇ ਉਸਨੂੰ ਪਾਉਣ ਦੀ ਜੁਗਤ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਤਿਗੁਰ ਪ੍ਰਸਾਦਿ ਹੈ। ਸਤਿਗੁਰ ਦਾ ਅਰਥ ਕਰਾਂਗੇ ਸਤਿਗੁਰੂ ਜੀ ਤੇ ਪ੍ਰਸਾਦਿ ਦਾ ਅਰਥ ਕਰਾਂਗੇ ਕ੍ਰਿਪਾ। ਜੇ ਇਕ ਤੱਕ ਪਹੁੰਚਣਾ ਚਾਹੁੰਦਾ ਹੈਂ ਤਾਂ ਆਪਣੀਆਂ ਚਲਾਕੀਆਂ, ਆਪਣੀਆਂ ਸਿਆਣਪਾਂ ਨਹੀਂ, ਕੇਵਲ ਗੁਰਪ੍ਰਸਾਦਿ ਮੰਗ।

ਜਿਸ ਉੱਪਰ ਗੁਰੂ ਦੀ ਕ੍ਰਿਪਾ ਹੋ ਗਈ ਉਹ ਇਕ ਵਿਚ ਜ਼ਰੂਰ ਅਭੇਦ ਹੋ ਜਾਵੇਗਾ। ਇਕ ਨਾਲ ਜੁੜਨਾ ਹੈ ਤੇ ਸਤਿਗੁਰੂ ਦੀ ਕ੍ਰਿਪਾ ਨਾਲ ਆਪਾਂ ਜੁੜ ਸਕਦੇ ਹਾਂ। ਜਦੋਂ ਕੋਈ ਗੁਰੂ ਦੇ ਸ਼ਬਦ ਨੂੰ ਆਪਣੀ ਜ਼ਿੰਦਗੀ ਵਿਚ ਕਮਾਉਂਦਾ ਹੈ ਤਾਂ ਗੁਰੂ ਦਾ ਸ਼ਬਦ ਇਸਦੇ ਅੰਦਰ ਦੇ ਕਰੋੜਾਂ ਜਨਮਾਂ ਦੇ ਅੰਧਕਾਰ ਨੂੰ ਖ਼ਤਮ ਕਰਕੇ ਰੂਹਾਨੀਅਤ ਦਾ ਪ੍ਰਕਾਸ਼ ਕਰ ਦਿੰਦੇ ਹਨ।

ਆਸਾ ਦੀ ਵਾਰ ਅਸੀਂ ਰੋਜ਼ ਦਰਬਾਰ ਦਰਬਾਰ ਸਾਹਿਬ ਤੋਂ ਸੁਣਦੇ ਹਾਂ, ਪਰ ਜਿਸ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਕੀਰਤਨ ਦਾ, ਕਥਾ ਦਾ ਕੀ ਭਾਵ ਹੈ? ਜਦੋਂ ਜਪੁ ਜੀ ਸਾਹਿਬ ਦੀਆਂ ਪਉੜੀਆਂ ਆਉਂਦੀਆਂ ਹਨ ਮੰਨੇ ਤੇ ਮੰਨੇ ਦੀਆਂ, ਮੰਨੇ ਦੀ ਪਉੜੀ ਦਾ ਅਰਥ ਹੈ ਕਿ ਜਿਸਨੇ ਮੰਨ ਲਿਆ ਹੈ ਤੇ ਜਿਥੇ ਬਚਨ ਆਇਆ

ਮੰਨੈ ਸੁਰਤਿ ਹੋਵੈ ਮਨਿ ਬੁਧਿ॥

ਇਸਦਾ ਅਰਥ ਹੈ ਜੇਕਰ ਕੋਈ ਇਨਸਾਨ ਮੰਨ ਲਏ। ਇਕ ਹੈ ਜਿਸਨੇ ਮੰਨ ਲਿਆ ਤੇ ਦੂਜਾ ਹੈ ਜੇਕਰ ਕੋਈ ਮੰਨ ਲਏ। ਸੱਚ ਜਾਣੋ, ਗੁਰਮਤਿ ਇਹ ਹੈ ਕਿ ਜੋ ਗੁਰੂ ਕਹਿੰਦਾ ਹੈ ਉਸਨੂੰ ਸਤਿ ਬਚਨ ਕਰਕੇ ਮੰਨੀ ਜਾਏਂ ਤਾਂ ਤੂੰ ਪ੍ਰਮਾਤਮਾ ਦੇ ਘਰ ਤੱਕ ਜ਼ਰੂਰ ਪਹੁੰਚੇਂਗਾ। ਥੋੜ੍ਹਾ ਜਿਹਾ ਮੈਂ ਇਥੇ ਰੁੱਕਣਾ ਚਾਹੁੰਦਾ ਹਾਂ, ਕਿਉਂਕਿ ਮੰਨਣਾ ਹੀ ਸਭ ਤੋਂ ਸ੍ਰੇਸ਼ਟ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਮੁਬਾਰਕ ਰਸਨਾ ਤੋਂ ਇਕ ਬਚਨ ਕਿਹਾ ਹੈ। ਹਜ਼ੂਰ ਨੇ ਆਤਮਕ ਭੋਜਨ ਦੀ ਗੱਲ ਕੀਤੀ। ਜਿਵੇਂ ਆਪਾਂ ਆਪਣੇ ਸਰੀਰ ਨੂੰ ਕਾਇਮ ਰੱਖਣ ਲਈ ਭੋਜਨ ਛੱਕਦੇ ਹਾਂ। ਕਦੀ ਘਰ ਵਿਚ ਮਿੱਠਾ ਬਣਦਾ ਹੈ, ਕਦੀ ਸਲੂਣਾ ਬਣਦਾ ਹੈ ਤੇ ਕਦੀ ਖੱਟੇ ਮਿੱਠੇ ਪਦਾਰਥ ਬਣਾਏ ਜਾਂਦੇ ਹਨ, ਪਰ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਉਹਨਾਂ ਬਾਹਰ ਦੇ ਪਕਵਾਨਾਂ ਦੀ ਗੱਲ ਕਰਕੇ ਸਾਡੇ ਆਤਮਕ ਭੋਜਨ ਦੀ ਇਕ ਗੱਲ ਕੀਤੀ। ਆਮ ਤੌਰ 'ਤੇ ਸਾਡੇ ਸਮਾਜ ਵਿਚ ਮਿਠਾਸ ਨੂੰ ਬਹੁਤ ਵੱਡੀ ਥਾਂ ਦਿੱਤੀ ਗਈ। ਕਹਿਣ ਲੱਗੇ ਸਭ ਕੁਝ ਮਿੱਠਾ ਹੈ ਪਰ ਰੱਬ ਵਰਗਾ ਮਿੱਠਾ ਕੋਈ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ

ਇਕ ਤੁਕ ਆਉਂਦੀ ਹੈ ਗੁਰੂ ਅਰਜਨ ਦੇਵ ਸਾਹਿਬ ਜੀ ਦੀ। ਕਹਿੰਦੇ ਹਨ ਮਾਂ ਸ਼ਬਦ ਜਾਂ ਪਿਤਾ ਸ਼ਬਦ ਇੰਨੇ ਮਿੱਠੇ ਹਨ ਕਿ ਮਾਂ ਸ਼ਬਦ ਕਹਿੰਦਿਆਂ ਮੂੰਹ ਭਰਿਆ ਜਾਂਦਾ ਹੈ ਮਿਠਾਸ ਨਾਲ, ਪਰ ਸਤਿਗੁਰੂ ਕਹਿਣ ਲੱਗੇ ਕਦੀ ਨਾਮ ਨਾਲ ਜੁੜ ਕੇ ਵੇਖ। ਮਾਂ ਕਹਿੰਦਿਆਂ ਵੀ ਮਿਠਾਸ ਆਉਂਦੀ ਹੈ, ਪਰ ਜਿਹੜਾ ਗੁਰੂ ਕਹਿਣ ਲੱਗ ਪਏਗਾ ਉਹ ਮਾਂ ਦੀ ਮਿਠਾਸ ਤੋਂ ਵੀ ਉੱਪਰ ਉੱਠ ਜਾਏਗਾ। ਉਥੇ ਸਾਹਿਬ ਨੇ ਬੋਲਾਂ ਨੂੰ ਵੀ ਮਿੱਠਾ ਕਿਹਾ। ਅਸੀਂ ਸ਼ਬਦ ਪੜ੍ਹਦੇ ਹਾਂ—

ਗੋਸਾਈ ਮਹਿੰਡਾ ਇਠੜਾ॥ ਅੰਮ ਅਬੇ ਥਾਵਹੁ ਮਿਠੜਾ॥

(ਅੰਗ ੭੩)

ਅੰਮ ਦਾ ਅਰਥ ਹੈ ਮਾਂ ਤੇ ਅਬੇ ਦਾ ਅਰਥ ਹੈ ਪਿਤਾ। ਮੇਰੇ ਗੁਰੂ ਗ੍ਰੰਥ ਸਾਹਿਬ ਨੇ ਕਿਹਾ ਕਿ ਉਹ ਇੰਨਾ ਮਿੱਠਾ ਹੈ ਕਿ ਜਿਸ ਦਿਨ ਦਾ ਮੇਰੇ ਨਾਲ ਗੱਲਾਂ ਕਰਨ ਲੱਗਾ ਹੈ, ਚੇਤੇ ਕਰਦਾ ਪਿਆ ਹਾਂ। ਕੋਈ ਦਿਨ ਵੀ ਮੈਨੂੰ ਨਹੀਂ ਲੱਭਦਾ ਜਿਸ ਦਿਨ ਮੇਰਾ ਮਾਲਕ ਫਿੱਕਾ ਬੋਲਿਆ ਹੋਵੇ। ਅਸੀਂ ਰੋਜ਼ ਸ਼ਬਦ ਪੜ੍ਹਦੇ ਹਾਂ-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ॥
ਕਉੜਾ ਬੋਲਿ ਨਾ ਜਾਨੈ ਪੂਰਨ ਭਗਵਾਨੈ ਅਉਗੁਣੁ ਕੋ ਨ ਚਿਤਾਰੇ॥

(ਅੰਗ ੭੮੪)

ਬੋਲੇ ਕੌੜਾ ਤਾਂ ਜੇ ਉਸਨੂੰ ਬੋਲਣਾ ਆਉਂਦਾ ਹੋਵੇ। ਕਹਿਣ ਲੱਗੇ ਗੁਰੂ ਦੇ ਚਰਨ ਮਿੱਠੇ, ਰੱਬ ਦਾ ਨਾਮ ਮਿੱਠਾ ਹੈ। ਪਰ ਜਿਸ ਦਿਨ ਗੁਰੂ ਨਾਨਕ ਸਾਹਿਬ ਜੀ ਨੇ ਪੁੱਛਿਆ, ਦਾਤਾ ਜੀ! ਸੰਗਤ ਵਿਚ ਆ ਕੇ ਕੁਝ ਲੋਕ ਬੋਲ ਕੇ ਕਥਾ ਕੀਰਤਨ ਕਰਦੇ ਹਨ, ਕੁਝ ਸੱਜਣ ਬੈਠਕੇ ਚੁੱਪ ਕਰਕੇ ਸੁਣਦੇ ਹਨ, ਕੁਝ ਸੱਜਣ ਭਾਵਨਾ ਨਾਲ ਅੱਖਾਂ ਵਿਚ ਨੀਰ ਲੈ ਕੇ ਅੰਦਰੋਂ ਪ੍ਰੇਮ ਦੇ ਵਲਵਲੇ ਪੈਦਾ ਕਰਦੇ ਹਨ ਤੇ ਕੁਝ ਅਜਿਹੇ ਹਨ ਜਿਹੜੇ ਵਲਵਲਿਆਂ ਤੋਂ ਉੱਪਰ ਉੱਠ ਕੇ ਜੋ ਕੁਝ ਸੁਣਦੇ ਹਨ, ਉਸਨੂੰ ਮੰਨਦੇ ਪਏ ਹਨ। ਤੁਸੀਂ ਕ੍ਰਿਪਾ ਕਰਕੇ ਦੱਸੋ ਇਹਨਾਂ ਸਾਰਿਆਂ ਵਿਚੋਂ ਉੱਤਮ ਕੋਣ ਹੈ? ਮੇਰੇ ਸਤਿਗੁਰੂ ਨੇ ਜਦੋਂ ਗਿਣਤੀ ਕੀਤੀ ਤਾਂ ਸਭ ਤੋਂ ਪਹਿਲਾਂ ਕਹਿਣ ਲੱਗੇ-

ਸਭਿ ਰਸ ਮਿਠੇ ਮੰਨਿਐ

(ਅੰਗ ੧੬)

ਸੱਚ ਜਾਣੀ, ਜਿਸਨੇ ਗੁਰੂ ਦੀ ਗੱਲ ਮੰਨ ਲਈ, ਮੰਨਣ ਵਰਗੀ ਮਿਠਾਸ ਹੋਰ ਕਿਸੇ ਕੰਮ ਵਿਚ ਵੀ ਨਹੀਂ। ਬੋਲਣ ਵਿਚ ਆਪਣਾ ਰੱਸ ਹੈ। ਸੱਚ ਜਾਣਿਉ, ਕਿਸੇ ਸਮੇਂ ਕੀਰਤਨ ਕਥਾ ਕਰਦਿਆਂ ਹਉਮੈ ਇਹੋ ਜਿਹੇ ਚੰਡ ਮਾਰਦੀ ਹੈ ਕਿ ਅਸੀਂ ਵੀ ਬੋਲਦੇ ਹਾਂ ਸੰਗਤ ਵਿਚੋਂ

ਵਾਹ ਵਾਹ ਕਰਨ ਤੇ ਹਉਮੈ ਹੋਰ ਪ੍ਰਗਟ ਹੋ ਕੇ ਬੋਲੇਗੀ। ਜਿਸਨੇ ਗੁਰੂ ਦੀ ਗੱਲ ਮੰਨ ਲਈ, ਸਮਝੋ ਉਹ ਗੁਰੂ ਘਰ ਵਿਚ ਮਿਠਾਸ ਦਾ ਭਾਗੀਦਾਰ ਬਣ ਗਿਆ।

ਸੁਣਿਐ ਸਾਲੋਣੇ॥

ਜਿਸਨੇ ਸੁਣ ਲਿਆ ਸਮਝੋ ਉਹ ਨਮਕੀਨ ਵਾਲੇ ਪਦਾਰਥਾਂ ਦਾ ਭਾਗੀਦਾਰ ਬਣਿਆ।

ਖਟ ਤੁਰਸੀ ਮੁਖਿ ਬੋਲਣਾ

ਜਿਹੜਾ ਜ਼ਬਾਨ ਤੋਂ ਪ੍ਰਭੂ ਦਾ ਨਾਮ ਬੋਲਣ ਲੱਗ ਪਿਆ, ਉਸਨੂੰ ਖੱਟਾ ਮਿੱਠਾ ਆਨੰਦ ਆਉਣ ਲੱਗ ਪਿਆ।

ਮਾਰਣ ਨਾਦ ਕੀਏ॥

ਨਾਦ ਦਾ ਅਰਥ ਹੈ ਕੀਰਤਨ ਤੇ ਮਾਰਣ ਦਾ ਅਰਥ ਹੈ ਮਸਾਲਾ। ਜਦੋਂ ਕਿਸੇ ਨੇ ਕੀਰਤਨ ਕੀਤਾ ਸਮਝੋ ਭੋਜਨ ਵਿਚ ਮਸਾਲਾ ਪੈ ਗਿਆ।

ਛਤੀਹ ਅੰਮ੍ਰਿਤ ਭਾਉ ਏਕੁ

ਜਿਸਦੇ ਅੰਦਰ ਇਕ ਭਾਵਨਾ ਪੈਦਾ ਹੋ ਗਈ, ਸਮਝੋ ਉਸਨੇ ਛਤੀਹ ਪ੍ਰਕਾਰ ਦੇ ਭੋਜਨ ਆਪਣੇ ਥਾਲ ਵਿਚ ਪਾ ਲਏ।

ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇ॥

(ਅੰਗ ੧੬)

ਜਦੋਂ ਭਾਈ ਸਾਹਿਬ ਨੇ ਇਹ ਪਉੜੀ ਪੜ੍ਹੀ ਤਾਂ ਮਨ ਵਿਚ ਆਇਆ ਕਿ ਮੇਰੇ ਧੰਨ ਗੁਰੂ ਨਾਨਕ ਦੇਵ ਸੱਚੇ ਪਾਤਿਸ਼ਾਹ ! ਅੱਜ ਜਦੋਂ ਕੋਈ ਤੇਰੇ ਬਚਨਾਂ ਨੂੰ ਮੰਨ ਲਏਗਾ, ਬੌਧਿਕ ਤੱਲ 'ਤੇ ਜੀਉਣ ਵਾਲੇ ਲੱਖਾਂ ਕਰੋੜਾਂ ਵਿਦਵਾਨ ਇਕੱਠੇ ਹੋ ਜਾਣ, ਉਹ ਲੱਖਾਂ ਗ੍ਰੰਥ ਖੋਲ੍ਹ ਕੇ ਬੈਠ ਜਾਣ ਤੇ ਲੱਖਾਂ ਜੁੱਗਾਂ ਤੱਕ ਲਿਖੀ ਜਾਣ, ਬਾਬਾ ਨਾਨਕ ਕਹਿੰਦਾ ਹੈ, ਜਿਸਨੇ ਮੰਨ ਲਿਆ ਲੱਖਾਂ ਜੁੱਗ, ਲੱਖਾਂ ਗ੍ਰੰਥ ਤੇ ਲੱਖਾਂ ਵਿਦਵਾਨ ਉਸਦੇ ਬਾਰੇ ਤਿਲ-ਮਾਤਰ ਵੀ ਨਹੀਂ ਜਾਣ ਸਕਦੇ।

ਮੰਨੇ ਕੀ ਗਤਿ ਕਹੀ ਨ ਜਾਇ॥

(ਅੰਗ ੩)

ਗਤਿ ਦਾ ਅਰਥ ਹੈ ਆਤਮਕ ਅਵਸਥਾ। ਕਿਉਂਕਿ ਜੀਵਨ ਵਾਲੇ ਦੀ ਆਤਮਕ ਅਵਸਥਾ ਨੂੰ ਅਨੁਭਵ ਵਿਚ ਹੋ ਕੇ ਹੀ ਦੇਖਿਆ ਜਾ ਸਕਦਾ ਹੈ। ਯਾਦ ਰੱਖੋ ਅਨੁਭਵ ਨੂੰ ਅੱਖਰਾਂ ਨਾਲ ਬਿਆਨ ਕਦੀ ਨਹੀਂ ਕੀਤਾ ਜਾ ਸਕਦਾ। ਕਬੀਰ ਜੀ ਕਹਿੰਦੇ ਹਨ—

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

ਪਰ ਨਾਲ ਬਚਨ ਕੀਤਾ-

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥

ਕੀ ਦੱਸਾਂ ਉਸ ਦੇ ਬਾਰੇ?

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥

(ਅੰਗ ੧੩੭੦)

ਆਪ ਰੋਜ਼ ਜਪੁ ਜੀ ਸਾਹਿਬ ਪੜ੍ਹਦੇ ਹੋ। ਇਹ ਗੱਲ ਵੱਖਰੀ ਹੈ ਕਿ ਅਸੀਂ ਗੁਰਮਤਿ ਦੇ ਬਹੁਤ ਉੱਚੇ ਸ਼ਬਦਾਂ ਨੂੰ ਆਮ ਤੌਰ 'ਤੇ ਛੋਟੇ ਪੱਧਰ 'ਤੇ ਵਰਤ ਜਾਂਦੇ ਹਾਂ। ਕੋਈ ਇਨਸਾਨ ਚਲਾਣਾ ਕਰ ਜਾਏ, ਕਈ ਵਾਰੀ ਅਸੀਂ ਸੰਗਤ ਵਿਚ ਵਿਅਕਤੀ ਤੌਰ 'ਤੇ ਜਜ਼ਬਾਤੀ ਹੋ ਕੇ ਸ਼ਬਦ ਕਹਿ ਦਿੰਦੇ ਹਾਂ ਕਿ ਮੈਨੂੰ ਪੂਰਨ ਭਰੋਸਾ ਹੈ ਕਿ ਇਸ ਬੰਦੇ ਨੂੰ ਸੱਖਖੰਡ ਵਿਚ ਥਾਂ ਮਿਲੇਗੀ। ਉਸ ਵੇਲੇ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਘੱਟੋ ਘੱਟ ਜੇ ਆਪਾਂ ਉਹ ਗੱਲ ਨਹੀਂ ਜਾਣਦੇ ਤਾਂ ਜ਼ਬਾਨ 'ਤੇ ਕਾਬੂ ਪਾ ਕੇ ਰੱਖੀਏ। ਜਿਥੇ ਗੁਰੂ ਨਾਨਕ ਆਪ ਬੋਲ ਕੇ ਕਹਿੰਦੇ ਹਨ ਕਿ ਬਸ ਮੈਂ ਇਥੋਂ ਤੱਕ ਦੱਸ ਸਕਦਾ ਹਾਂ, ਇਸ ਤੋਂ ਅੱਗੇ ਬੋਲਣਾ ਇਸ ਤਰ੍ਹਾਂ ਹੈ ਜਿਵੇਂ ਮੈਨੂੰ ਕੋਈ ਕਹੇ ਕਿ ਦੰਦਾਂ ਨਾਲ ਲੋਹਾ ਚਬਾ ਤੇ ਦੰਦਾਂ ਨਾਲ ਲੋਹਾ ਨਹੀਂ ਚਬਾਇਆ ਜਾ ਸਕਦਾ ਤੇ ਸੱਖਖੰਡ ਨੂੰ ਵੀ ਪੂਰਾ ਬਿਆਨ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਦੇ ਅੰਮ੍ਰਿਤ ਬੋਲ ਅਸੀਂ ਪੜ੍ਹਦੇ ਹਾਂ ਕਿ

ਸਚ ਖੰਡਿ ਵਸੈ ਨਿਰੰਕਾਰ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਲੋਅ ਲੋਅ ਆਕਾਰ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥

(ਅੰਗ ੮)

ਕਹਿੰਦੇ ਹਨ ਆਪਣੀ ਜ਼ਬਾਨ ਤੋਂ ਉਸਨੂੰ ਕਥਨ ਕਰਨਾ ਇਸ ਤਰ੍ਹਾਂ ਹੈ ਜਿਵੇਂ ਮਾਨੋ ਦੰਦਾਂ ਦੇ ਨਾਲ ਕਿਸੇ ਨੂੰ ਕਹੀਏ ਤੂੰ ਲੋਹਾ ਚਬਾ ਕੇ ਦਿਖਾ। ਜੇ ਸਮਰੱਥ ਗੁਰੂ ਕਹਿੰਦੇ ਹਨ ਲੋਹਾ ਚਬਾਉਣਾ ਤਾਂ ਆਪਾਂ ਕੀ ਬਿਆਨ ਕਰ ਸਕਦੇ ਹਾਂ। ਜਦੋਂ ਅਸੀਂ ਭਾਣਾ ਮੰਨਣ ਦੀ ਗੱਲ ਕਹਿੰਦੇ ਹਾਂ ਤਾਂ ਉਦੋਂ ਇਕ ਸ਼ਬਦ ਕਹਿੰਦੇ ਹਾਂ ਕਿ ਦਾਤਾ ਜੀ ! ਇਹਨਾਂ ਨੂੰ ਭਾਣਾ ਮਿੱਠਾ ਕਰਕੇ ਮੰਨਣ ਦੀ ਜਾਚ ਬਖ਼ਸ਼ੀਂ। ਜਿਸਨੇ ਮੰਨ ਲਿਆ ਸੱਚ ਜਾਣੋ, ਉਹ ਗੁਰੂ ਦੇ ਘਰ ਵਿਚ

ਸਭ ਤੋਂ ਵੱਧ ਮਿੱਠਾ ਹੈ। ਇਸੇ ਨੂੰ ਗੁਰੂ ਨੇ ਕਿਹਾ ਕਿ-

ਤੇਰਾ ਕੀਆ ਮੀਠਾ ਲਾਗੈ॥

(ਅੰਗ ੩੯੪)

ਸਤਿਗੁਰ ਕਹਿਣ ਲੱਗੇ-

ਮੰਨੇ ਕੀ ਗਤਿ ਕਹੀ ਨਾ ਜਾਇ॥

(ਅੰਗ ੩)

ਮੰਨਣ ਵਾਲੇ ਦੀ ਅਵਸਥਾ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਜੇਕਰ ਕੋਈ ਕਹੇ ਕਿ ਮੈਂ ਬਿਆਨ ਕਰਨ ਤੁਰਿਆ ਹਾਂ ਕਮਾਈ ਵਾਲੇ ਦੇ, ਪਾਖੰਡੀ ਨਾ ਹੋਵੇ ਤੇ ਧਰਮ ਦੇ ਬੁਰਕੇ ਦੇ ਥੱਲੇ ਕੇਵਲ ਉਹ ਆਪਣੀ ਹਉਮੈ ਦਾ ਪ੍ਰਗਟਾਵਾ ਕਰੇ, ਜਿਹੜਾ ਸਹੀ ਅਰਥਾਂ ਵਿਚ ਪਹੁੰਚਿਆ ਹੈ ਸੱਚ ਜਾਣੋ, ਉਸਦੇ ਜੀਵਨ ਦੀ ਹਰ ਘਟਨਾ ਹੀ ਅਜੀਬੋ ਗ਼ਰੀਬ ਹੈ।

ਜੇ ਕੋ ਕਹੈ ਪਿਛੈ ਪਛੁਤਾਇ॥

ਕਾਗਦਿ ਕਲਮ ਨ ਲਿਖਣਹਾਰੁ॥

ਕੋਈ ਕਾਗਜ਼, ਕੋਈ ਕਲਮ ਤੇ ਕੋਈ ਲਿਖਾਰੀ ਉਸਦੇ ਬਾਰੇ ਲਿਖ ਨਹੀਂ ਸਕਦਾ।

ਮੰਨੇ ਕਾ ਬਹਿ ਕਰਨਿ ਵੀਚਾਰੁ॥

ਜੇ ਮੰਨਣ ਵਾਲੇ ਦੇ ਸਬੰਧੀ ਬੈਠਕੇ ਰਤਾ ਭਰ ਵੀ ਵਿਦਵਾਨ ਵਿਚਾਰ ਕਰਕੇ ਰਹਿਣ, ਕਹਿਣ ਲੱਗੇ ਕੁਝ ਬਿਆਨ ਨਹੀਂ ਕਰ ਸਕਦੇ।

ਐਸਾ ਨਾਮੁ ਨਿਰੰਜਨੁ ਹੋਇ॥

ਨਿਰੰਜਨ ਦਾ ਅਰਥ ਹੈ ਉਹ ਪ੍ਰਮਾਤਮਾ ਦਾ ਨਾਮ ਜਿਸ ਉੱਪਰ ਕਾਲਖ ਨਹੀਂ, ਜਿਸ ਉੱਪਰ ਮਾਇਆ ਦਾ ਕੋਈ ਕਲੰਕ ਨਹੀਂ।

ਜੇ ਕੋ ਮੰਨਿ ਜਾਣੈ ਮਨਿ ਕੋਇ॥

(ਅੰਗ ੩)

ਮੇਰੇ ਪ੍ਰਮਾਤਮਾ ਦਾ ਅਜਿਹਾ ਨਾਮ ਹੈ ਜੇ ਕੋਈ ਸ਼ਰਧਾ ਧਾਰ ਕੇ ਆਪਣੇ ਮਨ ਵਿਚ ਮੰਨ ਲਵੇ ਤਾਂ ਯਾਦ ਰੱਖੋ, ਉਸਦੀ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਮੰਨਣ ਵਿਚ ਸੁੱਖ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨ ਪੜ੍ਹਕੇ ਅਕਸਰ ਹਰ ਪ੍ਰੋਗਰਾਮ ਵਿਚ ਅਰਦਾਸ ਕਰਦੇ ਹਾਂ ਤੇ ਅਰਦਾਸੀਆ ਗੁਰਸਿੱਖ ਨਿਤਨੇਮ ਕਰਨ ਵਾਲਾ ਹਰ ਮਨੁੱਖ ਇਹ ਬੇਨਤੀ ਕਰਦਾ ਹੈ ਮਹਾਰਾਜ ! ਆਪ ਜੀ ਦੇ ਦਰ 'ਤੇ ਕੀਰਤਨ ਹੋਇਆ, ਬਾਣੀ ਪੜ੍ਹੀ ਗਈ ਤੇ ਨਾਲ ਅਸੀਂ ਕਹਿੰਦੇ ਹਾਂ ਪੜ੍ਹੀ ਸੁਣੀ ਬਾਣੀ ਨੂੰ ਆਪਣੇ ਦਰਗਾਹ ਜਾਂ ਸੱਚਖੰਡਿ ਵਿਚ ਪ੍ਰਵਾਨ ਕਰਨਾ। ਸੁਣੋ ਗੁਰਮੁਖੋ ! ਆਪਾਂ ਕੋਈ ਚੀਜ਼ ਕਿਸੇ ਥਾਲੀ ਵਿਚ ਪਰੋਸ ਕੇ ਕੀਮਤੀ ਭੇਟਾ ਕਿਸੇ ਬਾਦਸ਼ਾਹ ਦੇ ਸਾਹਮਣੇ ਲੈ ਕੇ ਜਾਈਏ ਤੇ ਅਰਜ਼ ਕਰੀਏ ਕਿ ਮਹਾਰਾਜ ! ਇਸਨੂੰ

ਪ੍ਰਵਾਨ ਕਰੋ ਤੇ ਆਪਾਂ ਉਹ ਥਾਲੀ ਲੈ ਕੇ ਤਾਂ ਵਾਪਿਸ ਮੁੜਾਂਗੇ ਜੇ ਬਾਦਸ਼ਾਹ ਉਸਦੇ ਵਿਚੋਂ ਕੁਝ ਸਵੀਕਾਰ ਕਰੇਗਾ। ਜੇ ਉਸਨੇ ਪ੍ਰਵਾਨ ਨਾ ਕੀਤੀ ਤਾਂ ਆਪਣੇ ਮਨ 'ਤੇ ਕੀ ਬੀਤੇਗੀ ? ਆਪਾਂ ਅਰਦਾਸ ਵਿਚ ਕਹਿ ਦਿੰਦੇ ਹਾਂ ਕਿ ਪ੍ਰਵਾਨ ਕਰਿਉ ਪਰ ਗੁਰੂ ਨੂੰ ਕਦੀ ਪੁੱਛਿਆ ਪ੍ਰਵਾਨ ਕਿੰਨ੍ਹਾਂ ਦੀ ਗੱਲ ਕਰਦੇ ਹੋ? ਮੇਰੇ ਸਤਿਗੁਰੂ ਨੇ ਬਾਣੀ ਵਿਚ ਦੋ ਤੁੱਕਾਂ ਕਹੀਆਂ। ਕਹਿਣ ਲੱਗੇ ਬਾਣੀ ਪੜ੍ਹਕੇ, ਕੀਰਤਨ ਕਰਕੇ, ਨਿਤਨੇਮ ਕਰਕੇ ਸਾਰੇ ਪ੍ਰਵਾਨ ਕਰਿਉ। ਪਰ ਯਾਦ ਰੱਖੀਂ, ਥਾਏਂ ਉਹਨਾਂ ਦਾ ਪੈਂਦਾ ਹੈ ਜਿਹੜੇ ਸਤਿ ਬਚਨ ਕਰਕੇ ਮੰਨ ਲੈਂਦੇ ਹਨ। ਅਸੀਂ ਪੜ੍ਹਦੇ ਹਾਂ-

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥

(ਅੰਗ ੬੬੯)

ਜਿਨ੍ਹਾਂ ਨੇ ਸਤਿਗੁਰ ਦੀ ਆਗਿਆ ਨੂੰ ਸਤਿ ਕਰਕੇ ਮੰਨਿਆ। ਇਕ ਪ੍ਰਮਾਣ ਬਾਣੀ ਵਿਚ ਗੁਰੂ ਰਾਮਦਾਸ ਜੀ ਦਾ ਹੈ—

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥

(ਅੰਗ ੬੬੭)

ਅਸੀਂ ਅੰਨ੍ਹੇ ਹਾਂ, ਸਾਨੂੰ ਨਜ਼ਰ ਕੋਈ ਨਹੀਂ ਆਉਂਦਾ, ਪਰ ਸਤਿਗੁਰੂ ਸਾਨੂੰ ਦੱਸੋ ਅਸੀਂ ਗੁਰੂ ਦੀ ਮਰਿਆਦਾ 'ਤੇ ਕਿਵੇਂ ਤੁਰੀਏ?

ਸਤਿਗੁਰੁ ਦਇਆ ਕਰੇ ਸੁਖਦਾਤਾ

ਸੁੱਖਾਂ ਦਾ ਦਾਤਾ ਗੁਰੂ ਦਇਆ ਕਰੇ

ਹਮ ਲਾਵੈ ਆਪਨ ਪਾਲੀ

(ਅੰਗ ੬੬੭)

ਪਾਲੀ ਦਾ ਅਰਥ ਹੈ ਪੱਲਾ। ਇਕ ਬਚਨ ਹੋਰ ਆਉਂਦਾ ਹੈ ਕਿ

ਹਮ ਅੰਧੁਲੇ ਗਿਆਨ ਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥

(ਅੰਗ ੬੯੬)

ਸਾਨੂੰ ਅੰਨ੍ਹਿਆਂ ਨੂੰ ਸਤਿਗੁਰੂ ਆਪਣਾ ਪੱਲਾ ਫੜਾ ਤੇ ਕ੍ਰਿਪਾ ਕਰੀਂ ਅਸੀਂ ਪੱਲਾ ਫੜ ਕੇ ਤੇਰੇ ਨਾਲ ਚੱਲ ਸਕੀਏ। ਜਦੋਂ ਅੰਨ੍ਹਾ ਬੰਦਾ ਅਰਦਾਸ ਕਰੇਗਾ ਤਾਂ ਉਹ ਅੱਜ ਵੀ ਇਹੀ ਕਹੇਗਾ ਕਿ ਗੁਰੂ ਚਰਨਾਂ ਵਿਚ ਅਰਦਾਸ ਕਰੋ ਕਿ ਮੇਰੇ ਅੰਨ੍ਹੇ ਨੂੰ ਦੇਖਣ ਦੀ ਜੋਤ ਮਿਲ ਜਾਏ।

ਅੰਨ੍ਹਾ ਇਹ ਤਾਂ ਨਹੀਂ ਕਹੇਗਾ ਕਿ ਮੈਨੂੰ ਪੱਲਾ ਫੜਾਉਣ ਵਾਲਾ ਮਿਲ ਜਾਏ। ਸੰਗਤ ਵਿਚ ਕਹੇਗਾ ਮੇਰੀ ਅਰਦਾਸ ਕਰੋ ਕਿ ਮੈਨੂੰ ਅੱਖਾਂ ਦੀ ਜੋਤ ਮਿਲੇ ਪਰ ਦੋਨਾਂ ਪ੍ਰਮਾਣਾਂ ਵਿਚ ਗੁਰੂ ਨੇ ਕਿਹਾ ਹੈ ਕਿ ਮੈਨੂੰ ਜੋਤ ਨਾ ਦੇ, ਬਸ ਤੂੰ ਆਪਣਾ ਪੱਲਾ ਫੜਾ ਦੇ। ਕਿਉਂ ਜੋਤ ਕਿਉਂ ਨਾ ਮੰਗੀ? ਕਿਉਂਕਿ ਤੂੰ ਅੱਖਾਂ ਦੇਵੇਂਗਾ ਕੇਵਲ ਬਾਹਰਮੁਖੀ ਕਿ ਮੈਂ ਤੇਰੇ ਤੋਂ ਬਿਨਾਂ ਕਿਸੇ ਹੋਰ ਨੂੰ ਦੇਖਣ ਲੱਗ ਪਵਾਂ। ਮੈਨੂੰ ਆਪਣਾ ਪੱਲਾ ਫੜਾ ਦੇ, ਮੈਂ ਸੁਜਾਖਿਆ ਤੇਰੇ ਭਰੋਸੇ 'ਤੇ ਚਲ ਪਵਾਂ। ਬਾਣੀ ਵਿਚ ਅੱਖਾਂ ਤੋਂ ਅੰਨ੍ਹੇ ਨੂੰ ਅੰਨ੍ਹਾ ਨਹੀਂ ਮੰਨਿਆ। ਸਭ ਤੋਂ ਵੱਡਾ ਉਸਨੂੰ ਅੰਨ੍ਹਾ ਮੰਨਿਆ ਜਿਹੜਾ ਅੱਖਾਂ ਹੋਣ ਤੋਂ ਬਾਅਦ ਵੀ ਨਹੀਂ ਤੁਰਦਾ ਪਿਆ। ਹਜ਼ੂਰ ਨੇ ਕਿਹਾ, ਅੰਦਰੋਂ ਦਿੱਸਦਾ ਨਹੀਂ। ਤੂੰ ਆਪਣਾ ਪੱਲਾ ਫੜਾ ਦੇ। ਮੈਂ ਤੇਰਾ ਪੱਲਾ ਫੜ ਲਿਆ ਤੇ ਤੂੰ ਇਕ ਕ੍ਰਿਪਾ ਕਰ, ਤੇਰੇ ਭਰੋਸੇ 'ਤੇ ਮੈਂ ਜੀਵਾਂਗਾ, ਜਿਥੇ ਬੈਠਾਏਂਗਾ ਮੈਂ ਉਥੇ ਹੀ ਬੈਠਾਂਗਾ। ਤੇਰੀਆਂ ਅੱਖਾਂ ਦੇ ਭਰੋਸੇ ਮੈ ਜੀਅ ਲਵਾਂਗਾ, ਮੈਨੂੰ ਆਪਣੀਆਂ ਅੱਖਾਂ ਦੀ ਲੋੜ ਨਹੀਂ। ਸਿੱਖਾ ! ਤੁਰ ਤੂੰ ਆਪਣੀ ਕਮਾਈ ਦੇ ਨਾਲ ਤੇ ਦੇਖੀਂ ਗੁਰੂ ਦੀਆਂ ਅੱਖਾਂ ਦੇ ਨਾਲ। ਆਪਣੀ ਮਰਜ਼ੀ ਨਾ ਵਰਤ। ਸੱਚ ਜਾਣੀ, ਕਮਾਈ ਕਰਦਿਆਂ ਇਕ ਦਿਨ ਮੁਕਾਮ 'ਤੇ ਪਹੁੰਚੇਂਗਾ।

ਮੈਂ ਬੇਨਤੀ ਕਰਾਂ ਕਿ ਮੰਨਣ ਵਿਚ ਕਿੰਨਾ ਕੁ ਸੁੱਖ ਹੈ। ਅਸੀਂ ਆਸਾ ਦੀ ਵਾਰ ਦੀ ਗੱਲ ਕਰਨ ਲੱਗੇ ਸੀ। ਅੰਮ੍ਰਿਤ ਵੇਲੇ ਆਪ ਜੀ ਬਚਨ ਸੁਣਦੇ ਹੋ। ਪਹਿਲੀ ਪਉੜੀ ਦੇ ਨਾਲ ਤਿੰਨ ਸਲੋਕ ਹਨ ਤੇ ਤਿੰਨਾਂ ਸਲੋਕਾਂ ਵਿਚੋਂ ਦੋ ਸਲੋਕ ਆਦਿ ਗੁਰੂ ਨਾਨਕ ਸਾਹਿਬ ਜੀ ਦੇ ਹਨ ਤੇ ਇਕ ਸਲੋਕ ਧੰਨ ਗੁਰੂ ਅੰਗਦ ਦੇਵ ਜੀ ਦਾ ਹੈ। ਤਿੰਨਾਂ ਸਲੋਕਾਂ ਦਾ ਕਦੀ ਪ੍ਰਕਰਨ ਬਣਾ ਕੇ ਦੇਖੋ। ਪਹਿਲੇ ਸਲੋਕ ਵਿਚ ਹੀ ਹਜ਼ੂਰ ਨੇ ਆਸਾ ਦੀ ਵਾਰ ਸੁਣਨ ਵਾਲੇ ਜਗਿਆਸੂ ਨੂੰ ਕਿਹਾ ਕਿ ਆਸਾ ਦੀ ਵਾਰ ਸੁਣਨ ਵਾਲਿਆ ! ਮੈਂ ਆਪਣੀ ਜ਼ਿੰਦਗੀ ਦਾ ਤਜਰਬਾ ਤੈਨੂੰ ਦੱਸਦਾ ਹਾਂ ਕਿ ਮੈਂ ਆਪਣੇ ਗੁਰੂ ਤੋਂ ਇਕ ਦਿਨ ਵਿਚ ਸੈਂਕੜੇ ਵਾਰੀ ਕੁਰਬਾਨ ਜਾਂਦਾ ਹਾਂ। ਕਿਉਂ? ਕਿਉਂਕਿ ਮੇਰੇ ਗੁਰੂ ਕੋਲ ਇੰਨੀ ਤਾਕਤ ਹੈ ਕਿ ਉਹ ਇਕ ਖਿਨ ਵਿਚ ਆਮ ਬੰਦੇ ਨੂੰ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ। ਪਹਿਲਾ ਸਲੋਕ ਗੁਰੂ ਦੇ ਸ਼ੁਕਰਾਨੇ ਦਾ ਹੈ। ਦੂਜਾ ਸਲੋਕ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਦੇਖ ਗੁਰੂ ਨਾਨਕ ਸਾਹਿਬ ਕਹਿ ਰਹੇ ਹਨ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਅੰਗ ੪੬੨)

ਜਿਸਨੂੰ ਮਨੁੱਖ ਨੂੰ ਦੈਵੀ ਗੁਣਾਂ ਨਾਲ ਭਰਪੂਰ ਕਰਦਿਆਂ ਦੇਰੀ ਨਾ ਲੱਗੀ, ਉਸ ਗੁਰੂ ਤੋਂ ਮੈਂ ਸੈਂਕੜੇ ਵਾਰੀ ਕੁਰਬਾਨ ਜਾਂਦਾ ਹਾਂ। ਪਰ ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਜਿੰਨਾ ਮਰਜ਼ੀ ਬਾਹਰ ਦਾ ਗਿਆਨ ਤੇਰੇ ਕੋਲ ਹੋਵੇ, ਜਿੰਨਾ ਮਰਜ਼ੀ ਬਾਹਰ ਦਾ ਚਾਨਣ ਤੇਰੇ ਕੋਲ ਹੋਵੇ, ਪਰ ਆਤਮਕ ਚਾਨਣ ਉੱਨੀ ਦੇਰ ਤੱਕ ਨਹੀਂ ਨਸੀਬ ਹੋਣਾ ਜਿੰਨੀ ਦੇਰ ਤੱਕ ਸਮਰੱਥ ਗੁਰੂ ਅੰਦਰ ਗਿਆਨ ਦਾ ਦੀਵਾ ਨਾ ਬਾਲੇ। ਦੂਜਾ ਸਲੋਕ ਸੀ ਮਹਲਾ ੨ ॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਅੰਗ ੪੬੩)

ਇੰਨਾ ਬਾਹਰ ਦਾ ਪ੍ਰਕਾਸ਼ ਹੋਣ ਦੇ ਬਾਵਜੂਦ ਅੰਦਰ ਹਨੇਰਾ ਹੈ। ਬਾਹਰ ਦੇ ਹਨੇਰੇ ਤੇ ਅੰਦਰ ਦੇ ਹਨੇਰੇ ਵਿਚ ਬੜਾ ਅੰਤਰ ਹੈ। ਬਾਹਰ ਹਨੇਰਾ ਹੈ, ਹੋ ਸਕਦਾ ਹੈ ਸਾਨੂੰ ਆਪਣੇ ਹੱਥ ਪੈਰ ਹਨੇਰੇ ਵਿਚ ਨਹੀਂ ਦਿੱਸਣਗੇ ਪਰ ਇਸ ਗੱਲ ਨੂੰ ਕਦੀ ਭੁੱਲਿਉ ਨਾ, ਹਨੇਰੇ ਵਿਚ ਇੰਨੀ ਕੁ ਚੇਤਾ ਸ਼ਕਤੀ ਜ਼ਰੂਰ ਹੈ ਕਿ ਇਹ ਮੇਰਾ ਘਰ ਹੈ, ਮੇਰਾ ਨਾਮ ਇਹ ਹੈ, ਇਹ ਮੇਰੇ ਮਾਂ-ਬਾਪ ਹਨ। ਹਨੇਰੇ ਵਿਚ ਕੋਈ ਵੀ ਬੋਲੇਗਾ, ਅਸੀਂ ਆਵਾਜ਼ ਤੋਂ ਪਹਿਚਾਣ ਲਵਾਂਗੇ ਪਰ ਜਦੋਂ ਕਿਸੇ ਦਾ ਅੰਦਰ ਹਨੇਰੇ ਵਿਚ ਡੁੱਬ ਜਾਏ ਤਾਂ ਉਸਨੂੰ ਇਹ ਹੀ ਨਹੀਂ ਪਤਾ ਲੱਗਦਾ ਕਿ ਮੈਂ ਕੌਣ ਹਾਂ ਤੇ ਮੈਂ ਧਰਤੀ 'ਤੇ ਕਰਨ ਕੀ ਆਇਆ ਹਾਂ? ਗੁਰੂ ਜੀ ਨੇ ਕਿਹਾ, ਅਗਿਆਨਤਾ ਦਾ ਹਨੇਰਾ ਗੁਰੂ ਤੋਂ ਬਿਨਾਂ ਦੂਰ ਨਹੀਂ ਹੋ ਸਕਦਾ। ਜਦੋਂ ਤੀਸਰਾ ਸਲੋਕ ਪੜ੍ਹਦੇ ਹਾਂ ਤਾਂ ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਇਕ ਉਦਾਹਰਣ ਦਿੱਤੀ ਹੈ ਕਿ ਜਿਹੜੇ ਲੋਕ ਇਹ ਸਮਝਦੇ ਹਨ ਕਿ ਗੁਰੂ ਦੇ ਲੜ ਲੱਗਣ ਦਾ ਕੀ ਭਾਵ ਹੈ? ਭਾਵੇਂ ਅੱਜ ਅਸੀਂ ਰਹਿਤ ਦੀ ਗੱਲ ਕਰਦੇ ਹਾਂ। ਰਹਿਤ ਤੋਂ ਬਿਨਾਂ ਜ਼ਿੰਦਗੀ ਵਿਚ ਸੁੱਖ ਨਹੀਂ। ਕੋਈ ਵੀ ਚੀਜ਼ ਹੈ ਜਿੰਨੀ ਦੇਰ ਤੱਕ ਉਹ ਮਰਿਆਦਾ ਵਿਚ ਨਹੀਂ, ਉੱਨੀ ਦੇਰ ਤੱਕ ਉਹ ਸਾਨੂੰ ਸੁੱਖ ਨਹੀਂ ਦੇਵੇਗੀ। ਰਹਿਤ ਦਾ ਸੰਬੰਧ ਕੇਵਲ ਇਨਸਾਨੀ ਜਾਮੇ ਨਾਲ ਨਹੀਂ। ਜਿਹੜੀ ਚੀਜ਼ ਆਪਣੀ ਮਰਿਆਦਾ ਤੋਂ ਥਿੜਕ ਜਾਏਗੀ ਤਾਂ ਸਮਝੋ ਕਿ ਅੱਜ ਵੀ ਖ਼ਤਮ ਤੇ ਕੱਲ ਵੀ ਖ਼ਤਮ।

ਪਾਣੀ ਜ਼ਿੰਦਗੀ ਦਾ ਆਧਾਰ ਹੈ। ਮੀਂਹ ਪਵੇ ਜ਼ੋਰ ਦਾ, ਤਲਾਬ ਵਿਚ ਪਾਣੀ ਇਕੱਠਾ ਹੋ ਜਾਏ ਤੇ ਸਾਰਾ ਸਾਲ ਇਨਸਾਨਾਂ ਦੀ ਪਿਆਸ ਮਿਟਾਏਗਾ। ਝੀਲ ਵਿਚ ਪਾਣੀ ਇਕੱਠਾ ਹੋ ਜਾਏ ਤਾਂ ਪੂਰੇ ਸ਼ਹਿਰ ਦੀ ਪਿਆਸ ਬੁਝਾਏਗਾ। ਉਹ ਪਾਣੀ ਹੀ ਲਾਭਦਾਇਕ ਹੈ ਜੋ ਕਿਸੇ ਸੰਜਮ ਮਰਿਆਦਾ ਵਿਚ ਟਿੱਕਿਆ ਹੈ। ਜਿਹੜਾ ਪਾਣੀ ਆਪ ਮੁਹਾਰਾ ਹੋ ਕੇ ਹੜ੍ਹ ਦਾ ਰੂਪ ਧਾਰਨ ਕਰ ਜਾਏ, ਯਾਦ ਰੱਖੋ, ਜ਼ਿੰਦਗੀਆਂ ਤਬਾਹ ਕਰਕੇ ਚਲਾ ਜਾਂਦਾ ਹੈ। ਗੁਰੂ ਦੀ ਗੱਲ ਮੰਨਕੇ ਮਰਿਆਦਾ ਵਿਚ ਤੁਰਾਂਗੇ ਤਾਂ ਸੁੱਖ ਹੈ, ਬੇ-ਮਰਿਆਦਾ ਜ਼ਿੰਦਗੀ ਤੇ ਰਹਿਤ ਤੋਂ ਬਿਨਾਂ ਜ਼ਿੰਦਗੀ ਤਬਾਹੀ ਹੈ। ਸਾਡੇ ਖ਼ੂਨ ਦੇ ਸੈੱਲ ਜਿਹੜੇ ਕਿਸੇ ਕਰਿਆਦਾ ਵਿਚ ਤੁਰਦੇ ਪਏ ਹਨ, ਉਹ ਜ਼ਿੰਦਗੀ ਨੂੰ ਉਸਾਰੂ ਪੱਖ ਵਲ ਲੈ ਜਾਣਗੇ। ਜਿਸ ਦਿਨ ਅੰਦਰ ਦੇ ਖ਼ੂਨ ਦੇ ਸੈੱਲ ਬੇ-ਮਰਿਆਦਾ ਹੋ ਗਏ ਤਾਂ ਯਾਦ ਰੱਖੋ, ਸੰਜਮ ਤੋਂ ਨਿਕਲੇ ਹੋਏ ਇਕ ਸੈੱਲ ਵੀ ਕੈਂਸਰ ਦੇ ਰੋਗ ਨੂੰ ਜਨਮ ਦੇ ਕੇ ਬੰਦੇ ਨੂੰ ਮੌਤ ਦੀ ਗੋਦ ਵਿਚ ਸੁਆ ਦਿੰਦਾ ਹੈ।

ਅਸੀਂ ਕਹਿੰਦੇ ਹਾਂ, ਰਹਿਤ-ਮਰਿਆਦਾ ਦੀ ਕੀ ਲੋੜ ਹੈ? ਕਿਉਂਕਿ ਅੱਜ ਰੌਲਾ ਪਾਇਆ ਜਾਂਦਾ ਹੈ ਕਿ ਅੰਮ੍ਰਿਤ ਛੱਕਣ ਦੀ ਕੀ ਲੋੜ ਹੈ? ਇਹ ਉਸ ਵੇਲੇ ਦੀ ਵੀ ਲੋੜ ਸੀ ਤੇ ਅੱਜ ਦੀ ਵੀ ਲੋੜ ਹੈ। ਜਿਸ ਦਿਨ ਇਨਸਾਨ ਆਖ਼ਰੀ ਇਸ ਧਰਤੀ 'ਤੇ ਜ਼ਿੰਦਾ ਹੋਵੇਗਾ,

ਉਸ ਦਿਨ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੀ ਲੋੜ ਜ਼ਰੂਰ ਰਹੇਗੀ। ਜੇ ਆਤਮਕ ਜੀਵਨ ਜੀਉਣਾ ਚਾਹੁੰਦਾ ਹੈਂ ਤਾਂ ਚੇਤੇ ਰੱਖੀਂ, ਮਰਿਆਦਾ ਵਿਚ ਤੁਰਿਆਂ ਮੰਜ਼ਿਲ ਦਿੱਸਦੀ ਹੈ, ਬੇ-ਮਰਿਆਦੇ ਕਦੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦੇ। ਸਤਿਗੁਰੂ ਨੇ ਸਾਨੂੰ ਇਹ ਬਚਨ ਸਮਝਾਇਆ ਹੈ। ਜਦੋਂ ਅਸੀਂ ਗੁਰੂ ਦੇ ਨੇੜੇ ਲੱਗਾਂਗੇ ਤਾਂ ਕਿਉਂ ਨਹੀਂ ਸਾਡੇ ਅੰਦਰ ਸੰਤੁਸ਼ਟੀ ਆਵੇਗੀ? ਅਸੀਂ ਗੁਰੂ ਜੀ ਦੇ ਕੋਲ ਜਾਂਦੇ ਹਾਂ, ਮੱਥਾ ਟੇਕਦੇ ਹਾਂ, ਪ੍ਰਕਾਰਮਾ ਕਰਕੇ ਹਾਂ। ਕੁਝ ਹਿੱਸਾ ਐਸਾ ਹੈ ਜਿਹੜਾ ਸਿਰਫ਼ ਜ਼ਬਾਨ ਤੋਂ ਮੰਨਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਡਾ ਗੁਰੂ ਹੈ। ਉਹਨਾਂ ਵਿਚੋਂ ਵੀ ਬਹੁਤ ਬੰਦੇ ਅਜਿਹੇ ਮਿਲਣਗੇ ਜਿਨ੍ਹਾਂ ਨੂੰ ਗੁਰੂ 'ਤੇ ਪੂਰਾ ਭਰੋਸਾ ਨਹੀਂ ਹੁੰਦਾ।

ਗੁਰੂ ਗੁਰੂ ਗੁਰ ਕਰਿ ਮਨ ਮੋਰ॥
ਗੁਰੂ ਬਿਨਾ ਮੈ ਨਾਹੀ ਹੋਰ॥

ਗੁਰੂ ਤੋਂ ਬਿਨਾਂ ਮੇਰਾ ਹੋਰ ਕੋਈ ਨਹੀਂ ਹੈ। ਮੈਂ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ। ਕਿਉਂਕਿ ਸਾਖੀ ਨਾਲ ਸਾਡਾ ਅੰਦਰ ਤੁਰ ਪੈਂਦਾ ਹੈ। ਗੁਰੂ ਦੇ ਸਿੱਖ ਨੂੰ ਦੇਖੋ, ਗੁਰੂ ਨਾਲ ਨਾਤਾ ਨਾ ਤਾਂ ਧਨ ਕਰਕੇ ਹੈ, ਨਾ ਪਦਵੀਆਂ ਕਰਕੇ ਹੈ ਤੇ ਨਾ ਗੁਰੂ ਨਾਲ ਨਾਤਾ ਸੰਸਾਰ ਦੀ ਵਾਹ ਵਾਹ ਕਰਕੇ ਹੈ। ਗੁਰੂ ਨਾਲ ਨਾਤਾ ਬਣਾਇਉ ਆਪਣੀ ਆਤਮਾ ਦੀ ਖ਼ੁਸ਼ਹਾਲੀ ਲਈ ਤੇ ਗੁਰੂ ਦਾ ਪ੍ਰਸਾਦਿ ਲੈਣ ਲਈ। ਦੇਖੋ ! ਗੁਰੂ ਨਾਲ ਕਦੀ ਸ਼ਰਤ ਨਾ ਲਾਈਏ। ਕੀ ਗੁਰੂ ਰਾਮਦਾਸ ਨੇ ਕੋਈ ਸ਼ਰਤ ਲਾਈ ? ਇਕ ਸ਼ਬਦ ਹਮੇਸ਼ਾ ਦਰਬਾਰ ਸਾਹਿਬ ਪੜ੍ਹਿਆ ਜਾਂਦਾ ਹੈ। ਗੁਰਮੁਖੋ ! ਆਪਾਂ ਬਾਣੀ ਪੜ੍ਹਦੇ ਹਾਂ ਤੇ ਸਾਡੇ ਹਰ ਕਰਮ ਵਿਚ ਆਪਣਾ ਕੋਈ ਨਾ ਕੋਈ ਸੰਸਾਰਕ ਸੁਆਰਥ ਹੈ। ਇਹ ਨਹੀਂ ਮੈਂ ਕਹਾਂਗਾ ਕਿ ਸਾਨੂੰ ਅਰਦਾਸ ਨਹੀਂ ਕਰਨੀ ਚਾਹੀਦੀ। ਤੂੰ ਸਾਰੀ ਜ਼ਿੰਦਗੀ ਅਰਦਾਸਾਂ ਕਰ, ਗੁਰੂ ਕੋਲੋਂ ਮੰਗ, ਪਰ ਯਾਦ ਰੱਖੀਂ, ਗੁਰੂ ਕੋਲੋਂ ਪਦਾਰਥ ਮੰਗਣ ਵਾਲਿਆ ! ਇਕ ਦਿਨ ਬੈਰਾਗ ਵਿਚ ਅਜਿਹੀ ਅਰਦਾਸ ਕਰ, ਅੱਜ ਗੁਰਦੁਆਰੇ ਆ ਕੇ ਕਹਿ ਗੁਰੂ ਗ੍ਰੰਥ ਸਾਹਿਬ ਜੀ ! ਅੱਜ ਮੈਂ ਅਰਦਾਸ ਵਿਚ ਤੈਨੂੰ ਮੰਗਣ ਆਇਆ ਹਾਂ। ਗੁਰੂ ਕੋਲੋਂ ਕਦੀ ਕਿਸੇ ਨੇ ਗੁਰੂ ਨੂੰ ਨਹੀਂ ਮੰਗਿਆ।

ਭੀਮ ਚੰਦ ਨੇ ਪ੍ਰਸਾਦੀ ਹਾਥੀ ਗੁਰੂ ਦਾ ਦੇਖਿਆ ਸੀ। ਚੌਕੀ ਚੰਦਨ ਦੀ ਦੇਖੀ ਸੀ। ਪੰਜ ਕਲਾ ਸ਼ਸਤਰ ਦੇਖਿਆ ਸੀ। ਕੀਮਤੀ ਘੋੜੇ ਤੇ ਸ਼ਮਿਆਨਾ ਦੇਖਿਆ ਸੀ ਤੇ ਮਨ ਬੇਈਮਾਨ ਹੋ ਗਿਆ ਕਿ ਫ਼ਕੀਰ ਦੇ ਘਰ ਇਹ ਚੀਜ਼ਾਂ ਚੰਗੀਆਂ ਨਹੀਂ ਲੱਗਦੀਆਂ, ਮੇਰੇ ਘਰ ਚਾਹੀਦੀਆਂ ਹਨ। ਸਿੱਖਾ ! ਤੇਰੇ ਕੋਲ ਭਾਵੇਂ ਇਕ ਸਮੇਂ ਦਾ ਪ੍ਰਸ਼ਾਦਾ ਹੋਵੇ, ਕਦੀ ਮਨ ਵਿਚ ਇਹ ਫੁਰਨਾ ਨਾ ਲਿਆਈਂ ਕਿ ਗੁਰੂ ਘਰ ਦੀ ਚੀਜ਼ ਮੇਰੇ ਘਰ ਦਾ ਸ਼ਿੰਗਾਰ ਬਣੇ। ਯਾਦ ਰੱਖੀਂ ਤੂੰ ਇਕ ਤਿਨਕਾ ਵੀ ਲੈ ਕੇ ਆ ਜਾਏਂਗਾ, ਤਾਂ ਤੇਰਾ ਤਿਨਕਾ ਵੀ ਗੁਰੂ ਘਰ ਵਿਚ ਸੋਨੇ ਦੀਆਂ ਤਾਰਾਂ ਬਣ ਜਾਣਗੀਆਂ। ਭੀਮ ਚੰਦ ਨੇ ਦੇਖਿਆ ਤੇ ਮਨ ਵਿਚ ਖ਼ਿਆਲ ਆਇਆ ਕਿ ਮੇਰੇ ਪੁੱਤਰ ਦੀ ਕੁੜਮਾਈ ਹੈ ਅਜਮੇਰ ਚੰਦ ਦੀ, ਕਿੰਨਾ ਚੰਗਾ ਹੋਵੇ ਮੈਂ ਚੀਜ਼ਾਂ ਇਕ ਵਾਰੀ ਗੁਰੂ ਕੋਲੋਂ ਲੈ ਲਵਾਂ, ਪਰਤ ਕੇ ਵਾਪਿਸ ਕਿਸਨੇ ਕਰਨੀਆਂ ਹਨ। ਉਹ ਪੁੱਤਰ ਦੀ ਕੁੜਮਾਈ 'ਤੇ ਕਹਿਣ

ਲੱਗਾ ਕਿ ਪ੍ਰਸਾਦੀ ਹਾਥੀ ਦੇ ਦਿਉ, ਪੰਜ ਕਲਾ ਸ਼ਸਤਰ ਸਾਨੂੰ ਦੇ ਦਿਉ, ਸ਼ਮਿਆਨਾ ਤੇ ਚੰਦਨ ਦੀ ਚੌਂਕੀ ਦੇ ਦਿਉ। ਕਿਉਂ? ਮੇਰੇ ਘਰ ਮੇਰੇ ਸੰਬੰਧੀ ਆਉਣੇ ਹਨ, ਮੈਂ ਚਾਹੁੰਦਾ ਹਾਂ ਕਿ ਮੇਰੇ ਪੁੱਤਰ ਦੀ ਕੁੜਮਾਈ ਵੇਲੇ ਮੇਰਾ ਰਾਜਿਆਂ ਮਹਾਰਾਜਿਆਂ ਵਿਚ ਹੋਰ ਵੀ ਜ਼ਿਆਦਾ ਸਤਿਕਾਰ ਹੋਵੇ। ਪਰ ਗੁਰੂ ਅੰਤਰਜਾਮੀ ਸਨ। ਉਹਨਾਂ ਨੇ ਇਕੋ ਗੱਲ ਕਹੀ ਕਿ ਭੀਮ ਚੰਦ ਨੂੰ ਕਹਿ ਦਿਉ ਕਿ ਇਹ ਗੁਰੂ ਦੀ ਸੰਗਤ ਦੀ ਭੇਟਾ ਹੈ ਤੇ ਸੰਗਤ ਦੀ ਭੇਟਾ ਦਾ ਸਾਨੂੰ ਵੀ ਕੋਈ ਹੱਕ ਨਹੀਂ ਕਿ ਕਿਸੇ ਰਾਜੇ ਦੇ ਘਰ ਦਾ ਸ਼ਿੰਗਾਰ ਬਣਾ ਸਕੀਏ। ਗੁਰੂ ਨਾਨਕ ਦੇ ਘਰ ਦੀ ਭੇਟਾ ਬਾਬੇ ਦੇ ਘਰ ਵਿਚ ਹੀ ਰਹੇਗੀ। ਕਿੰਨਾ ਚੰਗਾ ਹੁੰਦਾ ਗੁਰਸਿੱਖੋ ! ਜੇਕਰ ਉਹ ਬਾਹਰ ਦੀਆਂ ਚੀਜ਼ਾਂ ਦੀ ਬਜਾਏ ਆਪਣੇ ਘਰ ਦੇ ਸ਼ਿੰਗਾਰ ਲਈ ਇਹੀ ਚਿੱਠੀ ਭੇਜਕੇ ਕਹਿ ਦਿੰਦਾ ਕਿ ਕਲਗੀਆਂ ਵਾਲਿਆ ! ਤੂੰ ਮੇਰੇ ਘਰ ਵਿਚ ਆ ਜਾਏਂ ਤਾਂ ਸਾਰੀ ਸ਼ੋਭਾ ਮੇਰੇ ਘਰ ਵਿਚ ਆ ਜਾਏਗੀ। ਉਸਨੇ ਚੀਜ਼ਾਂ ਮੰਗੀਆਂ, ਗੁਰੂ ਤਾਂ ਨਹੀਂ ਨਾ ਮੰਗਿਆ।

ਮੈਂ ਕਈ ਵਾਰੀ ਗੁਰੂ ਦੇ ਸਾਹਮਣੇ ਖਲੋ ਕੇ ਆਪਣੇ ਆਪ ਨੂੰ ਕਹਿੰਦਾ ਹੁੰਦਾ ਹਾਂ ਮਨਾ ! ਸਾਰੀ ਜ਼ਿੰਦਗੀ ਚੀਜ਼ਾਂ ਹੀ ਮੰਗਦਾ ਰਹੇਂਗਾ, ਕਦੀ ਚੀਜ਼ਾਂ ਦੇਣ ਵਾਲੇ ਨੂੰ ਵੀ ਘਰ ਬੁਲਾ ਲਿਆ ਕਰ। ਉਹ ਸਮਰੱਥ ਹੈ। ਗੁਰੂ ਨੇ ਤਾਂ ਬਾਣੀ ਵਿਚ ਬਚਨ ਵੀ ਕਹੇ ਹਨ ਕਿ ਇਕੱਲੀਆਂ ਚੀਜ਼ਾਂ ਨਾ ਮੰਗ, ਮੈਂ ਤੈਨੂੰ ਲਿਖ ਕੇ ਦੇ ਜਾਂਦਾ ਹਾਂ, ਇਕ ਵਾਰੀ ਤੂੰ ਮੈਨੂੰ ਸੱਦ ਲੈ, ਮੇਰਾ ਬਣ ਜਾ, ਮੈਂ ਸਾਰੀ ਦੁਨੀਆਂ ਤੇਰੀ ਬਣਾ ਦਿੰਦਾ ਹਾਂ। ਕਦੀ ਅਸੀਂ ਕਿਹਾ ਹੈ ਮੇਰਾ ਗੁਰੂ? ਗੁਰੂ ਅਮਰਦਾਸ ਜੀ ਦਾ ਇਕ ਬਚਨ ਹੈ। ਉਹ ਕਹਿੰਦੇ ਹਨ ਕਿ ਰੋਟੀ ਤਾਂ ਖਾਣੀ ਹੈ ਜੇ ਭੁੱਖ ਲੱਗੇ। ਜੇ ਕੁਝ ਖਾਧਾ ਹੋਵੇ ਤਾਂ ਜੀਭ 'ਤੇ ਕਾਬੂ ਪਾ। ਜੇ ਜੀਭ 'ਤੇ ਕਾਬੂ ਨਹੀਂ ਪਾ ਸਕਿਆ ਤਾਂ ਫਿਰ ਮਨ 'ਤੇ ਕਿਥੇ ਕਾਬੂ ਪਾਵੇਂਗਾ। ਸੌਣਾ ਤਾਂ ਜੇ ਨੀਂਦ ਆਵੇ, ਬਹੁਤਾ ਸੌਣਾ ਗ਼ਾਫ਼ਲਤਾਈ ਹੈ। ਅਖੇ ਗੁਰੂ ਦੀਆਂ ਗੱਲਾਂ ਕਰਨੀਆਂ, ਅਖੇ ਗੁਰੂ ਦੀ ਬਾਣੀ ਗਾਉਣੀ, ਅਖੇ ਗੁਰੂ ਦਾ ਨਾਮ ਜੱਪਣਾ। ਜਦੋਂ ਸਿੱਖ ਨੇ ਕਿਹਾ ਬਾਣੀ ਗਾਉ, ਨਾਮ ਜੱਪੋ ਜਾਂ ਕੇਵਲ ਗੁਰੂ ਦੀਆਂ ਗੱਲਾਂ ਕਰੋ, ਗੁਰਮੁਖੋ ! ਤੁਸੀਂ ਦੇਖੋਗੇ ਨਾਮ ਦੀ ਗੱਲ ਦੀ ਥਾਂ ਜਿੱਥੇ ਚਾਰ ਬੈਠੋ ਹੋਣ, ਗੁਰੂ ਦੀ ਸਾਖੀ ਸ਼ੁਰੂ ਕਰ ਦਿਉ। ਮੈਂ ਭਰੋਸੇ ਨਾਲ ਕਹਿੰਦਾ ਹਾਂ ਕਿ ਚਾਰ ਦਿਨਾਂ ਬਾਅਦ ਗੁਰੂ ਜੱਪਣ ਦਾ ਚਾਅ ਆਪਣੇ ਆਪ ਹੀ ਪੈਦਾ ਹੋ ਜਾਏਗਾ। ਕਿਉਂਕਿ ਗੁਰੂ ਦੀ ਗੱਲ ਕਰੀਏ ਤਾਂ ਸਹੀ। ਗੱਲ ਕਰਾਂਗੇ ਤਾਂ ਉਸਦੇ ਗੁਣ ਜ਼ਰੂਰ ਸਾਡੇ ਅੰਦਰ ਆਉਣਗੇ। ਇਕ ਵੈਰੀ ਦੀ ਗੱਲ ਕਰਾਂਗੇ ਤਾਂ ਈਰਖਾ ਤੇ ਕ੍ਰੋਧ ਪੈਦਾ ਹੋ ਜਾਏਗਾ। ਕਾਮਣੀ ਦੀ ਗੱਲ ਕੋਈ ਕਰੇਗਾ ਤਾਂ ਵਾਸ਼ਨਾ ਅੰਦਰ ਪੈਦਾ ਹੋਵੇਗੀ। ਰੁਪਈਆਂ ਦੀ ਗੱਲ ਕਰਾਂਗੇ ਤਾਂ ਅੰਦਰ ਤ੍ਰਿਸ਼ਨਾ ਫੁਲਕਾਰੇ ਮਾਰੇਗੀ। ਜਦੋਂ ਗੁਰੂ ਦੀ ਗੱਲ ਕਰਾਂਗੇ ਤਾਂ ਉਦੋਂ ਗੁਰੂ ਨਾਨਕ ਕਿਉਂ ਨਹੀਂ ਘਰ ਆਏਗਾ।

ਜੈਸਾ ਸੇਵੈ ਤੈਸੋ ਹੋਇ॥

(ਅੰਗ ੨੨੩)

ਮੰਨ ਲਉ, ਇਕ ਛੋਟਾ ਜਿਹਾ ਛੇ ਮਹੀਨੇ ਦਾ ਬੱਚਾ ਹੈ। ਉਸ ਬੱਚੇ ਨੇ ਕਿਸੇ ਡਰਾਮੇ ਵਿਚ

ਕੰਮ ਕਰਨਾ ਹੈ। ਕਿਸੇ ਔਰਤ ਨੇ ਮਾਂ ਦਾ ਰੋਲ ਅਦਾ ਕਰਨਾ ਹੈ। ਉਹ ਬੱਚੇ ਨੂੰ ਗੋਦ ਵਿਚ ਲੈ ਕੇ ਬੈਠੀ ਹੈ। ਉਸਦਾ ਆਪਣਾ ਬੱਚਾ ਨਹੀਂ, ਪਰ ਉਸ ਡਰਾਮੇ ਵਿਚ ਉਸਦੀ ਗੋਦ ਵਿਚੋਂ ਬਦਮਾਸ਼ ਨੇ ਖੋਹ ਕੇ ਲਿਜਾਣਾ ਹੈ ਤੇ ਬੱਚੇ ਨੇ ਰੋਣਾ ਹੈ ਤੇ ਮਾਂ ਨੇ ਉਸਨੂੰ ਪ੍ਰਾਪਤ ਕਰਨ ਲਈ ਤਰਲੇ ਲੈਣੇ ਹਨ ਪਰ ਉਹ ਉਸ ਦੀ ਅਸਲੀ ਮਾਂ ਨਹੀਂ। ਅਸਲੀ ਮਾਂ ਡਰਾਮਾ ਦੇਖਣ ਆਈ ਹੈ। ਜਦੋਂ ਉਹ ਡਰਾਮਾ ਕਰਨ ਵਾਲਾ ਬਦਮਾਸ਼ ਦਾ ਰੋਲ ਕਰਕੇ ਉਸ ਬੱਚੇ ਨੂੰ ਧੂ ਕੇ ਖਿੱਚੇਗਾ, ਰੋਲ ਅਦਾ ਕਰਨ ਵਾਲੀ ਨਕਲੀ ਮਾਂ ਰੋਵੇਗੀ ਪਰ ਡਰਾਮਾ ਦੇਖਣ ਵਾਲੀ ਅਸਲੀ ਮਾਂ ਨੂੰ ਪੁੱਛੋ, ਉਸ ਦੀਆਂ ਆਂਦਰਾਂ ਮੂੰਹ ਤੱਕ ਆ ਜਾਣਗੀਆਂ। ਜਿਹੜਾ ਅਸਲੀ ਮਾਂ ਦੇ ਅੰਦਰ ਦਾ ਦਰਦ ਹੈ ਉਹ ਯਾਦ ਰੱਖਿਉ, ਰੋਲ ਅਦਾ ਕਰਨ ਵਾਲੀ ਮਾਂ ਦੇ ਅੰਦਰ ਨਹੀਂ। ਜਦੋਂ ਅਸਲੀ ਸੀਨੇ ਦਾ ਕੋਈ ਦਰਦ ਲੈਂਦਾ ਹੈ, ਕਹਿੰਦਾ ਹੈ ਮੇਰਾ ਗੁਰੂ, ਫਿਰ ਗੁਰੂ ਕਹਿੰਦਾ ਹੈ ਮੇਰਾ ਸਿੱਖ। ਇਹ ਹੈ ਸਾਡਾ ਨਾਤਾ।

ਪਿਆਰਿਆ ! ਮੁਸੀਬਤ ਆ ਜਾਏ ਤੇ ਤੂੰ ਕਹੇਂ ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਮੇਰਾ ਗੁਰੂ ਨਹੀਂ। ਮਰ ਤਾਂ ਕੱਲ ਨੂੰ ਵੀ ਜਾਣਾ ਹੈ, ਪਰ ਕਿਉਂ ਮੱਥੇ 'ਤੇ ਕਲੰਕ ਲਾ ਕੇ ਚੱਲਿਆ ਹੈਂ। ਸਾਹਿਬ ਨੂੰ ਕਦੀ ਛੱਡਕੇ ਨਾ ਜਾਈਂ।

ਗੁਰੂ ਬਿਨਾ ਮੈ ਨਾਹੀ ਹੋਰ॥

ਕਹਿਣ ਲੱਗੇ ਦਾਤਾ ! ਮੈਂ ਇੰਨੇ ਭਰੋਸੇ ਨਾਲ ਆਇਆ ਹਾਂ। ਜੇ ਭੁੱਖ ਦੇਵੇਂਗਾ, ਮੈਂ ਜਰਾਂਗਾ, ਪਰ ਕ੍ਰਿਪਾ ਕਰੀਂ ਨਾਮ ਦਾ ਭੋਜਨ ਭੁੱਖੇ ਨੂੰ ਦਿੰਦਾ ਰਹੀਂ। ਜੇ ਦੁੱਖ ਆਏਗਾ ਮੈਂ ਸਹਿ ਲਵਾਂਗਾ, ਪਰ ਕ੍ਰਿਪਾ ਕਰੀਂ ਨਾਮ ਦਾ ਸੁੱਖ ਮੈਨੂੰ ਦੇਈ ਜਾਈਂ। ਜੇ ਦਾਤਾ ਮੇਰੇ ਤਨ ਦੇ ਟੁਕੜੇ ਟੁਕੜੇ ਕਰਕੇ ਅੱਗ ਵਿਚ ਫੂਕਣੇ ਪੈਣ, ਮੈਂ ਟੁਕੜੇ ਟੁਕੜੇ ਕਰਕੇ ਸੜ ਜਾਵਾਂਗਾ ਪਰ ਮੈਨੂੰ ਸੜਦੇ ਹੋਏ ਨੂੰ ਆਪਣੀ ਨਜ਼ਰ ਥੱਲੇ ਰੱਖੀਂ। ਜੇ ਆਪਾਂ ਸੱਚੀ-ਮੁੱਚੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ ਤਾਂ ਫਿਰ ਪਿਆਰਿਉ ! ਗੁਰੂ ਗ੍ਰੰਥ ਸਾਹਿਬ ਦੀ ਬਾਣੀ ਖ਼ੁਦ ਪੜ੍ਹੋ। ਜੇ ਕੋਈ ਅਨਪੜ੍ਹ ਹੈ ਤਾਂ ਖ਼ੁਦ ਆਪ ਨਾਮ ਜੱਪੋ। ਜਿਹੜੇ ਪਿਆਰੇ ਹਨ ਉਹਨਾਂ ਦਾ ਜੀਵਨ ਹੈ

ਜਉ ਤਉ ਪ੍ਰੇਮ ਖੇਲਣ ਕਾ ਚਾਉ॥

ਪਿਆਰਾ ਪ੍ਰੇਮ ਦੀ ਖੇਡ ਕਰਦਾ ਹੈ।

ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਅੰਗ ੧੪੧੨)

ਇਹ ਹਨ ਪਿਆਰੇ। ਆਪ ਬਾਣੀ ਨਾਲ ਜੁੜੋ, ਆਪ ਅੰਮ੍ਰਿਤ ਪਾਨ ਕਰੋ। ਯਾਦ ਰੱਖੋ, ਬੇ-ਮਰਿਆਦਾ ਜ਼ਿੰਦਗੀ ਤਬਾਹੀ ਕਰ ਜਾਂਦੀ ਹੈ। ਖਿਮਾ ਕਰਿਉ, ਅੱਜ ਨਾ ਸਾਡੀ ਬੋਲੀ

ਰਹੀ, ਨਾ ਸਾਡਾ ਪਹਿਰਾਵਾ ਰਿਹਾ ਤੇ ਨਾ ਸਾਡਾ ਕੋਈ ਕਲਚਰ ਰਿਹਾ। ਤੁਸੀਂ ਕਹੋਗੇ ਕਲਚਰ ਤਾਂ ਬੜਾ ਚੱਲਦਾ ਹੈ। ਯਾਦ ਰੱਖਿਉ, ਸਾਡੀ ਕੋਈ ਬੋਲੀ ਨਹੀਂ। ਕਦੀ ਦਾਦਾ ਜੀ, ਬਾਬਾ ਜੀ ਹੁੰਦਾ ਸੀ ਪਰ ਅੱਜ ਦਾਦੇ ਦੀ ਥਾਂ 'ਤੇ ਦਾਦੂ ਬਣ ਗਿਆ। ਆਪਣੀ ਮਾਂ ਬੋਲੀ ਨਾ ਛੱਡੋ। ਆਉ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਨਾਲ ਜੁੜੋ ਤੇ ਗੁਰੂ 'ਤੇ ਪੂਰਨ ਭਰੋਸਾ ਬਣਾ ਕੇ ਜੀਏ। ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰੇ। ਹੋਈਆਂ ਬੇਅੰਤ ਭੁੱਲਾਂ ਆਪ ਕ੍ਰਿਪਾਲੂ ਸਾਧਸੰਗਤਿ ਖਿਮਾ ਕਰ ਦੇਣੀਆਂ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਬਿਨੁ ਨਾਵੈ ਸੁਖੁ ਨਹੀ

ਸਲੋਕ ਮਹਲਾ ੩

ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਂਹਿ॥
ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ॥ ੨੪॥

(ਅੰਗ ੧੪੧੫)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਜੁਗੋ ਜੁੱਗ ਅਟੱਲ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦਾ ਅੰਮ੍ਰਿਤ ਬਚਨ ਜੋ ਵਿਚਾਰ ਅਧੀਨ ਹੈ, ਗੁਰੂ ਅਮਰਦਾਸ ਜੀ ਨੇ ਅੱਜ ਦੇ ਇਸ ਅੰਮ੍ਰਿਤ ਬਚਨ ਵਿਚ ਇਹ ਬਖ਼ਸ਼ਿਸ਼ ਕੀਤੀ ਹੈ ਕਿ ਜਿਹੜੇ ਮਨੁੱਖ ਉਸ ਪ੍ਰਭੂ ਜੀ ਦੇ ਨਾਮ ਵਿਚ ਜੁੜ ਗਏ, ਉਹ ਇਸ ਭਵਸਾਗਰ ਤੋਂ ਬੱਚ ਗਏ ਤੇ ਪ੍ਰਮੇਸ਼ਰ ਦੇ ਨਾਮ ਤੋਂ ਜਿਹੜੇ ਵਾਂਝੇ ਰਹਿ ਗਏ, ਪ੍ਰਭੂ ਸਿਮਰਨ ਤੋਂ ਜਿਹੜੇ ਹੀਣੇ ਸਨ, ਧੰਨ ਗੁਰੂ ਅਮਰਦਾਸ ਫ਼ੁਰਮਾਉਂਦੇ ਹਨ ਕਿ ਨਾਮ ਤੋਂ ਬਿਨਾਂ ਜਮਾਂ ਦੇ ਘਰ ਨੂੰ ਚਲੇ ਗਏ। ਨਾਮ ਤੋਂ ਬਿਨਾਂ ਉਹਨਾਂ ਨੂੰ ਅੰਤਰੀਵ ਆਤਮਕ ਸੁੱਖ ਦੀ ਪ੍ਰਾਪਤੀ ਨਹੀਂ ਹੋਈ।

ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਹਜ਼ੂਰ ਨੇ ਇਸ ਜਗਤ, ਇਸ ਸੰਸਾਰ ਦੇ ਸਬੰਧੀ ਅਨੇਕਾਂ ਪ੍ਰਮਾਣ ਅਜਿਹੇ ਲੈ ਕੇ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ ਜਿਨ੍ਹਾਂ ਨੂੰ ਅਸੀਂ ਦ੍ਰਿਸ਼ਟਮਾਨ ਅੱਖਾਂ ਨਾਲ ਦੇਖ ਸਕਦੇ ਹਾਂ। ਜਿਵੇਂ ਹਜ਼ੂਰ ਨੇ ਇਸ ਸੰਸਾਰ ਨੂੰ ਇਕ ਅਖਾੜਾ ਦੱਸ ਦਿੱਤਾ ਹੈ ਤੇ ਬਾਣੀ ਵਿਚ ਆਪ ਹੀ ਕ੍ਰਿਪਾਲਤਾ ਕੀਤੀ ਕਿ ਸੰਸਾਰ ਇਕ ਅਖਾੜੇ ਦੀ ਤਰ੍ਹਾਂ ਹੈ। ਇਸਦੇ ਵਿਚ ਪਹਿਲਵਾਨ ਉਤਰੇ ਹਨ। ਆਪਣੀ ਤਾਕਤ ਦੇ ਨਾਲ ਉਹ ਲੋਕਾਂ ਨੂੰ ਢਾਹ ਕੇ, ਉਹਨਾਂ ਦੀ ਪਿੱਠ ਲਾ ਕੇ ਇਸ ਅਖਾੜੇ ਵਿਚੋਂ ਜਿੱਤ ਕੇ ਜਾਂਦੇ ਪਏ ਹਨ ਅਤੇ ਇਸ ਅਖਾੜੇ ਵਿਚ ਜਿੱਥੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਸਤਿਗੁਰੂ ਜੀ ਨੇ ਪਹਿਲਵਾਨਾਂ ਨਾਲ ਤੁਲਨਾ ਦਿੱਤੀ ਹੈ, ਉਥੇ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿਚ ਕਮਾਉਣ ਵਾਲੇ ਜਿਹੜੇ ਸੰਤ ਜਨ ਹਨ, ਉਹ ਇਹਨਾਂ ਪੰਜਾਂ ਵਿਕਾਰਾਂ ਨੂੰ ਜਿੱਤ ਕੇ ਚਲੇ ਗਏ। ਮੇਰੇ ਕਹਿਣ ਤੋਂ ਮੁਰਾਦ ਸਤਿਗੁਰੂ ਨੇ ਜਿਵੇਂ ਅਖਾੜੇ ਵਿਚ ਪਹਿਲਵਾਨ ਉਤਾਰੇ ਹਨ, ਇਸੇ

ਤਰ੍ਹਾਂ ਸੰਸਾਰ ਨੂੰ ਅਖਾੜਾ ਕਹਿ ਕੇ ਜੀਵਨ ਦੇ ਭੋਗ ਨੂੰ ਬਿਆਨ ਕਰਨ ਲਈ ਇਕ ਉਦਾਹਰਨ ਦੇ ਦਿੱਤੀ ਹੈ ਕਿ ਜ਼ਿੰਦਗੀ ਵੀ ਇਕ ਭੋਗ ਦੀ ਤਰ੍ਹਾਂ ਹੈ। ਅਸੀਂ ਹਜ਼ੂਰ ਦੇ ਬਚਨ ਪੜ੍ਹਦੇ ਹਾਂ-

ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥

(ਅੰਗ ੭੪)

ਆਪ ਹੀ ਉਸਨੇ ਛਿੰਝ ਪਾਈ ਹੈ ਤੇ ਆਪ ਹੀ ਇਸ ਮੱਲ ਅਖਾੜੇ ਨੂੰ ਦੇਖ ਰਿਹਾ ਹੈ। ਸਤਿਗੁਰੂ ਜੀ ਨੇ ਕਿਤੇ ਇਸ ਸੰਸਾਰ ਨੂੰ ਕਹਿ ਦਿੱਤਾ ਕਿ ਇਹ ਮੱਲ ਅਖਾੜਾ ਹੈ। ਇਸੇ ਤਰ੍ਹਾਂ ਹੀ ਸਾਨੂੰ ਸਮਝਾਉਣ ਲਈ ਅੰਮ੍ਰਿਤ ਬਾਣੀ ਵਿਚ ਇਹ ਵੀ ਉਦਾਹਰਨਾਂ ਦਿੱਤੀਆਂ ਕਿ ਸੰਸਾਰ ਤਾਂ ਮਾਨੋ ਰੱਬ ਦਾ ਬਣਾਇਆ ਹੋਇਆ ਇਕ ਬਹੁਤ ਸੁੰਦਰ ਬਾਗ਼ ਹੈ।

ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ॥

(ਅੰਗ ੬੯੩)

ਹਜ਼ੂਰ ਨੇ ਇਸੇ ਤਰ੍ਹਾਂ ਬਾਣੀ ਵਿਚ ਪ੍ਰਮਾਣ ਦਿੱਤੇ ਤੇ ਬਾਗ਼ ਤੋਂ ਬਾਅਦ ਕਹਿਣ ਲੱਗੇ ਸੰਸਾਰ ਇਕ ਭਿਆਨਕ ਜੰਗਲ ਦੀ ਤਰ੍ਹਾਂ ਹੈ। ਹਜ਼ੂਰ ਦੇ ਬਚਨ ਅਸੀਂ ਪੜ੍ਹਦੇ ਹਾਂ ਕਿ ਇਸ ਜੰਗਲ ਵਿਚ ਅਨੇਕਾਂ ਅਜਿਹੇ ਖ਼ੂੰਖਾਰ ਜਾਨਵਰ ਹਨ, ਜਿਹੜੇ ਮਨੁੱਖ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ। ਜੰਗਲ ਵੀ ਸੰਸਾਰ ਨੂੰ ਕਿਹਾ, ਬਾਗ਼ ਵੀ ਸੰਸਾਰ ਨੂੰ ਕਿਹਾ, ਅਖਾੜਾ ਵੀ ਸੰਸਾਰ ਨੂੰ ਕਿਹਾ, ਰਣ-ਭੂਮੀ ਵੀ ਸੰਸਾਰ ਨੂੰ ਕਹਿ ਦਿੱਤਾ। ਇਸ ਜੱਗ ਨੂੰ ਸੱਚੇ ਦੀ ਕੋਠੜੀ ਵੀ ਕਹਿ ਦਿੱਤਾ ਤੇ ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਇਸ ਸੰਸਾਰ ਨੂੰ ਕੂੜ ਤਮਾਸ਼ਾ ਵੀ ਕਹਿ ਦਿੱਤਾ। ਇਸਦਾ ਮਤਲਬ ਕੇਵਲ ਇੰਨਾ ਹੈ ਕਿ ਜਿਹਨਾਂ ਚੀਜ਼ਾਂ ਨੂੰ ਅਸੀਂ ਅੱਖਾਂ ਨਾਲ ਦੇਖਦੇ ਹਾਂ, ਉਹਨਾਂ ਦੀਆਂ ਉਦਾਹਰਨਾਂ ਲੈ ਕੇ ਸਾਨੂੰ ਸਮਝਾਇਆ ਗਿਆ ਹੈ ਕਿ ਸੰਸਾਰ ਹਕ਼ੀਕਤ ਵਿਚ ਹੈ ਕੀ।

ਅੱਜ ਮੇਰੇ ਹਜ਼ੂਰ ਨੇ ਸੰਸਾਰ ਨੂੰ ਇਕ ਸਮੁੰਦਰ ਦੇ ਨਾਲ ਤੁਲਨਾ ਦਿੱਤੀ। ਜਿਹੜੇ ਅਸੀਂ ਜੀਵ ਹਾਂ, ਸਾਡੀ ਜ਼ਿੰਦਗੀ ਨੂੰ ਦਾਤਾਰ ਜੀ ਨੇ ਇਕ ਸਮੁੰਦਰ ਵਿਚ ਤਰਦੇ ਹੋਏ ਬੇੜੇ ਦੇ ਨਾਲ ਤੁਲਨਾ ਕੀਤੀ। ਸਿਰਫ਼ ਆਪਾਂ ਉਦਾਹਰਨ ਨੂੰ ਇਸ ਲਈ ਸਮਝਣਾ ਹੈ ਕਿ ਇਸ ਭਵਸਾਗਰ ਨੂੰ, ਇਸ ਜ਼ਿੰਦਗੀ ਦੀ ਬਾਜ਼ੀ ਨੂੰ ਅਸੀਂ ਕਿਵੇਂ ਜਿੱਤ ਸਕੀਏ? ਹਜ਼ੂਰ ਨੇ ਅੱਜ ਫ਼ੁਰਮਾਇਆ ਕਿ ਜਿਨ੍ਹਾਂ ਨੇ ਨਾਮ ਦਾ ਪੱਲੂ ਫੜਿਆ, ਉਹ ਸੰਸਾਰ ਸਮੁੰਦਰ ਤੋਂ ਤਰ ਗਏ। ਕਦੀ ਸਮੁੰਦਰ ਦੇ ਕਿਨਾਰੇ ਤੁਸੀਂ ਜਾ ਕੇ ਦੇਖੋ, ਹੈ ਉਹ ਸਮੁੰਦਰ ਸ਼ਾਂਤ ਵੀ, ਪਰ ਇਹ ਨਾ ਸੋਚੀਏ ਕਿ ਉਸਨੇ ਸਦੀਵ ਕਾਲ ਲਈ ਸ਼ਾਂਤ ਰਹਿਣਾ ਹੈ। ਉਸ ਸਮੁੰਦਰ ਵਿਚ ਹੋ ਸਕਦਾ ਹੈ ਕਿਹੜੇ ਵੇਲੇ ਸਮੁੰਦਰ ਦੀ ਲਹਿਰ ਉੱਠੇ ਅਤੇ ਕਿਨਾਰੇ 'ਤੇ ਵੱਸੇ ਹੋਏ ਲੋਕਾਂ ਨੂੰ ਉਹ ਲਹਿਰ ਰੋੜ ਕੇ ਆਪਣੇ ਨਾਲ ਲੈ ਜਾਏ। ਹੋਰ ਧਿਆਨ ਨਾਲ ਸਮੁੰਦਰ ਵੱਲ ਝਾਤੀ ਮਾਰੀਏ ਕਿ ਸਮੁੰਦਰ ਦੀਆਂ ਲਹਿਰਾਂ ਨੂੰ ਦੇਖੀਏ, ਕਿੰਨੀਆਂ ਕਿੰਨੀਆਂ ਉੱਚੀਆਂ ਸਮੁੰਦਰ ਦੀਆਂ ਲਹਿਰਾਂ ਉੱਠਦੀਆਂ ਹਨ। ਕਿੰਨਾ ਕਿੰਨਾ ਉੱਚਾ ਆਸਮਾਨ ਵੱਲ ਪਾਣੀ ਉੱਛਲਦਾ ਹੈ। ਇਕ ਲਹਿਰ ਅਜੇ ਕਿਨਾਰੇ

ਤੱਕ ਪਹੁੰਚਦੀ ਨਹੀਂ ਤੇ ਹਜ਼ਾਰਾਂ ਲਹਿਰਾਂ ਉਸ ਲਹਿਰ ਦੇ ਪਿੱਛੇ ਹੋਰ ਤੁਰੀਆਂ ਆਉਂਦੀਆਂ ਹਨ। ਸੱਚ ਜਾਣੋ, ਉਸ ਸਮੁੰਦਰ ਨੂੰ ਦੇਖਕੇ ਆਪਣੇ ਮਨ ਵੱਲ ਝਾਤੀ ਮਾਰੀਦੀ ਹੈ ਤਾਂ ਲੱਗਦਾ ਹੈ ਕਿ ਇਹਨਾਂ ਦੋਹਾਂ ਦਾ ਸੁਭਾਅ ਇਕੋ ਜਿਹਾ ਹੈ। ਜਿਵੇਂ ਸਮੁੰਦਰ ਵਿਚ ਇਕ ਲਹਿਰ ਉੱਠੀ ਅਤੇ ਅਜੇ ਉਹ ਸ਼ਾਂਤ ਨਹੀਂ ਹੋਈ ਕਿ ਉਸਦੇ ਪਿੱਛੇ ਸੈਂਕੜੇ ਹਜ਼ਾਰਾਂ ਲਹਿਰਾਂ ਹੋਰ ਉਛਾਲੇ ਮਾਰਦੀਆਂ ਆ ਗਈਆਂ। ਇਵੇਂ ਹੀ ਸਾਡਾ ਮਨ ਵੀ ਇਕ ਸਮੁੰਦਰ ਦੀ ਤਰ੍ਹਾਂ ਹੈ। ਅਜੇ ਕੁਝ ਫੁਰਨੇ ਸ਼ਾਂਤ ਹੁੰਦੇ ਨਹੀਂ ਕਿ ਹੋਰ ਖ਼ਿਆਲ ਅੰਦਰ ਪੈਦਾ ਹੁੰਦੇ ਹਨ। ਸਮੁੰਦਰ ਦੀ ਲਹਿਰਾਂ ਦੀ ਤਰ੍ਹਾਂ ਇਸ ਮਨ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠਦੀਆਂ ਹਨ। ਸਮੁੰਦਰ ਦੀਆਂ ਤਰ੍ਹਾਂ ਇਸ ਸੰਸਾਰ ਵਿਚ ਦੁੱਖ ਤੇ ਸੁੱਖ ਦੀਆਂ ਲਹਿਰਾਂ ਉੱਠਦੀਆਂ ਹਨ। ਕਿਸੇ ਨੂੰ ਲਹਿਰ ਡੋਬਦੀ ਪਈ ਹੈ, ਕਿਸੇ ਨੂੰ ਲਹਿਰ ਤਾਰਦੀ ਪਈ ਹੈ, ਹੈ ਸੰਸਾਰ ਕੇਵਲ ਇਕ ਸਮੁੰਦਰ ਦੀ ਤਰ੍ਹਾਂ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਕੁਝ ਅੰਮ੍ਰਿਤ ਬਚਨ ਹਨ ਕਿ ਜੇ ਸੰਸਾਰ ਸਮੁੰਦਰ ਦੀਆਂ ਲਹਿਰਾਂ ਤੋਂ ਅਸੀਂ ਬੱਚਣਾ ਚਾਹੁੰਦੇ ਹਾਂ ਤਾਂ ਫਿਰ ਗੁਰੂ ਦਾ ਦਿੱਤਾ ਹੋਇਆ ਗੁਰਮੰਤਰ, ਇਸਨੂੰ ਆਪਣੀ ਜ਼ਿੰਦਗੀ ਵਿਚ ਦ੍ਰਿੜ੍ਹ ਕਰ ਲਈਏ ਤਾਂ ਸਾਡੀ ਜ਼ਿੰਦਗੀ ਦਾ ਬੇੜਾ ਜ਼ਰੂਰ ਕਿਨਾਰੇ ਲੱਗੇਗਾ। ਜੇ ਅਸੀਂ ਆਪਣੇ ਆਪਣੇ ਬੇੜੇ ਵੱਲ ਝਾਤੀ ਮਾਰੀਏ, ਸਰੀਰ ਇਕ ਬੇੜਾ ਹੈ ਤੇ ਜਿਹੜੇ ਬੇੜੇ ਸਮੁੰਦਰ ਵਿਚ ਤਰਦੇ ਹਨ, ਯਤਨ ਕੀਤਾ ਜਾਂਦਾ ਹੈ ਕਿ ਕਿਸੇ ਵੀ ਤਰੀਕੇ ਨਾਲ ਸਮੁੰਦਰੀ ਬੇੜੇ ਵਿਚ ਕਿਤੋਂ ਵੀ ਪਾਣੀ ਨਾ ਭਰ ਜਾਏ। ਕਿਉਂਕਿ ਜੇ ਬੇੜੇ ਵਿਚ ਪਾਣੀ ਭਰ ਜਾਏਗਾ, ਤਾਂ ਉਹ ਡੁਬ ਜਾਏਗਾ। ਪਾਣੀ ਉਸਨੂੰ ਤਾਰਦਾ ਜ਼ਰੂਰ ਹੈ ਜੇ ਬੇੜਾ ਕੇਵਲ ਪਾਣੀ ਦੇ ਉੱਪਰ ਰਹੇ ਤੇ ਜੇ ਪਾਣੀ ਬੇੜੇ ਦੇ ਵਿਚ ਪੈ ਜਾਏ, ਸੱਚ ਜਾਣਿਉ, ਉਹ ਪਾਣੀ ਹੀ ਬੇੜੇ ਨੂੰ ਡੋਬਣ ਦਾ ਕਾਰਨ ਬਣ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚੋਂ ਕਬੀਰ ਸਾਹਿਬ ਜੀ ਦੇ ਇਕ ਪਵਿੱਤਰ ਸਲੋਕ ਤੋਂ ਅਸੀਂ ਪ੍ਰਾਰੰਭਤਾ ਕਰਨੀ ਹੈ। ਕਹਿਣ ਲੱਗੇ ਹੇ ਪ੍ਰਭੂ ! ਮੇਰੀ ਜ਼ਿੰਦਗੀ ਇਕ ਬੇੜੇ ਦੀ ਤਰ੍ਹਾਂ ਹੈ। ਇਕ ਤਾਂ ਇਹ ਬੇੜਾ ਪੁਰਾਣਾ ਹੋ ਚੁੱਕਾ ਹੈ। ਸਾਡੀ ਜ਼ਿੰਦਗੀ ਦਾ ਬੇੜਾ ਜਰਜਰਾ ਹੈ, ਪੁਰਾਣਾ ਹੈ। ਪਿਆਰਿਉ ! ਇਕ ਹੈ ਸਰੀਰ ਦਾ ਬੇੜਾ, ਇਕ ਹੈ ਅੰਦਰ ਮਨ ਦਾ ਬੇੜਾ। ਸਰੀਰ ਦਾ ਬੇੜਾ ਤਾਂ ਤਿਆਰ ਹੁੰਦਾ ਹੈ ਜਨਮ ਤੋਂ ਪਰ ਮਨ ਦਾ ਜਿਹੜਾ ਬੇੜਾ ਹੈ ਪਤਾ ਨਹੀਂ ਇਸ ਬੇੜੇ ਨੂੰ ਕਿੰਨੇ-ਕੁ ਜਨਮ ਹੋ ਗਏ ਹਨ ਇਸ ਭਵ-ਸਾਗਰ ਵਿਚ ਤਰਦਿਆਂ, ਕਦੀ ਡੁੱਬਦਾ ਹੈ, ਕਦੀ ਉਭਰਦਾ ਹੈ, ਫਿਰ ਡੁੱਬਦਾ ਹੈ, ਫਿਰ ਉਭਰਦਾ ਹੈ। ਕਬੀਰ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ, ਕਹਿੰਦੇ ਹਨ ਕਿ ਭਲਿਆ, ਇਕ ਤਾਂ ਸਾਡੀ ਜ਼ਿੰਦਗੀ ਦਾ ਬੇੜਾ ਜਰਜਰਾ ਹੈ, ਪੁਰਾਣਾ ਹੈ। ਭਰੋਸਾ ਤਾਂ ਨਵ੍ਹੇਂ ਬੇੜੇ ਦਾ ਵੀ ਨਹੀਂ ਕਿ ਕਦੋਂ ਸਮੁੰਦਰ ਵਿਚ ਤੂਫਾਨ ਉੱਠਣਾ ਹੈ ਤੇ ਉਸਨੇ ਨਵੇਂ ਬੇੜੇ ਨੂੰ ਆਪਣੀ ਘੁੰਮਣ ਘੇਰੀ ਵਿਚ ਲੈ ਕੇ ਉਸਨੂੰ ਡੋਬ ਦੇਣਾ ਹੈ। ਸੰਸਾਰ ਸਮੁੰਦਰ ਹੈ ਤੇ ਸਰੀਰ ਬੇੜੇ ਦੀ ਤਰ੍ਹਾਂ ਹੈ। ਬੇੜੇ ਵਿਚ ਸੁਰਾਖ਼ ਪੈ ਜਾਏ ਤੇ ਇਕ ਨਿੱਕਾ ਜਿਹਾ ਸੁਰਾਖ਼ ਹੀ ਬੇੜੇ ਨੂੰ ਕੁਝ ਦਿਨਾਂ ਤੋਂ ਬਾਅਦ ਪਾਣੀ ਵਿਚ ਡੋਬ ਦਿੰਦਾ ਹੈ। ਕਹਿੰਦੇ ਹਨ ਆਪਣੇ ਸਰੀਰ ਬੇੜੇ ਨੂੰ ਕਿਵੇਂ ਬਚਾ ਸਕਦਾ ਹੈਂ, ਕਿਉਂਕਿ ਜੇ ਹਜ਼ਾਰਾਂ ਸੁਰਾਖ਼ਾਂ ਰਾਹੀਂ ਅੰਦਰ ਪਾਣੀ

ਪ੍ਰਵੇਸ਼ ਕਰਕੇ ਇਸਨੂੰ ਭਾਰਿਆਂ ਕਰੇ ਤਾਂ ਇਹ ਬੇੜਾ ਅੱਜ ਵੀ ਡੁੱਬਾ ਤੇ ਇਸ ਬੇੜੇ ਨੇ ਕੱਲ ਵੀ ਡੁੱਬ ਜਾਣਾ ਹੈ। ਤਰ ਜਾਂਦੇ ਨੇ ਜਿਹੜੇ ਹੌਲੇ ਹਨ। ਭਾਰੇ ਕਦੇ ਵੀ ਇਸ ਭਵ-ਸਾਗਰ ਨੂੰ ਤਰ ਨਹੀਂ ਸਕੇ। ਸਰੀਰ ਇਕ ਬੇੜਾ ਹੈ। ਕੇਵਲ ਇਸਦੇ ਵਿਚ ਨੌਂ ਦੁਆਰੇ ਨੌਂ ਸੁਰਾਖ਼ ਹੀ ਨਹੀਂ, ਹੁਣ ਪਤਾ ਨਹੀਂ ਕਿੰਨੇ-ਕੁ ਇਸ ਬੇੜੇ ਵਿਚ ਸੁਰਾਖ਼ ਪੈਦਾ ਹੋ ਗਏ ਹਨ। ਹੁਣ ਕੇਵਲ ਅੱਖਾਂ, ਕੰਨ ਹੀ ਨਹੀਂ, ਅਨੇਕਾਂ ਇਹੋ ਜਿਹੇ ਸੁਰਾਖ਼ ਹਨ ਜਿਨ੍ਹਾਂ ਰਾਹੀਂ ਇਸ ਸਰੀਰ ਦੇ ਬੇੜੇ ਦੇ ਅੰਦਰ ਦਿਨ ਰਾਤ ਵਿਕਾਰਾਂ ਦਾ ਪਾਣੀ ਭਰਦਾ ਹੈ। ਸਾਡੀ ਸੁਰਤ 'ਤੇ ਬੋਝ ਪੈ ਗਿਆ। ਜਿਹੜਾ ਬੰਦਾ ਹੌਲਾ ਹੈ ਕੇਵਲ ਉਸਨੇ ਹੀ ਪਾਣੀ ਨੂੰ ਤਰਨਾ ਹੈ ਤੇ ਜਿਹੜੇ ਬੰਦੇ ਦੇ ਉੱਪਰ ਆਪ ਭਾਰ ਪਿਆ ਹੋਇਆ ਹੈ, ਉਸਦਾ ਬੇੜਾ ਕਦੀ ਵੀ ਕਿਨਾਰੇ ਨਹੀਂ ਲੱਗ ਸਕਦਾ। ਸੁਰਤ ਉੱਪਰ ਕਿੰਨਾ-ਕੁ ਬੋਝ ਹੈ? ਕਾਮ ਦਾ ਬੋਝ ਹੈ, ਕ੍ਰੋਧ ਦਾ ਬੋਝ ਹੈ, ਈਰਖਾ ਦਾ ਬੋਝ ਹੈ, ਨਿੰਦਿਆ ਦਾ ਬੋਝ ਹੈ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਇਸ ਬੇੜੇ ਉੱਪਰ ਬੋਝ ਵੀ ਬਹੁਤ ਹੈ ਤੇ ਹਜ਼ਾਰਾਂ ਛੇਕ ਇਸਦੇ ਵਿਚ ਪੈ ਗਏ। ਪਿਆਰਿਆ ! ਤਰਨਗੇ ਉਹ ਜਿਹੜੇ ਹੌਲੇ ਹਨ। ਜਿਨ੍ਹਾਂ ਦੇ ਸਿਰ 'ਤੇ ਭਾਰ ਸੀ ਉਹ ਸਮੁੰਦਰ ਵਿਚ ਹੀ ਡੁੱਬਕੇ ਰਹਿ ਗਏ। ਕਬੀਰ ਜੀ ਕਹਿੰਦੇ ਹਨ-

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥

(ਅੰਗ ੧੩੬੬)

ਹੁਣ ਭਾਰ ਕਿਵੇਂ? ਅਸੀਂ ਕਹਾਂਗੇ ਕਿ ਅਸੀਂ ਤਾਂ ਭਾਰ ਸਿਰ 'ਤੇ ਚੁੱਕਿਆ ਹੀ ਨਹੀਂ, ਬਿਲਕੁਲ ਹਲਕਾ ਫੁਲਕਾ ਸਾਡਾ ਸਰੀਰ ਹੈ। ਨਹੀਂ ਪਿਆਰਿਉ ! ਅਸਲ ਵਿਚ ਉਹ ਭਾਰ ਦਿੱਸਦਾ ਨਹੀਂ। ਭਾਰ ਪ੍ਰਤੀਤ ਹੀ ਉਦੋਂ ਹੁੰਦਾ ਹੈ ਜਦੋਂ ਮਰਨ ਦੇ ਕਿਨਾਰੇ ਆ ਜਾਈਏ ਤੇ ਲੋਕਾਂ ਦੀਆਂ ਚੁੱਕੀਆਂ ਹੋਈਆਂ ਪੰਡਾਂ ਸਿਰ 'ਤੇ ਨਜ਼ਰ ਆਉਂਦਿਆਂ ਹਨ। ਭਗਤ ਨਾਮਦੇਵ ਜੀ ਨੇ ਇਕ ਅਰਦਾਸ ਕੀਤੀ ਹੈ ਸੰਸਾਰ ਸਮੁੰਦਰ ਤੋਂ ਤਰਨ ਦੇ ਲਈ। ਕੇਵਲ ਮਰਨ ਤੋਂ ਬਾਅਦ ਹੀ ਅਰਦਾਸ ਨਹੀਂ, ਆਪਣੇ ਜਿਉਂਦੇ ਜੀਅ ਆਪਣੇ ਕਰਤਾਰ ਦੇ ਚਰਨਾਂ ਵਿਚ ਅਰਦਾਸ ਕਰ ਕਿ ਹੇ ਪ੍ਰਮਾਤਮਾ ! ਮੈਨੂੰ ਇਸ ਭਵ ਸਾਗਰ ਦੀਆਂ ਲਹਿਰਾਂ ਤੋਂ ਬਚਾ ਲੈ। ਹਜ਼ੂਰ ਦਾ ਇਕ ਬਚਨ ਆਉਂਦਾ ਹੈ। ਹਜ਼ੂਰ ਮੇਹਰ ਕਰਦੇ ਹਨ ਕਿ ਹੇ ਪ੍ਰਭੂ ! ਮੇਰੀ ਕਾਇਆ ਇਕ ਬੇੜਾ ਹੈ। ਦੇਖੋਂ ! ਇਕ ਲਾਲਚ ਦੀ ਲਹਿਰ ਉੱਠੀ ਇਹੋ ਜਿਹੀ ਮੇਰੇ ਤਨ ਦੇ ਬੇੜੇ ਨਾਲ ਆ ਕੇ ਟਕਰਾਈ ਜਿਸਨੇ ਮੇਰੇ ਬੇੜੇ ਨੂੰ ਚਕਨਾਚੂਰ ਕਰਕੇ ਰੱਖ ਦਿੱਤਾ ਹੈ। ਆਪਾਂ ਅਰਦਾਸ ਕਰੀਏ ਜੇ ਬੇੜਾ ਭਵ ਸਾਗਰ ਤੋਂ ਕਿਨਾਰੇ ਲਾਉਣਾ ਹੈ ਤਾਂ ਬਾਬਾ ਨਾਮਦੇਵ ਜੀ ਕਹਿ ਰਹੇ ਹਨ-

ਲੋਭ ਲਹਰਿ ਅਤਿ ਨੀਝਰ ਬਾਜੈ ॥

(ਅੰਗ ੧੧੯੬)

ਹੇ ਪ੍ਰਭੂ ! ਲੋਭ ਲਾਲਚ ਦੀਆਂ ਜਿਹੜੀਆਂ ਲਹਿਰਾਂ ਹਨ, ਇਹ ਮੇਰੇ ਤਨ ਦੇ ਬੇੜੇ ਨੂੰ

ਆ ਕੇ ਵੱਜਦੀਆਂ ਪਈਆਂ ਹਨ। ਹੁਣ ਜਦੋਂ ਲਾਲਚ ਦੀ ਲਹਿਰ ਵੱਜੀ ਤਨ ਦੇ ਬੇੜੇ ਨੂੰ ਤਾਂ ਕਹਿੰਦੇ ਹਨ ਹੇ ਸੋਹਣੇ ਕੇਸਾਂ ਵਾਲੇ ਪ੍ਰਭੂ ! ਮੇਰੀ ਜ਼ਿੰਦਗੀ ਦਾ ਬੇੜਾ ਹੁਣ ਡੁੱਬਣ ਲੱਗਾ ਹੈ। ਜੇ ਬੇੜੇ ਨੂੰ ਬਚਾਉਣਾ ਚਾਹੁੰਦਾ ਹੈਂ ਤਾਂ ਸਾਹਿਬ ਕਹਿੰਦੇ ਹਨ-

ਲੋਭ ਲਹਰਿ ਅਤਿ ਨੀਝਰ ਬਾਜੈ
ਕਾਇਆ ਡੂਬੈ ਕੇਸਵਾ॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ॥

ਹੇ ਧਰਤੀ ਨੂੰ ਸਹਾਰਾ ਦੇਣ ਵਾਲੇ ਪ੍ਰਮਾਤਮਾ ! ਕ੍ਰਿਪਾ ਕਰ ਮੇਰੀ ਇਸ ਜ਼ਿੰਦਗੀ ਦੇ ਬੇੜੇ ਨੂੰ ਤੂੰ ਤਾਰ ਦੇ।

ਸੰਸਾਰ ਸਮੁੰਦੇ ਤਾਰਿ ਗੋਬਿੰਦੇ॥
ਤਾਰਿ ਲੈ ਬਾਪ ਬੀਠੁਲਾ॥ ੧॥ ਰਹਾਉ॥

ਪੁੱਛਿਆ ਕਿਉਂ ਜੀ, ਤੁਹਾਡੇ ਕੋਲ ਆਪਣੀ ਜ਼ਿੰਦਗੀ ਦੀ ਬੇੜੀ ਦੇ ਚੱਪੂ ਨਹੀਂ ਬਣਦੇ? ਅੱਗੋਂ ਭਗਤ ਜੀ ਕਹਿਣ ਲੱਗੇ, ਹੇ ਪ੍ਰਭੂ ! ਹਵਾ ਇੰਨੀ ਕੁ ਤੇਜ਼ ਚੱਲਦੀ ਪਈ ਹੈ ਵਿਕਾਰਾਂ ਦੀ ਕਿ ਮੇਰੇ ਹੱਥਾਂ ਵਿਚ ਫੜੇ ਚੱਪੂ ਇਹਨਾਂ ਲਹਿਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਜੇ ਤੂੰ ਤਰੁੱਠਿਆ ਹੈਂ ਤਾਂ ਮੈਨੂੰ ਪੂਰਾ ਸਤਿਗੁਰੂ ਮਿਲਾ ਦੇ, ਜਿਹੜਾ ਬੇੜਿਆਂ ਨੂੰ ਕਿਨਾਰੇ ਲਗਾਉਣ ਵਾਲਾ ਹੈ। ਜੇ ਤੂੰ ਤਰੁੱਠਾ ਹੈਂ ਤਾਂ ਨਾਮਦੇਵ ਨੂੰ ਬਾਂਹ ਦੇ ਕੇ, ਆਪਣੀ ਬਾਂਹ ਫੜਾ ਕੇ ਇਹਨਾਂ ਲਹਿਰਾਂ ਤੋਂ ਬਾਹਰ ਕੱਢ ਦੇ। ਹੁਣ ਮੇਰੇ ਚੱਪੂ ਤੇ ਮੇਰੇ ਬੇੜੇ ਦੇ ਭਰੋਸੇ ਨਾਲ ਮੈਂ ਇਸ ਭਵ-ਸਾਗਰ ਤੋਂ ਪਾਰ ਨਹੀਂ ਹੋ ਸਕਦਾ।

ਅਨਿਲ ਬੇੜਾ ਹਉ ਖੇਵਿ ਨ ਸਾਕਉ॥
ਤੇਰਾ ਪਾਰੁ ਨ ਪਾਇਆ ਬੀਠੁਲਾ॥ ੨॥
ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ॥
ਪਾਰਿ ਉਤਾਰੇ ਕੇਸਵਾ॥ ੩॥

ਗੁਰੂ ਆਪ ਤਰਿਆ ਹੈ ਤੇ ਪਿਆਰਿਉ ! ਤਾਰੇਗਾ ਵੀ ਉਹ ਜਿਸਨੂੰ ਆਪ ਤਰਨ ਦੀ ਜਾਚ ਹੈ। ਜਿਹੜਾ ਆਪ ਹੀ ਡੁੱਬ ਚੁੱਕਾ ਹੈ, ਉਸਨੇ ਕਿਸੇ ਡੁੱਬਦੇ ਹੋਏ ਨੂੰ ਕੀ ਤਾਰਨਾ ਹੈ। ਕਹਿਣ ਲੱਗੇ-

ਨਾਮਾ ਕਹੈ ਹਉ ਤਰਿ ਭੀ ਨ ਜਾਨਉ॥

ਨਾਮਦੇਵ ਕਹਿੰਦੇ ਹਨ ਹੇ ਪ੍ਰਭੂ ! ਮੈਨੂੰ ਤਰਨਾ ਨਹੀਂ ਆਉਂਦਾ। ਕਿਵੇਂ ਇਸ ਭਵ-ਸਾਗਰ ਨੂੰ ਤਰਾਂ? ਮੇਰੇ ਕੋਲ ਤਰਨ ਦੀ ਸਮਰੱਥਾ ਨਹੀਂ।

ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ॥ ੪॥

(ਅੰਗ ੧੧੯੬)

ਹੇ ਸੋਹਣੇ ਪ੍ਰਮਾਤਮਾ ! ਤੂੰ ਡੁੱਬਦੇ ਹੋਏ ਨੂੰ ਆਪਣੀ ਬਾਂਹ ਦਾ ਸਹਾਰਾ ਦੇ ਤਾਂਕਿ ਸਤਿਗੁਰੂ ਕ੍ਰਿਪਾ ਕਰੇ, ਮੈਨੂੰ ਬਾਂਹ ਫੜਾ ਕੇ ਇਸ ਭਵ-ਸਾਗਰ ਤੋਂ ਪਾਰ ਕਰ ਦੇਵੇ। ਸਤਿਗੁਰੂ ਕੋਲ ਸਮਰੱਥਾ ਹੈ ਜਿਹੜਾ ਭਵ-ਸਾਗਰ ਤੋਂ ਬੇੜੇ ਨੂੰ ਕਿਨਾਰੇ ਲਗਾ ਦਿੰਦਾ ਹੈ।

ਅਸੀਂ ਕਈ ਗੁਰੂ ਸਾਹਿਬਾਂ ਨਾਲ ਸਬੰਧਿਤ ਇਤਿਹਾਸ ਵਿਚੋਂ ਘਟਨਾਵਾਂ ਪੜ੍ਹਦੇ ਹਾਂ ਪਰ ਜਦੋਂ ਅਸੀਂ ਕੋਈ ਘਟਨਾ ਪੜ੍ਹਦੇ ਹਾਂ ਤਾਂ ਅਸੀਂ ਇਤਿਹਾਸ ਨੂੰ ਬਹੁਤਾ ਕਰਕੇ ਕੇਵਲ ਵਿਅਕਤੀ ਰੂਪ ਵਿਚ ਬਿਆਨ ਕਰਦੇ ਹਾਂ। ਵਿਅਕਤੀ ਰੂਪ ਦਾ ਅਰਥ ਹੈ ਕਿ ਅੱਜ ਤੋਂ ਸਦੀਆਂ ਪਹਿਲਾਂ ਇਹ ਘਟਨਾ ਵਾਪਰੀ ਸੀ। ਕੀ ਉਹ ਅੱਜ ਘਟਨਾ ਨਹੀਂ ਵਾਪਰ ਸਕਦੀ?

ਮੈਂ ਦੋ ਤਿੰਨ ਉਦਾਹਰਨਾਂ ਅਰਜ਼ ਕਰਨੀਆਂ ਚਾਹੁੰਦਾ ਹਾਂ। ਪਹਿਲੀ ਉਦਾਹਰਨ ਸਾਨੂੰ ਮਿਲਦੀ ਹੈ ਕਿ ਮਨਸੁਖ ਵਰਗਾ ਗੁਰੂ ਦਾ ਪਿਆਰਾ ਸਿੱਖ ਜਿਹੜਾ ਆਪ ਵਪਾਰੀ ਹੈ। ਆਪਣੇ ਉਸਦੇ ਜਹਾਜ਼ ਚੱਲਦੇ ਹਨ ਤੇ ਇਕੱਲਾ ਜਹਾਜ਼ਾਂ ਨੂੰ ਚਲਾਉਣ ਵਾਲਾ ਇੰਨਾ ਧਨਾਢ ਵਪਾਰੀ ਹੀ ਨਹੀਂ, ਗੁਰੂ ਨਾਨਕ ਸਾਹਿਬ ਜੀ ਦੀ ਕ੍ਰਿਪਾ ਦਾ ਸਦਕਾ ਭਾਈ ਮਨਸੁਖ ਅੰਦਰ ਦੇ ਖ਼ਜ਼ਾਨੇ ਦਾ ਵੀ ਵਪਾਰੀ ਹੈ ਤੇ ਮੇਰੇ ਗੁਰੂ ਨੇ ਉਸਨੂੰ ਅੰਦਰ ਦਾ ਧਨ ਵੀ ਬਖ਼ਸ਼ਿਆ ਹੋਇਆ ਹੈ। ਜਿਸ ਦਿਨ ਉਸ ਮਨਸੁਖ ਦਾ ਬੇੜਾ ਡੁੱਬਣ ਲੱਗਦਾ ਹੈ, ਅਸੀਂ ਤਵਾਰੀਖ਼ ਵਿਚ ਬਚਨ ਪੜ੍ਹਦੇ ਹਾਂ ਗੁਰੂ ਨਾਨਕ ਪ੍ਰਕਾਸ਼ ਵਿਚ ਵੀ, ਖਾਸ ਕਰਕੇ ਭਾਈ ਵੀਰ ਸਿੰਘ ਨੇ ਗੁਰੂ ਨਾਨਕ ਚਮਤਕਾਰ ਵਿਚ ਇਹ ਉਦਾਹਰਨ ਵੀ ਦਿੱਤੀ ਹੈ। ਹੁਣ ਗੁਰੂ ਨਾਨਕ ਸਾਹਿਬ ਦਾ ਸਿੱਖ ਹੈ ਮਨਸੁਖ। ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਉਸਨੂੰ ਪਹਿਲੇ ਦਰਸ਼ਨਾਂ ਵਿਚੋਂ ਹੀ ਮਿਲ ਗਈ ਸੀ। ਗੱਲ ਕੇਵਲ ਇਕ ਘੜੀਆਂ ਦੀ ਝਲਕ ਦੀ ਨਹੀਂ, ਅਸਲ ਵਿਚ ਉਸਦਾ ਅੰਦਰ ਪਿਆਰ ਹੋ ਚੁੱਕਾ ਹੈ।

ਗੁਰੂ ਨਾਨਕ ਸਾਹਿਬ ਘਰ ਵਿਸ਼ਰਾਮ ਕਰਦੇ ਹਨ ਤੇ ਹਜ਼ੂਰ ਦੇ ਮਾਤਾ ਤ੍ਰਿਪਤਾ ਜੀ ਆਵਾਜ਼ ਦਿੰਦੇ ਹਨ ਤੁਲਸਾਂ ਦਾਸੀ ਨੂੰ ਕਿ ਦੇਖ ਅੱਜ ਪੁੱਤਰ ਕਈ ਸਾਲਾਂ ਤੋਂ ਬਾਅਦ ਘਰ ਮੁੜਿਆ ਹੈ, ਅੱਜ ਚਿੱਤ ਕਰਦਾ ਹੈ ਮੈਂ ਆਪਣੇ ਹੱਥਾਂ ਨਾਲ ਆਪਣੇ ਲਾਲ ਨੂੰ ਪ੍ਰਸ਼ਾਦਾ ਪਾਣੀ ਛਕਾਵਾਂ। ਜਦੋਂ ਪ੍ਰਸ਼ਾਦ ਤਿਆਰ ਹੋਇਆ ਤਾਂ ਆਵਾਜ਼ ਦਿੰਦੇ ਹਨ ਤੁਲਸਾਂ, ਨਾਨਕ ਨੂੰ ਜਾ ਕੇ ਹਿਲਾ ਤਾਂ ਸਹੀ, ਆਵਾਜ਼ ਦੇ ਕੇ ਉਸਨੂੰ ਕਹੋ ਕਿ ਭੋਜਨ ਤਿਆਰ ਹੈ, ਆ ਕੇ ਛੱਕੋ। ਤੁਲਸਾਂ ਦਾਸੀ ਗਈ ਤੇ ਜਾ ਕੇ ਦੇਖਿਆ ਹਜ਼ੂਰ ਮੰਜੇ ਦੇ ਉੱਪਰ ਬਿਰਾਜਮਾਨ ਹਨ। ਤਨ ਨੂੰ ਬਸਤਰ ਦੇ ਨਾਲ ਢੱਕਿਆ ਹੈ। ਮਨ ਵਿਚ ਆਇਆ ਮਨਾ ! ਕਈ ਸਾਲਾਂ ਬਾਅਦ ਆਏ ਹਨ ਅੱਜ ਵਿਸ਼ਰਾਮ ਪਏ ਕਰਦੇ ਹਨ, ਕਿਉਂ ਉੱਚੀ ਆਵਾਜ਼ ਦੇ ਕੇ ਉਠਾਏਂਗੀ। ਨਾਲੇ ਮੈਂ ਦਾਸੀ ਹਾਂ, ਸਿਰ ਵਾਲੇ ਪਾਸੇ ਖਲੋ ਕੇ ਆਵਾਜ਼ ਦੇਣਾ ਮੈਨੂੰ ਦਾਸੀ ਨੂੰ ਸੋਭਦਾ ਨਹੀਂ। ਮਨ ਵਿਚ ਫੁਰਨਾ ਆਇਆ ਤੇ ਚਰਨਾਂ ਵਾਲੇ ਪਾਸੇ ਆ ਖਲੋਤੀ। ਅਸਲ ਵਿਚ ਉਹ ਫੁਰਨਾ ਉਸਦੀ ਜ਼ਿੰਦਗੀ ਨੂੰ ਪਲਟਣ ਵਾਲਾ ਸੀ। ਪਹਿਲਾਂ ਚਿੱਤ ਵਿਚ ਆਇਆ ਕਿ ਆਵਾਜ਼ ਦੇਵਾਂ। ਫਿਰ ਕਿਹਾ ਮਨਾ ! ਇੰਨੇ ਲੋਕ ਇਹਨਾਂ ਅੱਗੇ ਝੁੱਕੇ ਹਨ, ਆਖ਼ਿਰ ਕੁਝ ਨਾ ਕੁਝ ਇਹਨਾਂ ਨੂੰ ਮਿਲਿਆ ਹੈ ਤਾਂ ਹੀ ਝੁਕੇ ਹਨ। ਤੂੰ ਆਵਾਜ਼ ਨਾ ਮਾਰ, ਇਸ ਘਰ ਦੀ ਜੇ ਤੂੰ ਦਾਸੀ ਹੈਂ ਤਾਂ ਬਾਬੇ ਨਾਨਕ ਦੇ ਚਰਨਾਂ ਨੂੰ ਫੜਕੇ ਨਮਸ਼ਕਾਰ ਕਰ ਤੇ ਹੋ ਸਕਦਾ ਹੈ ਨਮਸ਼ਕਾਰ ਕਰਦਿਆਂ,

ਤੇਰੇ ਮਸਤਕ ਨੂੰ ਚਰਨਾਂ ਨਾਲ ਸਪਰਸ਼ ਕਰਦਿਆਂ ਗੁਰੂ ਨਾਨਕ ਸਾਹਿਬ ਕ੍ਰਿਪਾਲੂ ਜੀ ਮੰਜੇ ਤੋਂ ਉੱਠ ਬੈਠਣ।

ਤੁਲਸਾਂ ਨੇ ਆਪਣੇ ਮਸਤਕ ਨੂੰ ਮੇਰੇ ਕ੍ਰਿਪਾਲੂ ਦਾਤਾ ਜੀ ਦੇ ਚਰਨਾਂ ਦੀਆਂ ਤਲੀਆਂ ਨਾਲ ਲਾਇਆ। ਜਦੋਂ ਹਜ਼ੂਰ ਦੇ ਚਰਨਾਂ ਦੀ ਸਪਰਸ਼ ਇਸਦੇ ਚਰਨਾਂ ਨੂੰ ਮਿਲੀ ਤਾਂ ਅਸਲ ਵਿਚ ਨਾ ਉਹ ਤਲਵੰਡੀ ਸੀ, ਨਾ ਤੁਲਸਾਂ ਦਾਸੀ ਸੀ। ਪਿਆਰਿਉ ! ਤੁਸੀਂ ਅਨੇਕਾਂ ਵਾਰੀ ਜਿਹੜੇ ਸਿਮਰਨ ਕਰਨ ਵਾਲੇ ਗੁਰਮੁਖ ਹਨ, ਸਰੀਰ, ਸਥਾਨ ਸਮਾਂ ਉਹਨਾਂ ਲਈ ਹੈ ਜਿਨ੍ਹਾਂ ਦੀ ਸੁਰਤ ਕੇਵਲ ਸੰਸਾਰ ਵਿਚ ਜੁੜੀ ਹੈ। ਜਿਹੜੇ ਵਲਵਲਿਆਂ ਦੇ ਦੇਸ਼ ਵਿਚ ਉਡਾਰੀ ਮਾਰਦੇ ਹਨ, ਉਹ ਘਰ ਵਿਚ ਬੈਠੇ ਹੋਏ ਵੀ ਘਰ ਵਿਚ ਨਹੀਂ ਰਹਿੰਦੇ। ਕਰੋੜਾਂ ਜਨਮਾਂ ਦਾ ਮਨੁੱਖ ਰੱਬ ਤੋਂ ਵਿਛੜਿਆ ਹੈ ਤੇ ਜੇ ਸੁਰਤ ਉਸਦੀ ਟਿੱਕ ਗਈ, ਉਸਦਾ ਅੰਦਰ ਸੁਰਤ ਵਿਚ ਜੁੜ ਗਿਆ ਤਾਂ ਟਿੱਕੀ ਹੋਈ ਸੁਰਤ ਨੇ ਕਰੋੜਾਂ ਜਨਮਾਂ ਦੇ ਵਿਛੜੇ ਨੂੰ ਪ੍ਰਮਾਤਮਾ ਦੇ ਦਰ 'ਤੇ ਜਾ ਟਿਕਾਅ ਦਿੱਤਾ। ਬੈਠਾ ਆਦਮੀ ਆਪਣੇ ਘਰ ਵਿਚ ਹੈ ਪਰ ਸੁਰਤ ਕਰਕੇ ਕਰੋੜਾਂ ਜਨਮਾਂ ਦਾ ਜਿਹੜਾ ਫ਼ਾਸਲਾ ਸੀ, ਉਸਨੂੰ ਤਹਿ ਕਰ ਲਿਆ, ਵਿਛੋੜੇ ਖ਼ਤਮ ਹੋ ਗਏ। ਜਿੱਥੇ ਸੁਰਤ ਵਿਚ ਇੰਨੀ ਤਾਕਤ ਹੈ ਉਥੇ ਸਮਾਂ ਸਥਾਨ ਨਹੀਂ ਰਹਿੰਦਾ। ਭਾਵੇਂ ਅੱਜ ਕੱਲ ਦੇ ਪੜ੍ਹੇ ਲਿਖੇ ਸੱਜਣ ਇਹਨਾਂ ਗੱਲਾਂ ਨੂੰ ਛੇਤੀ ਸਵੀਕਾਰ ਵੀ ਨਹੀਂ ਕਰਦੇ।

ਮੈਂ ਅਰਜ਼ ਕਰ ਰਿਹਾ ਸਾਂ ਕਿ ਤੁਲਸਾ ਦਾਸੀ ਨੇ ਸਿਰਫ਼ ਆਪਣਾ ਮਸਤਕ ਹੀ ਬਾਬੇ ਨਾਨਕ ਦੇ ਚਰਨਾਂ ਨਾਲ ਸਪਰਸ਼ ਕਰਾਇਆ। ਜਦੋਂ ਮਾਂ ਨੇ ਆਵਾਜ਼ ਦਿੱਤੀ ਤੁਲਸਾਂ, ਨਾਨਕ ਨੂੰ ਉਠਾਇਆ ਨਹੀਂ? ਤੁਲਸਾਂ ਦਾ ਉੱਤਰ ਸੀ, ਮਾਂ, ਜੇ ਨਾਨਕ ਹੋਵੇ ਤਾਂ ਉਠਾਵਾਂ। ਪੁੱਛਿਆ ਕਿਉਂ? ਕਹਿਣ ਲੱਗੀ ਨਾਨਕ ਇਥੇ ਹੈ ਨਹੀਂ। ਆਵਾਜ਼ ਦਿੱਤੀ ਦੇਖ ਮੇਰੇ ਸਾਹਮਣੇ ਤਾਂ ਮੰਜੇ 'ਤੇ ਬਸਤਰ ਲਪੇਟ ਕੇ ਪਿਆ ਹੈ। ਕਹਿਣ ਲੱਗੇ ਬਸਤਰ ਵਿਚ ਕੇਵਲ ਤਨ ਦਿੱਸਦਾ ਹੈ, ਗੁਰੂ ਨਾਨਕ ਸਾਹਿਬ ਤਾਂ ਮਨਸੁਖ ਦੇ ਬੇੜੇ ਨੂੰ ਕਿਨਾਰੇ ਪਏ ਲਾਉਂਦੇ ਹਨ। ਉਸਦਾ ਬੇੜਾ ਡੁੱਬ ਰਿਹਾ ਹੈ, ਉਸਨੂੰ ਕਿਨਾਰੇ ਲਗਾਉਂਦੇ ਹਨ।

ਹੁਣ ਇਥੇ ਗੁਰੂ ਸਮਰੱਥ ਹੈ। ਅਸੀਂ ਕਹਿੰਦੇ ਜ਼ਰੂਰ ਹਾਂ ਕਿ ਤੁਹਾਡੇ ਦਰਸ਼ਨ ਕਰਕੇ ਮੈਂ ਜੀਵਾਂ, ਤੁਹਾਡੇ ਦਰਸਨਾਂ ਵਿਚੋਂ ਸੁੱਖ ਹੈ ਤੇ ਜੇ ਦਰਸ਼ਨਾਂ ਦਾ ਝਲਕਾਰਾ ਮਿਲ ਜਾਏ, ਉਸਨੂੰ ਅਸੀਂ ਭਰਮ ਕਰਕੇ ਇਸ ਪਾਸੇ ਕਰ ਦਿੰਦੇ ਹਾਂ। ਛੱਡੋ ਜੀ, ਇਹ ਬੰਦਾ ਝੂਠ ਬੋਲਦਾ ਹੈ। ਸ਼ਬਦ ਦਰਸ਼ਨ ਦੇ ਪੜ੍ਹੇ ਜਾਂਦੇ ਹਨ ਪਰ ਜੇ ਦਰਸ਼ਨ ਕਿਸੇ ਨੂੰ ਹੋ ਜਾਣ, ਉਸਨੂੰ ਲੋਕ ਮੰਨਣ ਲਈ ਤਿਆਰ ਨਹੀਂ। ਤੁਲਸਾਂ ਦਾਸੀ ਦੇ ਸ਼ਬਦ ਸਨ ਕਿ ਬੇੜੇ ਨੂੰ ਕਿਨਾਰੇ ਪਏ ਲਾਉਂਦੇ ਹਨ ਤੇ ਮਾਂ ਨੇ ਇਕੋ ਸ਼ਬਦ ਕਿਹਾ ਸੀ ਕਿ ਅੱਗੇ ਤਾਂ ਬਾਹਰ ਦੇ ਲੋਕ ਮਜ਼ਾਕ ਉਡਾਉਂਦੇ ਸਨ, ਹੁਣ ਘਰ ਦੇ ਨੌਕਰ ਵੀ ਮਜ਼ਾਕ ਉਡਾਉਣ ਲੱਗ ਪਏ।

ਪਿਆਰਿਉ ! ਕੀ ਉਸ ਮਨਸੁਖ ਦਾ ਬੇੜਾ ਸਿਰਫ਼ ਇਹ ਹੀ ਕਿਨਾਰੇ ਲੱਗਾ ਕਿ ਭਵ ਸਾਗਰ ਵਿਚ ਉਸ ਵਪਾਰੀ ਦਾ ਬੇੜੇ ਫੱਸ ਗਿਆ ਤੇ ਗੁਰੂ ਨੇ ਕਿਨਾਰੇ ਲਾਇਆ ? ਨਹੀਂ, ਇਕ ਗੱਲ ਚੇਤੇ ਰੱਖਿਉ, ਇਕ ਬੇੜੇ ਹਨ ਬਾਹਰ ਦੇ, ਇਕ ਬੇੜਾ ਹੈ ਸਰੀਰ ਦਾ, ਇਕ ਬੇੜਾ ਹੈ

ਸਾਡੇ ਮਨ ਦਾ। ਬਾਹਰ ਦੇ ਬੇੜੇ ਨੂੰ ਵੀ ਗੁਰੂ ਲਹਿਰਾਂ ਤੋਂ ਬਚਾਉਂਦੇ ਹਨ ਤੇ ਜਿਸ ਦਿਨ ਮਨਸੁਖ ਦੇ ਸਾਹਮਣੇ ਅੰਦਰ ਦੇ ਬੇੜੇ ਦੀ ਗੱਲ ਆਈ, ਇਕ ਪਾਸੇ ਰਾਜੇ ਦਾ ਹੁਕਮ ਹੈ ਕਿ ਕਿਸੇ ਨੇ ਚੁੱਲ੍ਹਾ ਨਹੀਂ ਬਾਲਣਾ ਤੇ ਦੂਜੇ ਪਾਸੇ ਆਪਣੇ ਬੇੜੇ ਨੂੰ ਬਚਾਉਣ ਲਈ ਅਰਦਾਸ ਕਰਦਾ ਹੈ ਬਾਬਾ ਨਾਨਕਾ ! ਤੂੰ ਕ੍ਰਿਪਾ ਕਰੀਂ, ਮੇਰੇ ਹਿਰਦੇ ਵਿਚ ਤੇਰਾ ਸ਼ਬਦ ਟਿੱਕਿਆ ਹੈ, ਤੂੰ ਮੇਹਰ ਕਰੀਂ, ਮੈਂ ਇਸ ਹਕੂਮਤ ਦੇ ਡਰ ਥੱਲੇ ਆ ਕੇ ਕਿਤੇ ਡੋਲ ਨਾ ਜਾਵਾਂ। ਗੁਰੂ ਜੇ ਲਹਿਰਾਂ ਤੋਂ ਬੇੜੇ ਨੂੰ ਬਚਾਉਂਦੇ ਹਨ ਤਾਂ ਸਤਿਗੁਰੂ ਕ੍ਰਿਪਾ ਕਰਕੇ ਵਿਕਾਰਾਂ ਦੀਆਂ ਲਹਿਰਾਂ ਤੋਂ ਵੀ ਮਨ ਦੇ ਬੇੜੇ ਨੂੰ ਬਚਾਉਂਦੇ ਹਨ। ਬਾਹਰ ਦੇ ਬੇੜੇ ਵੀ ਕਿਨਾਰੇ ਲਾਏ, ਅੰਦਰ ਦੇ ਬੇੜੇ ਵੀ ਕਿਨਾਰੇ ਲਾਏ।

ਦੂਜੀ ਉਦਾਹਰਨ ਲਈਏ। ਸਾਡਾ ਮਨ 100% ਨਹੀਂ 101% ਇਸ ਗੱਲ 'ਤੇ ਯਕੀਨ ਕਰਦਾ ਹੈ ਕਿ ਹੇ ਗੁਰੂ ਜੀ ! ਆਪ ਸਮਰੱਥ ਹੋ। ਸਿੱਖ ਦੇ ਬੇੜੇ ਕਿਨਾਰੇ ਲਾਉਂਦੇ ਹੋ। ਮੱਖਣ ਸ਼ਾਹ ਦਾ ਬੇੜਾ ਡੋਲਦਾ ਸੀ। ਸਾਰੇ ਜਵਾਬ ਦੇ ਗਏ ਉਸ ਜਹਾਜ਼ ਨੂੰ ਚਲਾਉਣ ਵਾਲੇ ਚਾਲਕ ਤੇ ਇਕ ਸਿੱਖ ਨੇ ਬੇੜੇ ਵਿਚ ਬੈਠਿਆਂ ਇਕ ਕਿਨਾਰੇ ਸਿਰਫ਼ ਦੋ ਕੰਮ ਕੀਤੇ ਸਨ। ਜਦੋਂ ਛੱਲਾਂ ਵੱਜ ਵੱਜ ਕੇ ਬੇੜਾ ਡੁੱਬਣ ਲੱਗਾ ਤਾਂ ਸਭ ਨੇ ਕਹਿ ਦਿੱਤਾ ਕਿ ਹੁਣ ਬਚਣ ਦਾ ਕੋਈ ਵੀ ਥਾਂ ਨਹੀਂ। ਮਲਾਹ ਵੀ ਆ ਕੇ ਕਹਿਣ ਲੱਗ ਪਿਆ ਕਿ ਮੇਰੇ ਵੱਸ ਦਾ ਰੋਗ ਨਹੀਂ। ਮੱਖਣ ਸ਼ਾਹ ਨੇ ਕਿਹਾ, ਭੌਲਿਆ, ਇਕ ਮਲਾਹ ਉਹ ਹੈ ਜਿਹੜਾ ਜ਼ਿੰਦਗੀ ਦੇ ਬੇੜੇ ਕਿਨਾਰੇ ਲਗਾਉਂਦਾ ਹੈ। ਮੈਨੂੰ ਸਮਾਂ ਦਿਉ, ਮੈਂ ਉਸ ਮਲਾਹ ਨੂੰ ਪੁਕਾਰ ਸਕਾਂ। ਦੋ ਕੰਮ ਕੀਤੇ। ਚੌਂਕੜਾ ਮਾਰ ਕੇ ਭਾਈ ਮੱਖਣ ਸ਼ਾਹ ਬੈਠ ਗਏ। ਇਕਾਗਰ ਹੋ ਕੇ ਉਹਨਾਂ ਸੁਰਤ ਨਾਲ ਕੇਵਲ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਨਾਲ ਗਲ ਵਿਚ ਪੱਲੂ ਪਾ ਕੇ ਅਰਦਾਸ ਕੀਤੀ ਤੇ ਜਿਹੜਾ ਬੇੜਾ ਡੋਲਦਾ ਪਿਆ ਸੀ, ਸਤਿਗੁਰੂ ਤੇਗ਼ ਬਹਾਦਰ ਜੀ ਨੇ ਉਸਦੇ ਡੋਲਦੇ ਹੋਏ ਬੇੜੇ ਨੂੰ ਕਿਨਾਰੇ ਲਗਾ ਦਿੱਤਾ। ਜਦੋਂ ਸਾਡੇ 'ਤੇ ਮੁਸੀਬਤ ਆਉਂਦੀ ਹੈ, ਕੀ ਗੁਰੂ ਤੇਗ਼ ਬਹਾਦਰ ਅੱਜ ਨਹੀਂ, ਕੀ ਗੁਰੂ ਨਾਨਕ ਸਾਹਿਬ ਜੀ ਦਾ ਜਪੁਜੀ ਸਾਹਿਬ ਨਹੀਂ? ਜਦੋਂ ਮੁਸੀਬਤ ਆ ਜਾਏ ਤਾਂ ਗੁਰੂ 'ਤੇ ਭਰੋਸਾ ਕਰਕੇ ਬੇਨਤੀ ਕਰੋ। ਬਹੁਤਾ ਰੌਲਾ ਪਾਉਣ ਦੀ ਥਾਂ, ਦਰ ਦਰ 'ਤੇ ਝੋਲੀ ਅੱਡਣ ਦੀ ਥਾਂ, ਇਕਾਗਰਤਾ ਨਾਲ ਟਿੱਕ ਕੇ ਜਪੁ ਜੀ ਸਾਹਿਬ ਦਾ ਇਕ ਪਾਠ ਕਰ ਤੇ ਸੁਰਤ ਨਾਲ ਟਿੱਕ ਕੇ ਗੁਰੂ ਚਰਨਾਂ ਵਿਚ ਅਰਦਾਸ ਕਰ। ਸੱਚ ਜਾਣੀ, ਤੇਰੀ ਜ਼ਿੰਦਗੀ ਦਾ ਬੇੜਾ ਅੱਜ ਵੀ ਗੁਰੂ ਕਿਨਾਰੇ ਲਗਾਏਗਾ। ਜੇ ਦੁਕਾਨ 'ਤੇ ਬੈਠਾ ਹੈਂ ਤੇ ਕਹਿੰਦਾ ਹੈਂ ਬਰਕਤ ਨਹੀਂ। ਕਦੀ ਦੁਕਾਨ ਦੀ ਕੁਰਸੀ 'ਤੇ ਬੈਠਕੇ ਲੋਕਾਂ ਦੀਆਂ ਦੁਕਾਨਾਂ ਵੱਲ ਦੇਖਕੇ ਮਾੜੇ ਫੁਰਨੇ ਬਣਾਉਣ ਦੀ ਥਾਂ ਕਿਤੇ ਅੰਤਰਮੁਖ ਹੋ ਕੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਦੇਖ, ਤੇਰਾ ਗੁਰੂ ਤੇਰੀ ਗੱਦੀ 'ਤੇ ਬੈਠਿਆਂ ਬਰਕਤ ਪਾਏਗਾ।

ਹੁਣ ਮਨਸੁਖ ਦਾ ਬੇੜਾ ਕਿਨਾਰੇ ਲੱਗਾ। ਅਸੀਂ ਸਿਰਫ਼ ਇਥੇ ਸਾਖੀ ਖ਼ਤਮ ਕਰ ਦਿੱਤੀ। ਅਸਲੀ ਬੇੜਾ ਤਾਂ ਉਦੋਂ ਕਿਨਾਰੇ ਲੱਗਾ ਜਦੋਂ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਸਵੇਰ ਤੋਂ ਸ਼ਾਮ ਤੱਕ ਉਸ ਪੂਰੇ ਗੁਰੂ ਦੀ ਪ੍ਰਾਪਤੀ ਨਾ ਹੋਈ। ਡਕੋ ਡੋਲੇ ਖਾਂਦੇ ਨੇ ਸੂਰਜ ਢਲਦੇ ਸਮੇਂ

ਇਕੋ ਅਰਦਾਸ ਕੀਤੀ, ਸਮੁੰਦਰ ਵਿਚ ਬੇੜੇ ਨੂੰ ਕਿਨਾਰੇ ਲਗਾਉਣ ਵਾਲਿਆ ! ਹੁਣ ਦੁਬਿਧਾ ਦੀਆਂ ਲਹਿਰਾਂ ਵਿਚ ਮੇਰਾ ਮਨ ਡੋਲਦਾ ਪਿਆ ਹੈ, ਤੂੰ ਕ੍ਰਿਪਾ ਕਰ। ਜੇ ਬਾਹਰ ਦੇ ਬੇੜੇ ਨੂੰ ਕਿਨਾਰੇ ਲਾਇਆ ਹੈ ਤਾਂ ਮੇਰੇ ਅੰਦਰ ਦਾ ਬੇੜਾ ਵੀ ਕਿਨਾਰੇ ਲਾ ਦੇ। ਮੈਨੂੰ ਸਮਝ ਪੈ ਜਾਏ ਕਿ ਤੇਰੀ ਜੋਤ ਦਾ ਕਿਨਾਰਾ ਕਿਹੜੀ ਥਾਂ ਹੈ। ਕੀ ਪਾਖੰਡੀਆਂ ਦੀਆਂ ਲਹਿਰਾਂ ਨਹੀਂ? ਕੀ ਉਸਨੂੰ ਘੇਰਨ ਵਾਲੇ ਅਨੇਕਾਂ ਨਹੀਂ? ਜੇ ਉਥੇ ਬੇੜਾ ਕਿਨਾਰੇ ਲੱਗਾ ਤਾਂ ਮੇਰੇ ਗੁਰੂ ਤੇਗ਼ ਬਹਾਦਰ ਕ੍ਰਿਪਾਲੂ ਜੀ ਨੇ ਮੇਹਰ ਕੀਤੀ। ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਜਦੋਂ ਪਤਾ ਲੱਗਾ ਤਾਂ ਹਜ਼ੂਰ ਦੇ ਚਰਨਾਂ ਵਿਚ ਮੱਥਾ ਟੇਕਿਆ। ਗੁਰੂ ਜੀ ਨੇ ਬਸਤਰ ਚੁੱਕ ਕੇ ਆਪਣੇ ਮੋਢੇ ਤੋਂ ਇਕੋ ਗੱਲ ਕਹੀ ਸੀ ਕਿ ਬੇੜੇ ਕਿਨਾਰੇ ਲਗਾਉਣ ਲਈ ਤਾਂ ਅਰਦਾਸਾਂ ਕੀਤੀਆਂ ਪਰ ਗੁਰੂ ਦਾ ਦਸਵੰਧ ਘਰ ਨਹੀਂ ਰੱਖੀਦਾ। ਕਿਉਂ? ਕਿਉਂਕਿ ਗੁਰੂ ਦਾ ਦੇਣਦਾਰ ਬਣ ਜਾਈਦਾ ਹੈ। ਕੀ ਤੇਰੀਆਂ ਦੋ ਚਾਰ ਮੋਹਰਾਂ ਹੀ ਦਸਵੰਧ ਸਨ? ਜਦੋਂ ਹਜ਼ੂਰ ਨੇ ਆਪਣੀ ਰਸਨਾ ਤੋਂ ਇੰਨੇ ਬਚਨ ਕਹੇ ਤਾਂ ਸੱਚ ਜਾਣੋ, ਉਦੋਂ ਮੱਖਣ ਸ਼ਾਹ ਦੀ ਜ਼ਿੰਦਗੀ ਦਾ ਬੇੜਾ ਵੀ ਕਿਨਾਰੇ ਲਗਾ ਦਿੱਤਾ।

ਅਸੀਂ ਅੰਮ੍ਰਿਤ ਬਾਣੀ ਵਿਚ ਇਕ ਬਚਨ ਪੜ੍ਹਦੇ ਹਾਂ ਕਿ

ਭੂਲੇ ਮਾਰਗੁ ਜਿਨਹਿ ਬਤਾਇਆ॥
ਐਸਾ ਗੁਰੁ ਵਡਭਾਗੀ ਪਾਇਆ॥ ੧॥
ਸਿਮਰਿ ਮਨਾ ਰਾਮ ਨਾਮੁ ਚਿਤਾਰੇ॥
ਬਸ ਰਹੇ ਹਿਰਦੈ ਗੁਰ ਚਰਨ ਪਿਆਰੇ॥ ੧॥ ਰਹਾਉ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ॥
ਚਰਨ ਕਮਲ ਗੁਰਿ ਆਸ੍ਰਮੁ ਦੀਆ॥ ੩॥
ਅਗਨਿ ਸਾਗਰ ਬੂਡਤ ਸੰਸਾਰਾ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥ ੪॥

(ਅੰਗ ੮੦੩)

ਗੁਰੂ ਸਮਰੱਥ ਹਨ, ਉਹ ਬੇੜਾ ਕਿਨਾਰੇ ਲਗਾਉਂਦੇ ਹਨ। ਬਹੁਤ ਘੱਟ ਸੱਜਣ ਹਨ ਜਿਹੜੇ ਆਪਣੇ ਆਉਣ ਵਾਲੇ ਜੀਵਨ ਨੂੰ ਦੇਖਕੇ ਆਪਣੀ ਜ਼ਿੰਦਗੀ ਦੇ ਬੇੜੇ ਨੂੰ ਕਿਨਾਰੇ ਲਗਾਉਣ ਦਾ ਯਤਨ ਪਏ ਕਰਦੇ ਹਨ। ਸਤਿਗੁਰੂ ਗੁਰੂ ਅਰਜਨ ਸਾਹਿਬ ਰੋਜ਼ ਸਾਨੂੰ ਆਵਾਜ਼ ਦੇ ਕੇ ਕਹਿੰਦੇ ਹਨ-

ਸਰੰਜਾਮਿ ਲਾਗੁ ਭਵਜਲ ਤਰਨ ਕੈ॥

ਇਸ ਭਵ ਸਾਗਰ ਨੂੰ ਤਰਨ ਦਾ ਤੂੰ ਉੱਦਮ ਕਰ ਲੈ। ਕਿਉਂ? ਕਿਉਂਕਿ

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥

(ਅੰਗ ੩੭੮)

ਤੇਰੀ ਜ਼ਿੰਦਗੀ ਵਿਅਰਥ ਚਲੀ ਗਈ ਜੇ ਬੇੜਾ ਨਹੀਂ ਬੰਨ੍ਹਿਆ। ਬਾਬਾ ਫ਼ਰੀਦ ਸਾਹਿਬ ਜੀ ਸਾਨੂੰ ਚੇਤਾਵਨੀ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਉਹਨਾਂ ਦੇ ਚਾਰ ਸ਼ਬਦ ਹਨ। ਦੋ ਰਾਗ ਆਸਾ ਵਿਚ ਤੇ ਦੋ ਰਾਗ ਸੂਹੀ ਵਿਚ ਅਸੀਂ ਪੜ੍ਹਦੇ ਹਾਂ ਸਲੋਕਾਂ ਤੋਂ ਬਿਨਾਂ। ਕਹਿਣ ਲੱਗੇ ਜੇ ਤੇਰੇ ਅੰਦਰ ਕਿਤੇ ਵੀ ਇਹ ਥੋੜਾ ਜਿਹਾ ਫੁਰਨਾ ਹੈ ਤਰਨ ਲਈ ਤੇ ਆ ਮੇਰੀ ਗੱਲ ਨੂੰ ਧਿਆਨ ਨਾਲ ਸੁਣ, ਤੂੰ ਭਵ-ਸਾਗਰ ਤੋਂ ਪਾਰ ਹੋ ਜਾਏਂਗਾ। ਪਰ ਉਹਨਾਂ ਪਹਿਲਾਂ ਚੇਤਾਵਨੀ ਦਿੱਤੀ। ਮੈਂ ਇਕ ਸ਼ਬਦ ਉਹਨਾਂ ਦਾ ਆਪ ਜੀ ਦੇ ਨਾਲ ਸਾਂਝਾ ਕਰ ਦੇਵਾਂ। ਇਕ ਰਾਗ ਆਸਾ ਦਾ ਸ਼ਬਦ ਹੈ। ਉਹ ਹੈ-

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

(ਅੰਗ ੪੮੮)

ਇਸਦਾ ਅਰਥ ਹੈ ਕਿ ਸ਼ੇਖ ਫ਼ਰੀਦ ਤੈਨੂੰ ਬੋਲ ਕੇ ਕਹਿ ਰਹੇ ਹਨ ਕਿ ਪਿਆਰੇ ! ਜੇ ਲੱਗਣਾ ਚਾਹੁੰਦਾ ਹੈਂ ਤਾਂ ਅੱਲਾਹ ਦੇ ਚਰਨਾਂ ਨਾਲ ਲੱਗ ਜਾ। ਕਹਿਣ ਲੱਗੇ-

ਇਹੁ ਤਨੁ ਹੋਸੀ ਖਾਕ।

ਤੇਰੇ ਇਸ ਤਨ ਨੇ ਇਕ ਦਿਨ ਮਿੱਟੀ ਬਣ ਜਾਣਾ ਹੈ।

ਨਿਮਾਣੀ ਗੋਰ ਘਰੇ॥ ੧॥

ਜਿਸ ਕਬਰ ਨੂੰ ਕਦੀ ਕਿਸੇ ਨੇ ਮਾਣ ਨਹੀਂ ਦਿੱਤਾ, ਉਸ ਨਿਮਾਣੀ ਕਬਰ ਵਿਚ ਜਾ ਕੇ ਤੇਰਾ ਵਸੇਬਾ ਹੋਣਾ ਹੈ। ਇਸ ਕਰਕੇ ਅੱਲਾਹ ਦੇ ਚਰਨਾਂ ਵਿਚ ਲੱਗ। ਬਾਬਾ ਜੀ ਕਹਿਣ ਲੱਗੇ ਰੱਬ ਦਾ ਪਾਉਣਾ ਬੜਾ ਮੁਸ਼ਕਿਲ ਹੈ। ਕਿਵੇਂ ਪਾਈਏ? ਰਹਾਉ ਦੀ ਇਕ ਤੁੱਥ ਕਹੀ। ਕਹਿਣ ਲੱਗੇ-

ਆਜੁ ਮਿਲਾਵਾ ਸੇਖ ਫਰੀਦ

ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥ ੧॥ ਰਹਾਉ॥

ਅੱਜ ਹੀ ਤੈਨੂੰ ਪ੍ਰਮਾਤਮਾ ਮਿਲ ਸਕਦਾ ਹੈ। ਬਸ ਤੂੰ ਇਕ ਕੰਮ ਕਰ ਲੈ, ਰੋਕ ਲੈ, ਕਿੰਨ੍ਹਾਂ ਨੂੰ? ਕੂੰਜੜੀਆਂ, ਜਿਹੜੀਆਂ ਤੇਰੇ ਅੰਦਰ ਇੰਦਰੀਆਂ ਕੂੰਜਾਂ ਬਣ ਕੇ ਕੁਰਲ ਕੁਰਲ ਕਰਕੇ ਚਾਰ-ਚੁਫੇਰੇ ਭੱਜਦੀਆਂ ਹਨ। ਤੂੰ ਆਪਣੀਆਂ ਇੰਦਰੀਆਂ ਕੂੰਜਾਂ ਨੂੰ ਰੋਕਣ ਦਾ ਯਤਨ ਕਰ, ਰੱਬ ਤੈਨੂੰ ਅੱਜ ਹੀ ਮਿਲ ਸਕਦਾ ਹੈ। ਕਹਿਣ ਲੱਗੇ

ਜੇ ਜਾਣਾ ਮਰਿ ਜਾਈਐ

ਜੇ ਇਹ ਸਮਝ ਪੈ ਗਈ ਕਿ ਮੈਂ ਇਕ ਦਿਨ ਮਰ ਜਾਣਾ ਹੈ,

ਘੁਮਿ ਨ ਆਈਐ॥

ਪਰਤ ਕੇ ਮੈਂ ਇਥੇ ਆਣਾ ਨਹੀਂ ਤਾਂ ਫਿਰ ਆਪਣੀ ਜ਼ਿੰਦਗੀ ਕਿਉਂ ਤਬਾਹ ਪਿਆ ਕਰਦਾ ਹੈਂ।

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥ ੨॥

ਇਸ ਝੂਠੀ ਦੁਨੀਆਂ ਦੀ ਖ਼ਾਤਰ ਆਪਣੇ ਕੀਮਤੀ ਸਮੇਂ ਨੂੰ ਕਿਉਂ ਤਬਾਹ ਪਿਆ ਕਰਦਾ ਹੈਂ।

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥

ਜੇ ਰੱਬ ਨੂੰ ਪਾਉਣਾ ਚਾਹੁੰਦਾ ਹੈਂ ਤਾਂ ਸੱਚ ਬੋਲ, ਉਹ ਸੱਚ ਜਿਹੜਾ ਧਰਮ ਵਿਚ ਰੰਗਿਆ ਹੋਇਆ ਹੈ।

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ ੩॥

ਜੇ ਤੇਰਾ ਮੁਰਸ਼ਦ, ਤੇਰਾ ਗੁਰੂ ਤੈਨੂੰ ਰਸਤਾ ਦੱਸਦਾ ਹੈ, ਸਤਿ ਬਚਨ ਕਰਕੇ ਉਸ ਉੱਪਰ ਚੱਲ ਪੈ। ਕਹਿਣ ਲੱਗੇ-

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥ ੪॥

ਇਸਦਾ ਅਰਥ ਹੈ ਕਿ ਇਕ ਜੀਵ-ਇਸਤਰੀ ਦਰਿਆ ਦੇ ਕਿਨਾਰੇ ਖਲੋਤੀ ਹੈ। ਦੇਖਦੀ ਪਈ ਹੈ ਕਿ ਇਸ ਭਵ-ਸਾਗਰ ਵਿਚ ਅਨੇਕਾਂ ਲੋਕ ਡੁੱਬ ਗਏ ਹਨ ਤੇ ਕੰਬਦੀ ਹੋਈ ਫਿਰ ਕਿਨਾਰੇ ਤੋਂ ਪਿੱਛੇ ਆ ਜਾਂਦੀ ਹੈ। ਕਹਿੰਦੀ ਹੈ ਨਹੀਂ ਮਨਾ ! ਇੰਨੇ ਲੋਕ ਡੁੱਬ ਗਏ, ਤੇਰੇ ਕੋਲੋਂ ਤਾਂ ਤਰਿਆ ਜਾਣਾ ਨਹੀਂ। ਬਾਬਾ ਫਰੀਦ ਸਾਹਿਬ ਕਹਿੰਦੇ ਹਨ ਕਿ ਅਚਨਚੇਤ ਛੈਲ ਛਬੀਲੇ ਗੱਭਰੂ ਆਏ ਤੇ ਉਹ ਇਸ ਦਰਿਆ ਨੂੰ ਚੀਰ ਕੇ ਪਾਰ ਕਰ ਗਏ ਤੇ ਉਸ ਖਲੋਤੀ ਹੋਈ ਇਸਤਰੀ ਦੇ ਮਨ ਵਿਚ ਧੀਰਜ ਆ ਗਿਆ ਕਿ ਜੇ ਇਹ ਤਰ ਸਕਦੇ ਹਨ ਤਾਂ ਮਨਾ ! ਭਰੋਸਾ ਕਰ, ਤੂੰ ਕਿਉਂ ਨਹੀਂ ਪਾਰ ਹੋ ਸਕਦੀ। ਉਹ ਇਸਤਰੀ ਕੌਣ ਹੈ? ਉਹ ਇਸਤਰੀ ਹੈ ਜਿਸਦਾ ਆਤਮਕ ਜੀਵਨ ਕਮਜ਼ੋਰ ਪੈ ਚੁੱਕਾ ਹੈ। ਛੈਲ ਛਬੀਲੇ ਹਨ ਉਹ ਸੰਤ ਜਨ, ਉਹ ਫ਼ਕੀਰ, ਉਹ ਬੰਦਗੀ ਕਰਨਾ ਵਾਲੇ ਧਰਮਾਤਮਾ ਜਿਹੜੇ ਸਿਮਰਨ ਕਰਨ ਵਾਲੇ ਭਵ-ਸਾਗਰ ਨੂੰ ਪਾਰ ਕਰ ਗਏ। ਜਿਹੜੇ ਸੋਨੇ ਵਾਲੇ ਪਾਸੇ ਲੱਗ ਗਏ ਉਹਨਾਂ ਨੂੰ ਮਾਨੋ ਤਿੱਖੇ ਤੇਜ਼ ਆਰਿਆਂ ਦੇ ਨਾਲ ਚੀਰ ਦਿੱਤਾ ਗਿਆ।

ਅੱਗੇ ਬਾਬਾ ਜੀ ਨੇ ਫੇਰ ਸਮਝਾਇਆ ਕਿ ਜੇ ਅੱਲਾਹ ਦੇ ਚਰਨਾਂ ਨਾਲ ਜੁੜਨਾ ਹੈ ਤਾਂ-

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥ ੬॥ (ਅੰਗ ੪੮੮)

ਸਿਆਲ ਦਾ ਮਹੀਨਾ ਆਇਆ ਹੈ, ਚਾਰ-ਚੁਫੇਰੇ ਬਰਫ਼ ਪੈਣ ਲੱਗੀ। ਪ੍ਰਦੇਸ ਤੋਂ ਪਤੀ ਘਰ ਆਇਆ। ਕਹਿਣ ਲੱਗੇ ਕਿੰਨੀ-ਕੁ ਦੇਰ ਤੱਕ ਉਸ ਪਤੀ ਦੀਆਂ ਬਾਹਾਂ ਦਾ ਪਿਆਰ ਮਾਣੇਂਗੀ, ਆਖ਼ਿਰ ਉਸ ਪ੍ਰਦੇਸੀ ਨੇ ਇਸ ਠੰਢ ਦੇ ਮੌਸਮ ਨੂੰ ਪਾਰ ਕਰਨਾ ਹੈ ਤੇ ਪਰਤ ਕੇ ਆਪਣੀ ਮੰਜ਼ਿਲ ਵੱਲ ਤੁਰ ਪੈਣਾ ਹੈ। ਉਸਨੇ ਦੋ ਮਹੀਨੇ ਰਹਿਣਾ ਹੈ। ਸੱਚ ਜਾਣੀ, ਮਨਾ ! ਦੁਨੀਆਂ ਦੇ ਸੁੱਖ ਇਹ ਕੱਤਕ ਦੀਆਂ ਕੂੰਜਾਂ ਦੀ ਤਰ੍ਹਾਂ ਆਉਣਾ ਹੈ। ਸੰਸਾਰ ਦੀ ਤਾਕਤ ਕੇਵਲ ਸਾਉਣ ਦੇ ਮਹੀਨੇ ਦੀ ਚਮਕਦੀ ਬਿਜਲੀ ਦੇ ਬੱਦਲਾਂ ਦੀ ਗਰਜ ਹੈ। ਪਿਆਰਿਆ ! ਦੁਨੀਆਂ ਦੇ ਸੁੱਖ ਕੇਵਲ ਪੋਹ ਦੇ ਇਕ ਮਹੀਨੇ ਦੇ ਹਨ। ਜਿਨ੍ਹਾਂ ਨੇ ਜ਼ਿੰਦਗੀ ਦੇ ਬੇੜੇ ਬੰਨ੍ਹ ਲਏ, ਉਹਨਾਂ ਨੂੰ ਸਮੁੰਦਰ ਦੀਆਂ ਲਹਿਰਾਂ ਦਾ ਕੋਈ ਡਰ ਨਹੀਂ। ਇਕ ਬੇੜਾ ਨਾਮ ਨਾਲ ਬੱਝ ਜਾਏ, ਦੂਜਾ ਚਲਾਉਣ ਵਾਲਾ ਮਲਾਹ ਹੈ, ਉਹਨਾਂ ਦਾ ਬੇੜਾ ਤਾਂ ਕਿਨਾਰੇ ਜ਼ਰੂਰ ਲੱਗੇਗਾ। ਪਿਆਰਿਆ ! ਬੇੜਾ ਤੂੰ ਬੰਨ੍ਹਿਆ ਨਹੀਂ। ਜਿਹੜਾ ਆਇਆ ਹੀ ਚੱਲਣ ਲਈ ਸੀ। ਜਿਹੜਾ ਜਨਮ ਹੋਇਆ ਹੈ ਉਹ ਆਇਆ ਹੀ ਜਾਣ ਵਾਸਤੇ ਸੀ। ਜਿਹੜਾ ਆਇਆ ਨਹੀਂ ਉਸਨੇ ਜਾਣਾ ਕੀ ਹੈ? ਜਿਹੜਾ ਆ ਗਿਆ ਉਸਦੇ ਆਉਂਦਿਆਂ ਸਾਰ ਹੀ ਜਾਣ ਦਾ ਕੁੰਡਾ ਉਸਦੇ ਸਿਰ 'ਤੇ ਹੈ। ਅਸੀਂ ਭਾਵੇਂ ਕਹਿੰਦੇ ਹਾਂ ਕਿ ਇਸ ਬੰਦੇ ਨੂੰ 70 ਸਾਲ ਦੀ ਉਮਰ ਵਿਚ ਮੌਤ ਆਈ। ਮੈਂ ਬੇਨਤੀ ਕਰਾਂ ਮੌਤ ਤਾਂ ਉਸ ਦਿਨ ਆ ਗਈ ਜਿਸ ਦਿਨ ਜਨਮ ਹੋਇਆ ਸੀ। ਰੱਬ ਮੇਹਰ ਕਰੇ, ਜਨਮ ਦਾ ਵੀ ਸੁਆਦ ਆ ਜਾਏ ਤੇ ਮੌਤ ਦਾ ਵੀ ਸੁਆਦ ਆ ਜਾਏ। ਜਿਨ੍ਹਾਂ ਨੇ ਜ਼ਿੰਦਗੀ ਦੇ ਬੇੜੇ ਬੰਨ੍ਹ ਲਏ, ਉਹਨਾਂ ਨੂੰ ਸਮੁੰਦਰ ਦੀਆਂ ਲਹਿਰਾਂ ਦਾ ਕੋਈ ਡਰ ਨਹੀਂ। ਪਿਆਰਿਉ ! ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਰੱਬ ਨੂੰ ਮਾਣਿਆ, ਉਹਨਾਂ ਨੇ ਮੌਤ ਦਾ ਸੁਆਦ ਵੀ ਚੱਖਿਆ ਹੈ। ਮੌਤ ਵਿਚੋਂ ਵੀ ਉਹਨਾਂ ਨੂੰ ਜੀਵਨ ਮਿਲਿਆ ਹੈ।

ਅੱਜ ਮੇਰੇ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸੰਸਾਰ ਸਮੁੰਦਰ ਹੈ। ਤਰਦੇ ਉਹ ਹਨ ਜਿਨ੍ਹਾਂ ਨੇ ਨਾਮ ਦਾ ਲੜ ਫੜਿਆ। ਹਜ਼ੂਰ ਨੇ ਫੁਰਮਾਇਆ ਹੈ-

ਨਾਮਿ ਲਗੇ ਸੇ ਊਬਰੇ

ਜਿਹੜੇ ਨਾਮ ਵਿਚ ਲਗੇ ਉਹ ਤਰ ਗਏ। ਨਾਮ ਨਾਲ ਲੱਗਣ ਤੋਂ ਬਿਨਾਂ ਪਾਰ ਉਤਾਰਾ ਨਹੀਂ। ਕੌਣ ਕੌਣ ਤਰੇ? ਇਕ ਭਗਤ ਨਾਮਦੇਵ ਜੀ ਦਾ ਸ਼ਬਦ ਆਉਂਦਾ ਹੈ-

ਦੇਵਾ ਪਾਹਨ ਤਾਰੀਅਲੇ॥
ਰਾਮ ਕਹਤ ਜਨ ਕਸ ਨ ਤਰੇ॥ ੧॥ ਰਹਾਉ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ
ਬਿਆਧਿ ਅਜਾਮਲ ਤਾਰੀਅਲੇ॥
ਚਰਨ ਬਧਿਕ ਜਨ ਤੇਊ ਮੁਕਤਿ ਭਏ॥
ਹਉ ਬਲਿ ਬਲਿ ਜਿਨ ਰਾਮ ਕਹੇ॥ ੧॥

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥
ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ
ਨਾਮੇ ਕੇ ਸੁਆਮੀ ਤੇਊ ਤਰੇ॥ ੨॥

(ਅੰਗ ੩੪੫)

ਇਥੇ ਹਜ਼ੂਰ ਕਹਿੰਦੇ ਹਨ, ਤੇਰਾ ਮਨ ਪੱਥਰ ਹੈ। ਹੁਣ ਆਪਣੇ ਹਿਰਦੇ 'ਤੇ ਰਾਮ ਲਿਖ, ਜੇ ਪੱਥਰ 'ਤੇ ਰਾਮ ਲਿਖਿਆਂ ਪੱਥਰ ਤਰ ਸਕਦਾ ਹੈ, ਤੇਰਾ ਜੀਵਨ ਪੱਥਰ ਕਿਉਂ ਨਹੀਂ ਤਰੇਗਾ। ਰਾਮ ਚੰਦਰ ਜੀ ਨੇ ਪੱਥਰ 'ਤੇ ਰਾਮ ਲਿਖਕੇ ਪੱਥਰ ਤਾਰ ਦਿੱਤੇ ਸੀ। ਰਾਮ ਰਾਮ ਕਹਿ ਕੇ ਤੂੰ ਤਰ ਸਕਦਾ ਹੈਂ। ਪੁੱਛਿਆ ਜੀ ਕਿਵੇਂ ਤਰ ਸਕਦੇ ਹਾਂ? ਕਹਿਣ ਲੱਗੇ ਕਿ ਗਣਕਾ ਪਾਪਨ ਸੀ। ਰਾਮ ਨਾਮ ਕਹਿੰਦਿਆਂ ਮੁਕਤ ਹੋ ਗਈ। ਉਹ ਨੈਣੋ ਕੀ ਪੁਤਰੀ ਬਣ ਗਈ। ਕੁਬਜਾ ਕੰਸ ਦੀ ਗੋਲੀ ਸੀ ਤੇ ਇਹ ਲੜਕੀ ਕੁੱਬੀ ਸੀ। ਅਤਰ ਫਲੇਲ ਲੈ ਕੇ ਜਾਂਦੀ ਪਈ ਸੀ। ਕ੍ਰਿਸ਼ਨ ਜੀ ਨੂੰ ਦਿੱਤਾ ਤੇ ਉਹ ਕੁਬਜਾ ਵੀ ਤਰ ਗਈ। ਅਜਾਮਲ ਵਰਗੇ ਜਿਹੜੇ ਪਾਪੀ ਸਨ, ਉਹਨਾਂ ਨੂੰ ਰਾਮ ਤਾਰ ਗਿਆ। ਜਿਸ ਸ਼ਿਕਾਰੀ ਨੇ ਕ੍ਰਿਸ਼ਨ ਜੀ ਨੂੰ ਤੀਰ ਮਾਰਿਆ, ਉਹ ਸ਼ਿਕਾਰੀ ਵੀ ਉਹਨਾਂ ਨੇ ਤਾਰ ਦਿੱਤਾ। ਕਹਿਣ ਲੱਗੇ ਜਿਨ੍ਹਾਂ ਦਾ ਜੱਪ ਕੋਈ ਨਹੀਂ ਸੀ, ਤੱਪ ਕੋਈ ਨਹੀਂ ਸੀ, ਕੁਲ ਕੋਈ ਨਹੀਂ ਸੀ, ਕਰਮ ਕੋਈ ਚੰਗੇ ਨਹੀਂ ਸਨ, ਤਰ ਗਏ, ਪਰ ਕਿਵੇਂ?

ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਂਹਿ॥

ਹਜ਼ੂਰ ਮੇਹਰ ਕਰਦੇ ਹਨ ਕਿ ਜਿਨ੍ਹਾਂ ਨੇ ਨਾਮ ਜਪਿਆ ਉਹ ਤਰ ਗਏ। ਨਾਮ ਤੋਂ ਬਿਨਾਂ ਜਮਾਂ ਦੇ ਘਰ ਨੂੰ ਚਲੇ ਗਏ। ਹਜ਼ੂਰ ਕਹਿੰਦੇ ਹਨ-

ਨਾਨਕ ਬਿਨੁ ਨਾਵੈ ਸੁਖੁ ਨਹੀ

ਨਾਮ ਤੋਂ ਬਿਨਾਂ ਕਦੀ ਸੁੱਖ ਨਹੀਂ ਮਿਲਿਆ। ਜੇ ਅਸੀਂ ਆਤਮਕ ਸੁੱਖ ਚਾਹੁੰਦੇ ਹਾਂ ਤਾਂ ਆਤਮਕ ਸੁੱਖ ਕੇਵਲ ਨਾਮ ਵਿਚ ਹੀ ਹੈ।

ਆਇ ਗਏ ਪਛੁਤਾਹਿ॥ ੨੪॥

ਜਿਹੜੇ ਬੰਦੇ ਨਾਮ ਨਹੀਂ ਜੱਪਦੇ, ਉਹ ਆਉਂਦੇ ਵੀ ਪਛਤਾਉਂਦੇ ਹਨ, ਜਾਂਦੇ ਵੀ ਪਛਤਾਉਂਦੇ ਹਨ। ਆਉ ਗੁਰੂ ਕ੍ਰਿਪਾ ਕਰੇ, ਅਸੀਂ ਨਾਮ ਵਾਲੇ ਪਾਸੇ ਜੁੜੀਏ। ਗੁਰੂ ਨਦਰ ਕਰੇ। ਭੁਲਾਂ ਚੁਕਾਂ ਦੀ ਖਿਮਾ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਨਾਨਕ ਤਿਨ ਮੁਖ ਉਜਲੇ

ਸਲੋਕ ਮਹਲਾ ੩

ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸੁ॥
ਜਿਸ ਦਾ ਦਿਤਾ ਖਾਣਾ ਪੈਨਣਾ ਸੋ ਮਨਿ ਨ ਵਸਿਓ ਗੁਣਤਾਸੁ॥
ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸੁ॥
ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ॥
ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ॥
ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ॥
ਸਤਿਗੁਰੁ ਸੇਵਨਿ ਆਪਣਾ ਹਉ ਸਦ ਬਲਿਹਾਰੀ ਤਾਸੁ॥
ਨਾਨਕ ਤਿਨ ਮੁਖ ਉਜਲੇ ਜਿਨ ਅੰਤਰਿ ਨਾਮੁ ਪ੍ਰਗਾਸੁ॥ ੩੧॥

(ਅੰਗ ੧੪੧੬)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਸਾਹਿਬ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਇਸ ਪਵਿੱਤਰ ਸਲੋਕ ਅੰਦਰ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਮਨਮੁਖ ਅਤੇ ਗੁਰਮੁਖ ਦਾ ਜੀਵਨ ਕਿਹੋ ਜਿਹਾ ਹੈ, ਇਸਨੂੰ ਬਿਆਨ ਕੀਤਾ ਹੈ। ਮਨਮੁਖ ਦਾ ਸੁਭਾਅ ਹੈ ਕਿ ਉਸਨੇ ਦਾਤਾਂ ਦੇਣ ਵਾਲੇ ਪ੍ਰਮੇਸ਼ਰ ਨੂੰ ਚੇਤੇ ਨਹੀਂ ਕੀਤਾ। ਜਿਸ ਦਾ ਦਿੱਤਾ ਖਾਂਦਾ ਹੈ, ਪਹਿਨਦਾ ਹੈ, ਜਿਸਦੇ ਦਿੱਤੇ ਹੋਏ ਪਦਾਰਥ ਮਨੁੱਖ ਭੋਗਦਾ ਹੈ, ਉਸ ਦੇਣ ਵਾਲੇ ਨੂੰ ਕਦੀ ਵੀ ਆਪਣੇ ਹਿਰਦੇ ਵਿਚ ਯਾਦ ਨਹੀਂ ਕੀਤਾ। ਗੁਰੂ ਦੇ ਸ਼ਬਦ ਅੰਦਰ ਮਨਮੁਖ ਦਾ ਮਨ ਕਦੀ ਭਿੱਜਦਾ ਨਹੀਂ ਤੇ ਸਾਹਿਬ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਇਹੋ ਜਿਹੇ ਜੀਵਨ ਨੂੰ ਧਿੱਕਾਰ ਹੈ ਤੇ ਇਹੋ ਜਿਹੇ ਸੰਸਾਰ 'ਤੇ ਵਸੇਬੇ ਨੂੰ ਧਿੱਕਾਰ ਹੈ। ਪਰ ਇਸ ਤੋਂ ਦੂਜੇ ਪਾਸੇ ਗੁਰਮੁਖ ਹੈ, ਜਿਸ ਦੇ ਸਿਰ ਉੱਪਰ ਨਾਮ ਸੁਹਾਗ ਦੀ ਤਰ੍ਹਾਂ ਹੈ, ਖਸਮ ਦੀ ਤਰ੍ਹਾਂ ਹੈ ਅਤੇ ਗੁਰਮੁਖ ਦੇ ਮੱਥੇ ਉੱਤੇ ਨਾਮ ਦੀ ਕਮਾਈ ਲਿਖੀ ਗਈ ਹੈ। ਗੁਰਮੁਖ ਨੇ ਆਪਣੇ ਹਿਰਦੇ ਵਿਚ ਪ੍ਰਭੂ ਨੂੰ ਦ੍ਰਿੜ੍ਹ ਕੀਤਾ ਹੈ। ਧੰਨ ਗੁਰੂ ਅਮਰਦਾਸ

ਅੰਤ ਵਿਚ ਇਸ ਸਲੋਕ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ ਜਿਹੜੇ ਹਮੇਸ਼ਾ ਪ੍ਰਭੂ ਦੇ ਨਾਮ ਵਿਚ ਜੁੜੇ ਹਨ। ਉਹਨਾਂ ਦੇ ਮੁਖ ਇਥੇ ਵੀ ਉਜਲੇ ਹਨ ਤੇ ਅੱਗੇ ਵੀ ਉਜਲੇ ਹਨ। ਹਿਰਦੇ ਵਿਚ ਉਹਨਾਂ ਦੇ ਨਾਮ ਦਾ ਚਾਨਣ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਵਿਚ ਗੁਰਮੁਖ ਸ਼ਬਦ ਅਤੇ ਮਨਮੁਖ ਸ਼ਬਦ ਬਹੁਤ ਵਾਰੀ ਆਇਆ ਹੈ। ਜਦੋਂ ਗੁਰਮੁਖ ਸ਼ਬਦ ਅਸੀਂ ਪੜ੍ਹਦੇ ਹਾਂ ਤਾਂ ਇਸ ਸ਼ਬਦ ਦੇ ਪਿੱਛੇ ਇਹ ਨਾਮ ਆਪਣੀ ਜ਼ਬਾਨ ਤੋਂ ਉਚਾਰਣ ਕਰਨ ਲੱਗਿਆ ਹੀ ਅੰਦਰ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਕਿਸੇ ਕਮਾਈ ਵਾਲੇ, ਪ੍ਰਮਾਤਮਾ ਦੇ ਨਾਮ ਵਿਚ ਗੜੂੰਦ ਹੋਏ ਕਿਸੇ ਸ਼ਖ਼ਸੀਅਤ ਦਾ ਜ਼ਿਕਰ ਹੋਣ ਲੱਗਾ ਹੈ। ਗੁਰਮੁਖ ਸ਼ਬਦ ਗੁਰੂ ਦੇ ਸਾਹਮਣੇ ਰਹਿਣ ਵਾਲਿਆਂ ਲਈ, ਗੁਰੂ ਦੇ ਬਚਨ ਨੂੰ ਕਮਾਉਣ ਵਾਲਿਆਂ ਲਈ, ਗੁਰੂ ਦੇ ਚਰਨਾਂ ਵਿਚ ਜੁੜੇ ਹੋਏ ਗੁਰਸਿੱਖਾਂ ਲਈ ਅਸੀਂ ਵਰਤਦੇ ਹਾਂ। ਜਦੋਂ ਇਸਦੇ ਬਿਪਰੀਤ ਮਨਮੁਖ ਸ਼ਬਦ ਸਾਡੇ ਸਾਹਮਣੇ ਆਉਂਦਾ ਹੈ ਤਾਂ ਮਨਮੁਖ ਸ਼ਬਦ ਨੂੰ ਪੜ੍ਹਦਿਆਂ ਸਾਰ ਅਚਾਨਕ ਉਸ ਮਨੁੱਖ ਦੀ ਤਸਵੀਰ ਅੱਖਾਂ ਦੇ ਸਾਹਮਣੇ ਆ ਜਾਏਗੀ ਜਿਹੜਾ ਗੁਰੂ ਦੀ ਗੱਲ ਨਹੀਂ ਮੰਨਦਾ ਤੇ ਕੇਵਲ ਆਪਣੇ ਮਨ ਦੀ ਗੱਲ ਲੋਕਾਂ ਨਾਲ ਸਾਂਝੀ ਕਰਦਾ ਹੈ। ਆਪਣੇ ਮਨ ਵਿਚ ਗੁਰੂ ਦੀ ਗੱਲ ਨਹੀਂ, ਕੇਵਲ ਆਪਣੇ ਮੁਖ ਵਿਚ, ਆਪਣੇ ਮਨ ਵਿਚ ਹਉਮੈ ਦੇ ਹੀ ਸ਼ਬਦ ਹਨ।

ਗੁਰਮੁਖ ਉਹ ਹੈ ਜਿਸ ਦਾ ਮੁਖ ਸਮਰੱਥ ਗੁਰੂ ਵੱਲ ਹੈ ਤੇ ਮਨਮੁਖ ਉਹ ਹੈ ਜਿਸਨੇ ਆਪਣੀ ਜ਼ਿੰਦਗੀ ਵਿਚ ਕੇਵਲ ਆਪਣੇ ਮਨ ਨੂੰ ਹੀ ਮੁੱਖ ਰੱਖਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਅੱਜ ਪਹਿਲਾਂ ਮਨਮੁਖ ਦੀ ਗੱਲ ਕੀਤੀ ਹੈ ਕਿ ਮਨਮੁਖ ਬੰਦੇ ਨੇ ਨਾਮ ਨਹੀਂ ਚੇਤਿਆ। ਮਨਮੁਖ ਬੰਦੇ ਦਾ ਜੀਵਨ ਧਿੱਕਾਰ ਯੋਗ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਨਮੁਖ ਦੇ ਸਬੰਧੀ ਅਸੀਂ ਕੁਝ ਪ੍ਰਮਾਣ ਦੇਖਾਂਗੇ ਜਿਨ੍ਹਾਂ ਵਿਚ ਹੋਰ ਵੀ ਸਪੱਸ਼ਟ ਹੋਵੇਗਾ ਕਿ ਗੁਰੂ-ਸ਼ਬਦ ਅਨੁਸਾਰ ਮਨਮੁਖ ਬੰਦਾ ਕਿਸਨੂੰ ਮੰਨਿਆ ਹੈ।

ਦਾਤਾਰ ਨੇ ਅੰਮ੍ਰਿਤ ਬਾਣੀ ਵਿਚ ਮਨਮੁਖ ਸਬੰਧੀ ਪਹਿਲਾ ਬਚਨ ਇਹ ਕਿਹਾ ਹੈ ਕਿ ਅਸਲ ਵਿਚ ਮਨਮੁਖ ਉਹ ਹੈ ਜਿਹੜਾ ਆਪਣੇ ਮੂਲ ਤੋਂ ਖੁੰਝ ਗਿਆ ਹੈ। ਹੁਣ ਮੂਲ ਦਾ ਅਰਥ ਕੀ ਹੈ? ਕਿਹੜੇ ਮੂਲ ਤੋਂ ਵਿਛੜਿਆ ਹੈ? ਕਿਸ ਮੂਲ ਨੂੰ ਭੁੱਲਿਆ ਹੈ? ਜਿਸ ਕਰਕੇ ਹਜ਼ੂਰ ਨੇ ਕਹਿ ਦਿੱਤਾ ਕਿ ਇਹ ਮਨਮੁਖ ਹੈ, ਜਿਹੜਾ ਆਪਣੇ ਮੂਲ ਨੂੰ ਭੁੱਲ ਗਿਆ ਹੈ। ਹਜ਼ੂਰ ਦੀ ਇਕ ਤੁੱਕ ਹੈ

ਮਨਮੁਖ ਮੂਲਹੁ ਭੁਲਿਆ

ਆਪਣੇ ਮੂਲ ਤੋਂ ਭੁੱਲ ਗਿਆ। ਮੂਲ ਦਾ ਅੱਖਰੀ ਅਰਥ ਆਪਾਂ ਕਰਾਂਗੇ ਪ੍ਰਮਾਤਮਾ। ਜਿਸ ਪ੍ਰਮਾਤਮਾ ਤੋਂ ਇਹ ਪੈਦਾ ਹੋਇਆ, ਮਨਮੁਖ ਬੰਦਾ ਆਪਣੇ ਮੂਲ ਤੋਂ ਹੀ ਭੁੱਲ ਗਿਆ, ਆਪਣੇ ਧੁਰੇ ਤੋਂ ਹੀ ਦੂਰ ਚਲਾ ਗਿਆ। ਆਪਣੇ ਮੂਲ ਤੋਂ ਵਿਛੜੇ ਹੋਏ ਬੰਦੇ ਕਦੀ ਆਪ ਸੁੱਖੀ ਨਹੀਂ ਦੇਖੋਗੇ। ਕਿਵੇਂ ਭੁੱਲਿਆ? ਆਖ਼ਿਰ ਭੁਲਾਉਣ ਵਾਸਤੇ ਕੋਈ ਨਾ ਕੋਈ ਚੀਜ਼ ਉਸਦੇ

ਸਾਹਮਣੇ ਆਈ ਹੋਵੇਗੀ। ਹਜ਼ੂਰ ਨੇ ਇਥੇ ਕਿਹਾ ਹੈ-

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥

(ਅੰਗ ੩੧੬)

ਜਦੋਂ ਇਸ ਦੇ ਅੰਦਰ ਲਾਲਚ ਆਇਆ, ਜਦੋਂ ਇਸਦੇ ਅੰਦਰ ਇੰਦਰੀਆਂ ਦਾ ਚਸਕਾ ਆਇਆ, ਜਦੋਂ ਮਨਮੁਖ ਦੇ ਅੰਦਰ ਹੰਕਾਰ ਪੂਰਨ ਜੋਬਨ 'ਤੇ ਬੋਲਿਆ ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਲਾਲਚ ਕਰਕੇ, ਹੰਕਾਰ ਕਰਕੇ, ਵਿਕਾਰਾਂ ਕਰਕੇ ਮਨਮੁਖ ਬੰਦਾ ਜਿਹੜਾ ਹੈ ਉਹ ਆਪਣੇ ਮੂਲ ਤੋਂ ਟੁੱਟ ਚੁੱਕਾ ਹੈ।

ਸਤਿਗੁਰੂ ਜੀ ਨੇ ਅੰਮ੍ਰਿਤਬਾਣੀ ਵਿਚ ਕ੍ਰਿਪਾ ਵੀ ਕੀਤੀ ਹੈ ਕਿ ਜਿਹੜੀ ਚੀਜ਼ ਆਪਣੇ ਮੂਲ ਤੋਂ ਦੂਰ ਚਲੀ ਜਾਏ ਤੇ ਜਿੰਨਾ ਮੂਲ ਤੋਂ ਉਹ ਚੀਜ਼ ਦੂਰ ਜਾਂਦੀ ਹੈ, ਕੁਦਰਤ ਦਾ ਇਕ ਸੁਭਾਅ ਹੈ ਉਨੀ ਉਸ ਦੇ ਪੱਲੇ ਖ਼ੁਆਰੀ ਪੈਂਦੀ ਹੈ। ਹਜ਼ੂਰ ਨੇ ਇਕ ਉਦਾਹਰਨ ਦਿੱਤੀ ਹੈ। ਹੁਣ ਮੰਨ ਲਉ ਇਕ ਰੁੱਖ ਹੈ। ਉਸ ਰੁੱਖ 'ਤੇ ਪੱਤੇ ਵੀ ਬਹੁਤ ਖਿੜੇ ਹਨ। ਉਸ ਰੁੱਖ ਦੇ ਪੱਤਿਆਂ ਤੋਂ ਬਾਅਦ ਟਾਹਣੀਆਂ 'ਤੇ ਫੁੱਲ ਵੀ ਹਨ। ਇਹਨਾਂ ਫੁੱਲਾਂ ਨੂੰ ਰੱਸ ਵੀ ਲੱਗੇ ਹਨ। ਪੱਤੇ ਹਨ, ਫੁੱਲ ਹਨ, ਫੱਲ ਹਨ, ਹੁਣ ਜੇ ਫੱਲ ਇਹੀ ਮਾਣ ਕਰਨ ਲੱਗ ਪਏ ਕਿ ਸਾਨੂੰ ਜੜ੍ਹ ਦੀ ਕੋਈ ਲੋੜ ਨਹੀਂ, ਅਸੀਂ ਤਾਂ ਅੰਮ੍ਰਿਤ ਵਰਗੇ ਰੱਸ ਨਾਲ ਭਰੇ ਹਾਂ, ਜੜ੍ਹਾਂ ਤਾਂ ਹਰ ਸਮੇਂ ਮਿੱਟੀ ਵਿਚ ਰਹਿੰਦੀਆਂ ਹਨ। ਜੇ ਇਕ ਖਿੜਿਆ ਹੋਇਆ ਫੁੱਲ ਇਹੀ ਕਹਿਣ ਲੱਗ ਪਏ ਕਿ ਅਸੀਂ ਜੜ੍ਹ ਨਾਲ ਆਪਣਾ ਕੋਈ ਨਾਤਾ ਨਹੀਂ ਰੱਖਣਾ। ਸਾਡੇ ਕੋਲ ਤਾਂ ਆਪਣਾ ਖੇੜਾ ਹੈ, ਸਾਡੇ ਕੋਲ ਆਪਣੀ ਸੁਗੰਧੀ ਹੈ, ਸਾਡੇ ਕੋਲ ਆਪਣਾ ਰੰਗ ਹੈ, ਸਾਡੇ ਕੋਲ ਕੋਮਲਤਾਈ ਹੈ ਤੇ ਜੇ ਪੱਤੇ ਇਹ ਸ਼ਬਦ ਕਹਿ ਦੇਣ ਕਿ ਅਸੀਂ ਹਰਿਆਵਲ ਲੈ ਕੇ ਬੈਠੇ ਹਾਂ, ਸਾਡੇ ਕੋਲ ਧੁੱਪ ਨੂੰ ਬਰਦਾਸ਼ਤ ਕਰਨ ਦੀ ਤਾਕਤ ਹੈ। ਅਸੀਂ ਕਿਉਂ ਪ੍ਰਵਾਹ ਕਰੀਏ ਜੜ੍ਹਾਂ ਦੀ? ਰੁੱਖ ਦੇ ਪੱਤੇ ਹਰੇ ਹਨ। ਸੂਰਜ ਦੀਆਂ ਕਿਰਨਾਂ ਨੂੰ ਆਪਣੇ ਤਨ 'ਤੇ ਸਹਿ ਕੇ ਜ਼ਮੀਨ ਦੇ ਉੱਤੇ ਆਪਣੀ ਛਾਂ ਬਖੇਰਦੇ ਹਨ। ਫੁੱਲ ਖਿੜੇ ਹਨ। ਲੰਘਣ ਵਾਲੇ ਲੋਕਾਂ ਨੂੰ ਸੁਗੰਧੀ ਦਿੰਦੇ ਹਨ। ਫੱਲ ਲੱਗੇ ਹਨ। ਫਲਾਂ ਵਿਚ ਰੱਸ ਭਰਿਆ ਹੈ ਤੇ ਅੰਮ੍ਰਿਤ ਵਰਗਾ ਰੱਸ ਲੋਕ ਚੱਖਦੇ ਹਨ। ਇਹ ਫਲ ਆਪਣੇ ਰੱਸ ਦਾ ਮਾਣ ਕਰਕੇ ਜੜ੍ਹ ਨਾਲੋਂ ਨਾਤਾ ਤੋੜ ਦੇਵੇ, ਇਹ ਕਹਿਣ ਲੱਗ ਪਏ ਕਿ ਜੜ੍ਹ ਨੂੰ ਕੋਈ ਪੁੱਛਦਾ ਨਹੀਂ, ਕੀਮਤ ਤਾਂ ਫਲ ਦੀ ਪੈਂਦੀ ਹੈ। ਖਿੜੇ ਹੋਏ ਫੁੱਲ ਇਹ ਕਹਿਣ ਕਿ ਜੜ੍ਹ ਦੀ ਬਾਜ਼ਾਰ ਵਿਚ ਕੋਈ ਕੀਮਤ ਨਹੀਂ। ਮੰਦਿਰ ਮਸਜਿਦ ਗੁਰਦੁਆਰਿਆਂ ਵਿਚ ਕਿਸੇ ਨੂੰ ਵੀ ਸਤਿਕਾਰ ਕਰਨ ਦੀ ਲੋੜ ਪਵੇ ਤਾਂ ਫੁੱਲ ਕਹਿੰਦੇ ਹਨ ਸਾਨੂੰ ਲੋਕ ਚੁਣ ਕੇ ਉਥੇ ਲਿਜਾਂਦੇ ਹਨ, ਅਸੀਂ ਜੜ੍ਹਾਂ ਤੋਂ ਕੀ ਲੈਣਾ ਹੈ। ਅੱਜ ਤੋਂ ਬਾਅਦ ਸਾਡਾ ਜੜ੍ਹ ਨਾਲ ਕੋਈ ਸੰਬੰਧ ਨਹੀਂ।

ਇਕ ਬੇਨਤੀ ਕਰਾਂ, ਜਿਹੜਾ ਫਲ ਆਪਣੇ ਮੂਲ ਤੋਂ ਟੁੱਟ ਜਾਏਗਾ, ਜਿੰਨਾ ਰੱਸ ਉਸ ਦੇ ਵਿਚ ਭਰਿਆ ਹੈ, ਕੇਵਲ ਉਹੀ ਰਹੇਗਾ। ਜੜ੍ਹ ਤੋਂ ਟੁੱਟਣ ਦੀ ਦੇਰ ਹੈ ਕਿ ਫਲ ਉਸੇ ਵੇਲੇ ਉਸੇ ਥਾਂ 'ਤੇ ਸੁੱਕਣਾ ਸ਼ੁਰੂ ਹੋ ਜਾਏਗਾ। ਪੱਤੇ ਇਕ ਦਿਨ ਵਿਚ ਮੁਰਝਾ ਜਾਣਗੇ। ਇਕ ਰੁੱਖ

ਦੀਆਂ ਜਦੋਂ ਜੜ੍ਹਾਂ ਕੱਟੀਆਂ ਜਾਣ ਤਾਂ ਤਣੇ ਤੋਂ ਲੈ ਕੇ ਫਲ ਤੱਕ ਪੂਰੇ ਦਾ ਪੂਰਾ ਮੁਰਝਾ ਜਾਂਦਾ ਹੈ ਤੇ ਹੇ ਇਨਸਾਨ ! ਤੈਨੂੰ ਰੱਬ ਨੇ ਦਾਤਾਂ ਦਿੱਤੀਆਂ ਹਨ ਤੇ ਤੂੰ ਉਸ ਦਾਤਾਂ ਦੇਣ ਵਾਲੇ ਨੂੰ ਹੀ ਭੁੱਲ ਗਿਆ। ਤੂੰ ਸਮਝਦਾ ਹੈਂ ਜਿਹੜਾ ਤੇਰੇ ਕੋਲ ਧਨ ਪਦਾਰਥ ਤੇ ਸੁੱਖ ਹੈ ਉਹ ਤੇਰਾ ਹੈ। ਇਹ ਕਦੀ ਨਾ ਭੁੱਲ ਕਿ ਇਹ ਸਭ ਕੁਝ ਉਸ ਪ੍ਰਮਾਤਮਾ ਦਾ ਦਿੱਤਾ ਹੋਇਆ ਹੈ। ਜੇਕਰ ਤੂੰ ਆਪਣੇ ਮੂਲ, ਆਪਣੀ ਜੜ੍ਹ ਪ੍ਰਮਾਤਮਾ ਨੂੰ ਹੀ ਭੁੱਲ ਜਾਏਂਗਾ ਤਾਂ ਤੂੰ ਵੀ ਉਹਨਾਂ ਫੁੱਲਾਂ ਟਾਹਣੀਆਂ ਦੀ ਤਰ੍ਹਾਂ ਮੁਰਝਾ ਜਾਏਂਗਾ। ਇਹ ਸਭ ਕੁਝ ਉਸ ਪ੍ਰਮਾਤਮਾ ਦੀ ਦੇਣ ਹੈ।

ਸਾਨੂੰ ਆਪਣੇ ਮੂਲ ਨੂੰ ਕਦੀ ਵੀ ਭੁੱਲਣਾ ਨਹੀਂ ਚਾਹੀਦਾ। ਹਜ਼ੂਰ ਨੇ ਕਿਹਾ ਕਿ ਜੇ ਅੰਦਰ ਨੂੰ ਜਿੱਤਣਾ ਹੈ ਤਾਂ ਪਹਿਲੀ ਗੱਲ ਤੇਰੇ ਅੰਦਰ ਸਤਿ ਤੇ ਸੰਤੋਖ ਦੋਵੇਂ ਹੋਣ। ਤੇਰੇ ਕੋਲ ਪ੍ਰੇਮ ਦਾ ਬਰੂਦ ਹੋਵੇ, ਤੇਰੇ ਕੋਲ ਬ੍ਰਹਮ ਅਗਨ ਹੋਵੇ, ਤੇਰੇ ਕੋਲ ਸੁਰਤ ਦੀ ਤੋਪ ਹੋਵੇ। ਜੇ ਅੰਦਰ ਦੇ ਕਿਲ੍ਹੇ ਨੂੰ ਫਤਹਿ ਕਰਨਾ ਹੈ ਤਾਂ ਸੁਰਤ ਨੂੰ ਹਵਾਈ ਬਣਾ।

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥

ਪੁਰਾਤਨ ਸਮੇਂ ਤੋਪ ਚਲਾਉਂਦਿਆਂ ਪਲੀਤੇ ਨਾਲ ਅੱਗ ਲਾਈ ਜਾਂਦੀ ਸੀ। ਪ੍ਰੇਮ ਨੂੰ ਪਲੀਤਾ ਬਣਾ, ਸੁਰਤ ਨੂੰ ਤੋਪ ਬਣਾ, ਗੁਰੂ ਦੇ ਬਖ਼ਸ਼ੇ ਹੋਏ ਗਿਆਨ ਨੂੰ ਬਰੂਦ ਬਣਾ, ਆਪਣੇ ਫੁਰਨਿਆਂ ਦਾ ਬਰੂਦ ਨਾ ਬਣਾ।

ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਜੇ ਦੁਇ ਦਰਵਾਜਾ॥

ਮਨ ਪਤਾ ਕਿਵੇਂ ਕਾਬੂ ਹੋਣਾ ਹੈ?

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ॥

(ਅੰਗ ੧੧੬੧)

ਇਕ ਸਾਧ ਸੰਗਤ ਤੇ ਦੂਜੀ ਗੁਰੂ ਦੀ ਕ੍ਰਿਪਾ। ਸਾਧ ਸੰਗਤ ਕਰ ਤੇ ਦੂਜੀ ਗੱਲ ਤੂੰ ਸੰਗਤ ਵਿਚ ਬੈਠ ਕੇ ਗੁਰੂ ਦੀ ਕ੍ਰਿਪਾ ਦੀ ਜਾਚਨਾ ਕਰ। ਕ੍ਰਿਪਾ ਕਮਾਈਆਂ ਨਾਲ ਨਹੀਂ ਮਿਲਦੀ। ਨਦਰ ਆਪਣੇ ਕੀਤੇ ਹੋਏ ਕਰਮਾਂ ਨਾਲ ਨਹੀਂ, ਨਦਰ ਤਾਂ ਉਸਦੀ ਦਾਤ ਹੈ। ਪਿਆਰਿਓ ! ਜਿੱਥੇ ਸੰਸਾਰ ਦੀਆਂ ਦਾਤਾਂ ਹਨ, ਉਥੇ ਨਦਰ ਦੀ ਦਾਤ ਮਾਲਕ ਕੋਲੋਂ ਮੰਗੀਏ। ਆਪਣੇ ਦਿਲ ਦੀ ਪਹਿਰੇਦਾਰੀ ਕਰਕੇ ਦੇਖੀਏ।

ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥
ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥

(ਅੰਗ ੧੦੯੦)

ਸੰਤ ਬਾਬਾ ਅਤਰ ਸਿੰਘ ਜੀ ਦਾ ਜੀਵਨ ਲਿਖਦੇ ਹਾਂ। ਬਾਬਾ ਤੇਜਾ ਸਿੰਘ ਜੀ ਡਬਲ ਐਮ.ਏ. ਉਹਨਾਂ ਨੇ ਆਰੰਭਕ ਪੰਨਿਆਂ ਵਿਚ ਸਿਮਰਨ ਦੇ ਸਬੰਧੀ ਕੁਝ ਹਿਦਾਇਤਾਂ ਕੀਤੀਆਂ

ਹਨ। ਉਹ ਕਹਿੰਦੇ ਹਨ ਜਦੋਂ ਮੂਲ ਨਾਲ ਜੁੜਨ ਦੀ ਗੱਲ ਹੁੰਦੀ ਹੈ ਤੇ ਤਿੰਨ ਪ੍ਰਸ਼ਨ ਸਾਡੇ ਮਨ ਵਿਚ ਆਉਂਦੇ ਹਨ। ਪਹਿਲਾ ਪ੍ਰਸ਼ਨ ਹੈ ਕਿ ਕੀ ਕਰੀਏ ਸਿਮਰਨ ਕਰਦਿਆਂ ਨੀਂਦ ਘੇਰਦੀ ਹੈ? ਦੂਜਾ ਪ੍ਰਸ਼ਨ ਹੈ ਜਦੋਂ ਸਿਮਰਨ ਕਰਨ ਲਈ ਬੈਠੀਦਾ ਹੈ ਤਾਂ ਗੋਢੇ, ਪੈਰ, ਲੱਤਾਂ ਦੁਖਣ ਲੱਗ ਪੈਂਦੇ ਹਨ? ਤੀਜਾ ਪ੍ਰਸ਼ਨ ਹੁੰਦਾ ਹੈ ਕਰੀਏ ਕੀ ਚਿਤ ਸਿਮਰਨ ਵਿਚ ਲੱਗਦਾ ਹੀ ਨਹੀਂ? ਉਹਨਾਂ ਨੇ ਬੜੀ ਸੋਹਣੀ ਗੱਲ ਕਹੀ। ਕਹਿੱਣ ਲੱਗੇ ਜੇ ਤੈਨੂੰ ਨੀਂਦ ਤੰਗ ਕਰੇ ਤਾਂ ਪਾਣੀ ਦੇ ਛੱਟੇ ਆਪਣੇ ਚੇਹਰੇ 'ਤੇ ਮਾਰ, ਉਹ ਤੇਰੇ ਆਲਸ ਨੂੰ ਦੂਰ ਕਰਨਗੇ। ਦੂਜੀ ਬੇਨਤੀ ਕਿ ਜਦੋਂ ਤੇਰਾ ਅੰਦਰ ਨਹੀਂ ਟਿੱਕਦਾ ਉਦੋਂ ਫਿਰ ਸਿਮਰਨ ਛੱਡ ਕੇ ਕੇਵਲ.ਅਰਦਾਸ ਕਰਨ ਲੱਗ ਪੈ। ਤੀਜੀ ਗੱਲ ਤਨ ਥੱਕਦਾ ਹੈ, ਗੋਢੇ ਨਹੀਂ ਟਿੱਕਦੇ ਪਏ ਅਤੇ ਜੇਕਰ ਬੈਠਕੇ ਸਿਮਰਨ ਨਹੀਂ ਹੁੰਦਾ ਤਾਂ ਫਿਰ ਚੱਲ ਫਿਰ ਕੇ ਸਿਮਰਨ ਕਰ ਸਕਦਾ ਹੈਂ। ਸਿਮਰਨ ਦਾ ਸੰਬੰਧ ਸਰੀਰ ਦੇ ਕੇਵਲ ਇਕ ਮੁਦਰਾ ਨਾਲ ਨਹੀਂ।

ਸੱਚੇ ਪਾਤਿਸ਼ਾਹ ਨੇ ਬਾਣੀ ਵਿਚ ਕਿਹਾ ਹੈ ਕਿ ਕਮਾਈ ਵਾਲੇ ਸੌਂਦੇ ਵੀ ਜੱਪਦੇ ਪਏ ਹਨ। ਕਹਿੰਦੇ ਹਨ, ਜੇ ਤੇਰਾ ਤਨ ਤੈਨੂੰ ਤੰਗ ਕਰਦਾ ਹੈ ਤਾਂ ਇਕ ਫੁਰਨਾ ਮਨ ਵਿਚ ਜ਼ਰੂਰ ਬਣਾ ਕਿ ਆਖ਼ਿਰ ਕਿੰਨੀ-ਕੁ ਦੇਰ ਤੱਕ ਤਨ ਦੀ ਹਿਫ਼ਾਜ਼ਤ ਕਰੇਂਗਾ। ਹੇ ਸਰੀਰ ! ਮੈਂ ਤੈਨੂੰ ਇੰਨਾ ਕੁਝ ਖਵਾਇਆ, ਇੰਨਾ ਕੁਝ ਪਿਲਾਇਆ ਸਿਰਫ਼ ਇਸ ਕਰਕੇ-

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥

(ਅੰਗ ੫੫੪)

ਦੇਹੀ ਇਸ ਕਰਕੇ ਪਾਲੀ ਹੈ ਕਿ ਰੱਬ ਨੂੰ ਸਿਮਰਨਾ ਹੈ ਤੇ ਜੇ ਸਿਮਰਨ ਨਹੀਂ ਕਰਦੀ ਫਿਰ ਸਰੀਰ ਨੂੰ ਪਾਲਣ ਦੀ ਲੋੜ ਨਹੀਂ। ਕਹਿਣ ਲੱਗੇ-

ਕਬੀਰ ਹਾਡ ਜਠੇ ਜਿਉ ਲਾਕਰੀ

ਹੇ ਹੱਡੀਉ ! ਕਿੰਨੀ-ਕੁ ਦੇਰ ਤੱਕ ਦੁੱਖ ਮਨਾਉਗੀਆਂ। ਅੱਜ ਤੁਸੀਂ ਬੈਠਦੀਆਂ ਹੋ ਤੇ ਤਨ ਦੁੱਖਦਾ ਹੈ, ਉਸ ਦਿਨ ਤੁਹਾਡੀ ਪੀੜਾ ਕੌਣ ਸੁਣੇਗਾ ਜਿਸ ਦਿਨ ਅੱਗ ਲੱਗੇਗੀ ਤੇ ਹੱਡੀਆਂ ਸੁੱਕੀ ਲੱਕੜ ਦੀ ਤਰ੍ਹਾਂ ਸੜ ਜਾਣਗੀਆਂ।

ਕੇਸ ਜਰੇ ਜਿਉ ਘਾਸੁ॥

ਸਰੀਰ ਨੂੰ ਸਮਝਾ ਕਿ ਤਨ ਦੀ ਚਮੜੀ ਦੇ ਨਾਲ ਕੇਸ ਸੜਨਗੇ ਜਿਵੇਂ ਘਾਹ ਸੜਦਾ ਹੈ, ਹੱਡੀਆਂ ਸੜਨਗੀਆਂ ਜਿਵੇਂ ਲੱਕੜਾਂ ਸੜਦੀਆਂ ਹਨ। ਇਸ ਤਨ ਨੂੰ ਕਿੰਨਾ-ਕੁ ਸੁੱਖ ਹੰਢਾਉਣਾ ਬਣਾਏਗਾ?

ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ॥

ਕਹਿਣ ਲੱਗੇ ਅਸੀਂ ਉਪਰਾਮ ਹੋ ਗਏ ਹਾਂ ਸਰੀਰ ਤੋਂ। ਜੇ ਸਰੀਰ ਨੂੰ ਸਮਝਾਉਣਾ ਹੈ ਤਾਂ ਬਾਬਾ ਜੀ ਦੇ ਅੰਮ੍ਰਿਤ ਬਚਨ ਸੁਣੋ। ਸਾਹਿਬ ਕਹਿੰਦੇ ਹਨ ਹੇ ਸਰੀਰ ! ਅੱਜ ਤੂੰ ਦੋ ਘੜੀਆਂ

ਬੈਠ ਨਹੀਂ ਸਕਦਾ ਤੇ ਅਸਲ ਵਿਚ ਜ਼ਿੰਦਰਗੀ ਦਾ ਮਕਸਦ ਪ੍ਰਮਾਤਮਾ ਨਹੀਂ। ਜਿਸ ਦਿਨ ਸਾਡੀ ਲੋੜ ਰੱਬ ਬਣ ਜਾਏਗੀ, ਸੱਚ ਜਾਣੋ, ਉਸ ਦਿਨ ਪਿਆਰੇ ਪ੍ਰਭੂ ਦੀ ਕ੍ਰਿਪਾ ਸਾਨੂੰ ਜ਼ਰੂਰ ਮਿਲੇਗੀ। ਧਰਮ ਦਾ ਸੰਬੰਧ ਕੇਵਲ ਸਿੱਖਿਆ ਗ੍ਰਹਿਣ ਕਰਕੇ ਸਹੂਲਤਾਂ ਨੂੰ ਹੰਢਾਉਣਾ ਨਹੀਂ, ਧਰਮ ਦਾ ਸੰਬੰਧ ਹੈ ਸਿੱਖਿਆ ਧਾਰਨ ਕਰਕੇ ਰੱਬ ਦੀ ਖੋਜ ਵਾਲੇ ਪਾਸੇ ਤੁਰਨਾ। ਮਨਮੁਖ ਦੇ ਅੰਦਜ ਖ਼ਜ਼ਾਨੇ ਹਨ ਪਰੰਤੂ ਆਪਣੇ ਮੂਲ ਨੂੰ ਉਹ ਪਹਿਚਾਣ ਨਹੀਂ ਰਿਹਾ। ਦੂਜੇ ਦੇ ਘਰ ਵੱਲ ਝਾਤੀ ਮਾਰਦਾ ਹੈ, ਆਪਣੇ ਘਰ ਵੱਲ ਨਹੀਂ।

ਕਿਸੇ ਸਾਧੂ ਨੇ ਕੀਮਤੀ ਲਾਲ ਰੱਖਿਆ ਸੀ। ਜਦੋਂ ਉਸਨੇ ਇਬਾਦਤ ਵਿਚ ਜੁੜਨਾ ਤਾਂ ਉਸ ਕੀਮਤੀ ਲਾਲ ਨੂੰ ਕੱਢਕੇ ਬਾਹਰ ਰੱਖ ਲੈਣਾ ਤੇ ਆਪ ਚੌਂਕੜਾ ਮਾਰ ਕੇ ਸਾਈਂ ਦੀ ਯਾਦ ਵਿਚ ਜੁੜਨਾ। ਇਕ ਲੰਘਦੇ ਹੋਏ ਨੌਜਵਾਨ ਦੇ ਮਨ ਵਿਚ ਇਹ ਫੁਰਨਾ ਆਇਆ ਕਿ ਸਾਧੂ ਨੇ ਕੀਮਤੀ ਲਾਲ ਤੋਂ ਕੀ ਲੈਣਾ ਹੈ? ਇਸ ਕੀਮਤੀ ਲਾਲ ਨੂੰ ਤਾਂ ਮੈਂ ਰੱਖਾਂ। ਕਿਸੇ ਜੌਹਰੀ ਕੋਲ ਜਾ ਕੇ ਵੇਚਾਂਗਾ। ਆਪ ਵੀ ਉਸਨੂੰ ਰਤਨ ਪਰਖਣ ਦੀ ਜਾਚ ਸੀ। ਸਾਧੂ ਦੇ ਦਰ 'ਤੇ ਆ ਕੇ ਸੇਵਕ ਬਣਿਆ, ਸਿਰਫ਼ ਉਸ ਲਾਲ ਦੀ ਪ੍ਰਾਪਤੀ ਲਈ। ਸਾਧੂ ਦੀ ਸੇਵਾ ਆਰੰਭ ਕੀਤੀ। ਸਾਧੂ ਨੇ ਇਕ ਦਿਨ ਕਿਹਾ ਬੇਟਾ ! ਮੈਂ ਪਹਿਲਾਂ ਇਸ਼ਨਾਨ ਕਰ ਆਉਂਦਾ ਹਾਂ, ਤੂੰ ਬਾਅਦ ਵਿਚ ਕਰ ਲਈਂ। ਜਾਂ ਤੂੰ ਪਹਿਲਾਂ ਕਰ ਆ ਮੈਂ ਬਾਅਦ ਵਿਚ ਕਰ ਲਵਾਂਗਾ। ਉਸਨੇ ਉਸ ਨੌਜਵਾਨ ਨੂੰ ਪਹਿਲਾਂ ਇਸ਼ਨਾਨ ਕਰਨ ਤੋਰ ਦਿੱਤਾ। ਇਸ਼ਨਾਨ ਵਿਚ ਉਸਦਾ ਚਿੱਤ ਨਹੀਂ, ਚਿੱਤ ਸੀ ਕਿ ਵਾਪਿਸ ਆਵਾਂ ਤੇ ਸਾਧੂ ਦਾ ਕੀਮਤੀ ਲਾਲ ਮੈਨੂੰ ਲੱਭੇ। ਇਸਦੇ ਇਸ਼ਨਾਨ ਕਰਦਿਆਂ ਕਰਦਿਆਂ ਮੈਂ ਲਾਲ ਲੈ ਕੇ ਆਪਣੀ ਮੰਜ਼ਿਲ ਵੱਲ ਤੁਰਾਂ, ਮੈਂ ਇਸ ਕੋਲੋਂ ਕੀ ਲੈਣਾ ਹੈ। ਉਹ ਇਸ਼ਨਾਨ ਕਰਕੇ ਵਾਪਿਸ ਆਇਆ ਤੇ ਸਾਧੂ ਗਿਆ। ਉਸਨੇ ਸਾਧੂ ਦੇ ਕੱਪੜੇ ਫੋਲੇ, ਉਸ ਦੀਆਂ ਪੋਟਲੀਆਂ ਫੋਲੀਆਂ, ਸਾਧੂ ਦੇ ਬਿਸਤਰੇ ਨੂੰ ਫੋਲਿਆ ਪਰ ਲਾਲ ਲੱਭਾ ਨਹੀਂ। ਮਨ ਵਿਚ ਆਇਆ ਕੇਵਲ ਧੋਤੀ ਲਾ ਕੇ ਗਿਆ ਹੈ, ਉਸਦੇ ਹੱਥ ਵਿਚ ਕੇਵਲ ਇਕ ਕੱਪੜਾ ਸੀ ਤਨ ਪੂੰਝਣ ਵਾਲਾ। ਸਾਧੂ ਆਇਆ, ਉਸਨੇ ਫਿਰ ਲਾਲ ਕੱਢਿਆ ਤੇ ਆਪਣੇ ਨੇਮ ਵਿਚ ਜੁੜ ਗਿਆ।

ਰੋਜ਼ ਉਹ ਨੌਜਵਾਨ ਯਤਨ ਕਰਦਾ ਰਿਹਾ ਕਿ ਲਾਲ ਲੱਭ ਜਾਏ। ਇਕ ਦਿਨ ਉਸਨੇ ਕਹਿ ਦਿੱਤਾ ਸਾਧੂ ਕਰਾਮਾਤੀ ਹੈ, ਇਹ ਲਾਲ ਆਪਣੇ ਆਪ ਪ੍ਰਗਟ ਕਰਦਾ ਹੈ, ਆਪਣੇ ਆਪ ਅਲੋਪ ਕਰ ਦਿੰਦਾ ਹੈ। ਮੈਂ ਕੀ ਲੈਣਾ ਹੈ ਲਾਲ ਤੋਂ ਜੇ ਪ੍ਰਾਪਤੀ ਨਹੀਂ। ਕਿਉਂ ਜ਼ਿੰਦਗੀ ਮੈਂ ਇਸਦੇ ਸਾਮਹਣੇ ਸਮਰਪਿਤ ਕਰੀ ਬੈਠਾ ਹਾਂ। ਕਹਿਣ ਲੱਗਾ, ਤੁਸੀਂ ਮੈਨੂੰ ਛੁੱਟੀ ਬਖ਼ਸ਼ੋ। ਸਾਧੂ ਕਹਿੰਦਾ ਹੈ, ਤੂੰ ਤਾਂ ਧਰਮ ਕਮਾਉਣ ਆਇਆ ਸੀ? ਕਹਿੰਦਾ ਸੱਚ ਪੁੱਛੋ ਧਰਮ ਤਾਂ ਮੈਂ ਕੀ ਕਮਾਉਣਾ ਸੀ, ਮੈਂ ਤੇਰੇ ਕੀਮਤੀ ਲਾਲ ਨੂੰ ਚੁਰਾਉਣ ਆਇਆ ਸੀ। ਮੈਂ ਬੜੇ ਯਤਨ ਕੀਤੇ ਲਾਲ ਦੀ ਪ੍ਰਾਪਤੀ ਹੋਵੇ ਪਰ ਲੱਭਾ ਨਹੀਂ। ਸਾਧੂ ਨੇ ਕਿਹਾ ਤੂੰ ਲਾਲ ਲੱਭਦਾ ਕਿੱਥੇ ਪਿਆ ਸੀ? ਕਹਿੰਦਾ ਹੈ, ਜਦੋਂ ਵੀ ਤੁਸੀਂ ਝੌਂਪੜੀ ਤੋਂ ਨਿਕਲ ਕੇ ਦੂਰ ਜਾਣਾ ਤੇ ਮੈਂ ਤੁਹਾਡੇ ਕੱਪੜੇ ਫੋਲਦਾ ਸੀ, ਤੁਹਾਡੇ ਬਿਸਤਰੇ ਫੋਲਦਾ ਸੀ। ਸਾਧੂ ਖਿੜਖਿੜਾ ਕੇ ਹੱਸਿਆ। ਕਹਿਣ ਲੱਗਾ

ਸੱਚ ਜਾਣੀ, ਲੋਕ ਲਾਲ ਖੋਜਦੇ ਹਨ, ਕੋਲ ਹੁੰਦਿਆਂ ਵੀ ਲੱਭਦਾ ਨਹੀਂ। ਕਹਿਣ ਲੱਗਾ ਲਾਲ ਇਸੇ ਝੌਂਪੜੀ ਵਿਚ ਹੀ ਹੈ। ਸਾਧੂ ਨੂੰ ਉਹ ਨੌਜਵਾਨ ਪੁੱਛਦਾ ਹੈ ਕਿ ਕੀ ਕਿਸੇ ਥਾਂ 'ਤੇ ਨੱਪ ਕੇ ਜਾਂਦੇ ਸੀ? ਉਸ ਸਾਧੂ ਨੇ ਹੱਸ ਕੇ ਉੱਤਰ ਦਿੱਤਾ ਬੇਟਾ, ਅਸਲ ਵਿਚ ਮੈਂ ਜਦੋਂ ਜਾਂਦਾ ਸੀ ਲਾਲ ਤੇਰੇ ਬਿਸਤਰੇ ਦੇ ਸਿਰਹਾਣੇ ਰੱਖ ਜਾਂਦਾ ਸੀ। ਤੂੰ ਦੂਜੇ ਬਿਸਤਰੇ ਫੋਲਦਾ ਰਿਹਾ, ਆਪਣੇ ਬਿਸਤਰੇ ਨੂੰ ਤੂੰ ਫੋਲਿਆ ਹੀ ਨਹੀਂ।

ਮਨਮੁਖ ਬੰਦਾ ਆਪਣੇ ਮੂਲ ਤੋਂ ਭੁੱਲਿਆ ਹੈ। ਆਪਣੇ ਬਿਸਤਰੇ ਨਹੀਂ ਦੇਖਦਾ, ਦੂਜਿਆਂ ਦੇ ਸਿਰਹਾਣੇ ਫੋਲੀ ਜਾਏਗਾ। ਭਾਈ ਗੁਰਦਾਸ ਨੇ ਕਿਹਾ ਕਿ ਮੂਲ ਤੋਂ ਵਿਛੜਨ ਦੇ ਕੀ ਕਾਰਨ ਹਨ? ਬਾਂਦਰ ਦੇ ਗਲ ਵਿਚ ਰਤਨ ਹੈ ਪਰ ਮੂਲ ਨਹੀਂ ਜਾਣਦਾ, ਇਸ ਲਈ ਰਤਨ ਦੀ ਕੀਮਤ ਨਹੀਂ। ਹੁਣ ਮਨਮੁਖ ਦੀ ਅਗਲੀ ਬਿਰਤੀ ਕੀ ਹੈ? ਦੇਣ ਵਾਲਾ ਪ੍ਰਮਾਤਮਾ ਚੰਗਾ ਨਹੀਂ। ਜਿਹੜੀ ਚੀਜ਼ ਦਿੱਤੀ ਉਸਨੂੰ ਚੰਗਾ ਸਮਝ ਲੈਣਾ। ਇਹ ਗੁਰੂ ਅੰਗਦ ਸਾਹਿਬ ਕਹਿੰਦੇ ਹਨ ਸੰਖੇਪ ਅੱਖਰਾਂ ਵਿਚ ਕਿ ਦਾਤਾਰ ਨੂੰ ਤੁੱਛ ਸਮਝ ਲੈਣਾ ਤੇ ਦਾਤ ਨੂੰ ਪਹਾੜ ਸਮਝ ਲੈਣਾ, ਇਹੀ ਮਨਮੁਖ ਦੇ ਲੱਛਣ ਹਨ। ਮੇਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਇਕ ਤੁੱਕ ਹੈ-

ਕੀਤੇ ਕਉ ਮੇਰੈ ਸੰਮਾਨੈ

ਜਿਹੜੀ ਚੀਜ਼ ਪ੍ਰਮਾਤਮਾ ਨੇ ਬਣਾਈ, ਉਹ ਤਾਂ ਬਣ ਗਈ ਪਹਾੜ।

ਕਰਣਹਾਰੁ ਤ੍ਰਿਣੁ ਜਾਨੈ॥

(ਅੰਗ ੬੧੩)

ਜਿਸਨੇ ਬਣਾਈ ਉਹ ਬਣ ਗਿਆ ਤਿਨਕਾ। ਇਹ ਮਨਮੁਖ ਦੇ ਲੱਛਣ ਹਨ। ਪਿਛਲੇ ਦਿਨੀਂ ਇਕ ਅਰਜ਼ ਕੀਤੀ ਸੀ ਕਿ ਦੇਖੋ ਅਸੀਂ ਇਸ ਧਰਤੀ 'ਤੇ ਬੈਠੇ ਹਾਂ। ਗੁਰੂ ਗ੍ਰੰਥ ਸਾਹਿਬ ਨੇ ਧਰਤੀ ਨੂੰ ਨਰਕ ਨਹੀਂ ਮੰਨਿਆ। ਗੁਰੂ ਗ੍ਰੰਥ ਸਾਹਿਬ ਨੇ ਧਰਤੀ ਨੂੰ ਸੁੱਖਾਂ ਦਾ ਘਰ ਨਹੀਂ ਮੰਨਿਆ। ਧਰਤੀ ਲਈ ਜਦੋਂ ਵੀ ਸ਼ਬਦ ਵਰਤੇ ਹਨ, ਆਮ ਤੌਰ 'ਤੇ ਧਰਤੀ ਨੂੰ ਧਰਮਸ਼ਾਲਾ ਕਿਹਾ ਹੈ। ਅਸੀਂ ਰੋਜ਼ ਪੜ੍ਹਦੇ ਹਾਂ-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

(ਜਪੁ ਜੀ ਸਾਹਿਬ)

ਹੁਣ ਧਰਮਸਾਲ ਦੇ ਕੁਝ ਲੱਛਣ ਹਨ। ਪਹਿਲੀ ਗੱਲ ਕਿ ਧਰਮਸਾਲ ਦਾ ਅਰਥ ਹੈ ਜਿੱਥੇ ਕੇਵਲ ਧਰਮ ਦੀ ਗੱਲ ਕੀਤੀ ਜਾਏ, ਆਪਣੇ ਮਨੋਂ ਬਣਾਏ ਧਰਮ ਦੀ ਨਹੀਂ। ਧਰਮ ਕੇਵਲ ਸੰਸਾਰ ਵਿਚ ਇਕ ਹੈ, ਆਦਿ ਕਾਲ ਤੋਂ ਇਕ ਸੀ ਤੇ ਅਗਾਂਹ ਵੀ ਇਕ ਰਹੇਗਾ। ਉਹ

ਇਕ ਧਰਮ ਹੈ ਕਿ ਨਿਰਮਲ ਕਰਮ ਤੇ ਪ੍ਰਮਾਤਮਾ ਦੀ ਯਾਦ। ਕਦੀ ਕਿਸੇ ਬੰਦੇ ਨੂੰ ਗੁਰਦੁਆਰੇ ਜਾ ਕੇ ਇਹ ਫ਼ਿਕਰ ਨਹੀਂ ਹੁੰਦਾ ਕਿ ਸਾਨੂੰ ਰੋਟੀ ਕਿਥੋਂ ਮਿਲੇਗੀ? ਗੁਰਦੁਆਰੇ ਆ ਕੇ ਪਾਣੀ ਦਾ ਫ਼ਿਕਰ ਨਹੀਂ। ਗੁਰਦੁਆਰੇ ਆ ਕੇ ਲੰਗਰ ਦਾ ਫ਼ਿਕਰ ਨਹੀਂ। ਧਰਮਸ਼ਾਲਾ ਵਿਚ ਆ ਗਿਆ ਤੇ ਰਾਤ ਨੂੰ ਰਹਿਣ ਬਸੇਰੇ ਦਾ ਫ਼ਿਕਰ ਨਹੀਂ। ਗੁਰੂ ਦੇ ਘਰ ਕਦੀ ਘਾਟੇ ਨਹੀਂ ਹੁੰਦੇ। ਜੇ ਗੁਰੂ ਘਰ ਘਾਟੇ ਪੈਣ ਲੱਗ ਪੈਣ ਤਾਂ ਫਿਰ ਵਾਧੇ ਕਿੱਥੇ ਹੋਣੇ ਹਨ।

ਅਸੀਂ ਕਈ ਵਾਰ ਸੁਣਦੇ ਹਾਂ ਕਿ ਗ਼ਰੀਬ ਦੀ ਕੁਲੀ ਸਾੜੀ। ਇਤਿਹਾਸਕਾਰ ਸਾਰਿਆਂ ਨੇ ਉਸ ਦੀ ਝੁੱਗੀ ਦਾ ਜ਼ਿਕਰ ਕੀਤਾ ਹੈ। ਗ਼ਰੀਬ ਦੀ ਝੁੱਗੀ ਸਾੜੀ ਤੇ ਸਾੜੀ ਵੀ ਬਾਬੇ ਨਾਨਕ ਨੇ। ਪਿਆਰਿਉ ! ਰਾਤ ਰਹੇ ਸਨ। ਜੇ ਸਿੱਖ ਵੀ ਉਸ ਬਿਰਤੀ ਨੂੰ ਲੈ ਲਏ ਤਾਂ ਗੁਰੂ ਉਸ 'ਤੇ ਰਹਿਮਤ ਕਰ ਦੇਵੇ। ਸਾਰੇ ਪਿੰਡ ਵਿਚ ਕਿਤੇ ਹਜ਼ੂਰ ਰਾਤ ਨਹੀਂ ਟਿਕੇ। ਉਹ ਗ਼ਰੀਬ ਜਿਹਾ ਸੱਜਣ ਲੱਕੜਾਂ ਦਾ ਕੰਮ ਕਰਨ ਵਾਲਾ ਆਪਣੇ ਘਰ ਲੈ ਗਿਆ। ਇਕ ਦੋ ਉਸਦੇ ਘਰ ਮੰਜੇ। ਬਾਬੇ ਤੇ ਭਾਈ ਮਰਦਾਨੇ ਨੂੰ ਦਿੱਤੀ ਥਾਂ ਤੇ ਆਪ ਜ਼ਮੀਨ 'ਤੇ। ਸੱਚੇ ਪਾਤਿਸ਼ਾਹ ਨੇ ਉਥੇ ਕ੍ਰਿਪਾ ਭਰਿਆ ਬਚਨ ਕਿਹਾ ਸੀ। ਕਹਿਣ ਲੱਗੇ ਨਹੀਂ, ਰੱਬ ਨੇ ਤੈਨੂੰ ਦਿਲ ਬੜਾ ਖੁੱਲ੍ਹਾ ਦਿੱਤਾ ਹੈ। ਪ੍ਰਮਾਤਮਾ ਨੇ ਤੈਨੂੰ ਇੰਨਾ ਦਿਲ ਦਿੱਤਾ ਹੈ ਕਿ ਤੂੰ ਰਾਤ ਜ਼ਮੀਨ 'ਤੇ ਪੈ ਕੇ ਵੀ ਆਏ ਹੋਏ ਅਤਿਥੀ ਨੂੰ ਮੰਜੇ 'ਤੇ ਸੁਆਉਂਦਾ ਹੈਂ। ਮੈਨੂੰ ਪਤਾ ਹੈ ਰਾਤ ਤੇਰੇ ਬੱਚੇ ਭੁੱਖੇ ਰਹੇ ਤੇ ਤੂੰ ਸਾਨੂੰ ਭੋਜਨ ਛਕਾਇਆ ਹੈ। ਅਸੀਂ ਰਾਤ ਬਿਸਰਾਮ ਕਰਦੇ ਰਹੇ ਤੇ ਤੂੰ ਪਾਣੀ ਦੀਆਂ ਬੂੰਦਾਂ ਰੋਕ ਕੇ ਰੱਖੀਆਂ ਹਨ। ਰੱਬ ਨੇ ਤੈਨੂੰ ਦਿਲ ਖੁੱਲ੍ਹਾ ਦਿੱਤਾ ਹੈ, ਤੇਰਾ ਹੱਥ ਤੰਗ ਹੈ। ਅਸੀਂ ਭਾਂਡੇ ਤੋੜ ਕੇ, ਝੌਂਪੜੀ ਸਾੜ ਕੇ ਤੇਰੀ ਗ਼ਰੀਬੀ ਤੇ ਦਲਿੱਦਰਤਾ ਸਾੜ ਦਿੱਤੀ ਹੈ। ਤੇਰੇ ਦਿਲ ਖੁੱਲ੍ਹੇ ਦੇ ਨਾਲ ਤੇਰਾ ਹੱਥ ਵੀ ਖੁੱਲ੍ਹਾ ਕਰ ਚੱਲੇ ਹਾਂ।

ਤੁਸੀਂ ਦੇਖੋਗੇ ਕਿ ਕਈ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਅਰਬਾਂ ਦਿੱਤੇ ਹਨ ਪਰ ਪੌਲਿਉਂ ਇਕ ਦੁੱਕੀ ਖ਼ਰਚ ਕੇ ਰਾਜ਼ੀ ਨਹੀਂ। ਸੱਚ ਜਾਣਿਉ, ਹੱਥ ਬੜੇ ਖੁੱਲ੍ਹੇ ਹਨ ਤੇ ਦਿਲ ਇੰਨੇ ਨਿੱਕੇ ਹਨ ਕਿ ਲਏ ਰੱਬ ਦਾ ਨਾਮ। ਜੇ ਮੱਥਾ ਟੇਕਣ ਗਏ ਤਾਂ ਗਲਿਆ ਰੁਪਈਆ ਜਿਹੜਾ ਨੌਕਰ ਵੀ ਨਹੀਂ ਲੈਂਦਾ, ਕਹਿਣਗੇ ਚਲੋ ਬਾਬੇ ਦੀ ਗੋਲਕ ਵਿਚ ਮੱਥਾ ਟੇਕ ਦੇਵਾਂਗੇ। ਮੈਂ ਸਿਰਫ਼ ਇਹ ਬੇਨਤੀ ਕਰ ਰਿਹਾ ਹਾਂ ਕਿ ਸਾਡੀ ਬਿਰਤੀ ਕਿੱਥੇ ਖਲੋਤੀ ਹੈ। ਪਿਆਰਿਉ ! ਇਕ ਗੱਲ ਯਾਦ ਰੱਖੀਏ ਕਿ ਦੇਣ ਵਾਲਾ ਦਾਤਾਰ ਜਦੋਂ ਦਾਤਾਂ ਦਿੰਦਾ ਹੈ ਤਾਂ ਉਹ ਰਹਿਮਤਾਂ ਦੇ ਭੰਡਾਰੇ ਭਰ ਦਿੰਦਾ ਹੈ। ਜਿਹੜਾ ਬੰਦਾ ਧਰਮ ਦੀ ਕਿਰਤ ਕਰਦਾ ਹੈ ਤੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਦਸਵੰਧ ਕੱਢਦਾ ਹੈ ਤਾਂ ਪਿਆਰਿਉ ! ਗੁਰੂ ਹਰ ਥਾਂ 'ਤੇ ਉਸਦੀ ਮਦਦ ਕਰਦੇ ਹਨ। ਪਰ ਮਨ ਨੂੰ ਥੋੜ੍ਹਾ ਜਿਹਾ ਧੀਰਜਵਾਨ ਬਣਾਈਏ, ਕਿਉਂਕਿ ਮਨ ਬੜਾ ਡੋਲਦਾ ਹੈ। ਬੰਦਿਆ ! ਜੇ ਤੂੰ ਗੁਰੂ ਪ੍ਰਮਾਤਮਾ ਦੇ ਨਮਿੱਤ ਦਸਵੰਧ ਕੱਢੇਂਗਾ ਤਾਂ ਸੱਚ ਜਾਣੀ, ਗੁਰੂ ਇਹ ਨਹੀਂ ਕਿ ਗੁਰੂ ਪੈਸਿਆਂ ਦਾ ਮੁਥਾਜ ਹੈ, ਇਹ ਤਾਂ ਸਾਨੂੰ ਸਿਰਫ਼ ਜੀਵਨ ਕਮਾਉਣ ਦੀ ਜੁਗਤ ਦੱਸੀ ਹੈ। ਤੇਰਾ ਸੰਸਾਰ ਵੀ ਸਫਲ ਹੋ ਜਾਏ, ਤੂੰ ਨਿਰੰਕਾਰ ਦੇ ਘਰ ਵਿਚ ਵੀ ਸਫਲਤਾ ਦੇ ਨਾਲ ਜਾਏਂ।

ਮੈਂ ਬੇਨਤੀ ਜਿਹੜੀ ਕਰਨ ਲੱਗਾ ਹਾਂ ਕਿ ਪ੍ਰਮਾਤਮਾ ਨੇ ਤੈਨੂੰ ਇੰਨੀਆਂ ਦਾਤਾਂ ਦਿੱਤੀਆਂ ਹਨ, ਕੀ ਇਸ ਲਈ ਦਿੱਤੀਆਂ ਹਨ ਕਿ ਤੂੰ ਦਾਤਾਰ ਨੂੰ ਭੁੱਲ ਜਾਏਂ। ਮੂਲ ਨੂੰ ਨਾ ਭੁੱਲ। ਧਰਮਸ਼ਾਲਾ ਬਣਾਈ ਧਰਤੀ। ਧਰਮਸ਼ਾਲਾ ਵਿਚ ਕੋਈ ਆਉਂਦਾ ਹੈ ਜਿੱਥੇ ਸੱਚ-ਮੁੱਚ ਧਰਮ ਦਾ ਕਾਨੂੰਨ ਲਾਗੂ ਹੈ। ਧਰਮਸ਼ਾਲਾ ਵਿਚ ਆਏ ਹੋਏ ਨੂੰ ਕਿਸੇ ਚੀਜ਼ ਦਾ ਫ਼ਿਕਰ ਨਹੀਂ। ਧਰਮਸ਼ਾਲਾ ਵਿਚ ਆਏ ਹੋਏ ਨੂੰ ਕੇਵਲ ਸਹੂਲਤ ਇਸ ਕਰਕੇ ਦਿੱਤੀ ਗਈ ਕਿ ਭਾਈ, ਤੂੰ ਭਾਗਾਂ ਵਾਲਾ ਹੈਂ ਦੂਜਿਆਂ ਨਾਲੋਂ। ਲੋਕ ਤਾਂ ਬਹੁਤ ਰਹਿੰਦੇ ਹਨ, ਪਰ ਤੂੰ ਧਰਮ ਕਮਾਉਣ ਵਾਸਤੇ ਧਰਮਸ਼ਾਲਾ ਵਿਚ ਆਇਆ ਹੈਂ। ਜੇ ਹੁਣ ਬੰਦਾ ਧਰਮਸ਼ਾਲਾ ਵਿਚ ਆਏ ਵੀ, ਲੰਗਰ ਪਾਣੀ ਛੱਕਿਆ, ਚਾਹ ਪੀਤੀ ਤੇ ਇਕ ਮਿੰਟ ਵੀ ਗੁਰੂ ਦੀ ਗੋਦ ਵਿਚ ਸ਼ੁਕਰ ਨਹੀਂ ਕੀਤਾ ਤਾਂ ਇਸਦਾ ਮਤਲਬ ਧਰਮਸ਼ਾਲਾ ਵਿਚ ਆਇਆ ਪਰ ਧਰਮ ਨਹੀਂ ਕਮਾਇਆ, ਕੇਵਲ ਉਸ ਦੀਆਂ ਦਿੱਤੀਆਂ ਹੋਈਆਂ ਸਹੂਲਤਾਂ ਨੂੰ ਭੋਗ ਕੇ ਘਰ ਚਲਾ ਗਿਆ। ਜੇ ਕਿਤੇ ਪਾਣੀ ਮੁੱਲ ਵਿੱਕਦਾ ਹੋਵੇ ਫਿਰ ਪਤਾ ਲੱਗੇ। ਉਸਨੇ ਕਿਹਾ ਤੂੰ ਧਰਮਸ਼ਾਲਾ ਵਿਚ ਆਇਆ, ਤੈਨੂੰ ਪਾਣੀ ਫਰੀ। ਤੂੰ ਧਰਤੀ ਧਰਮਸ਼ਾਲਾ ਵਿਚ ਆਇਆ ਤੈਨੂੰ ਸੁਆਸ ਫਰੀ। ਤੂੰ ਧਰਤੀ ਧਰਮਸ਼ਾਲਾ ਵਿਚ ਆਇਆ ਤੈਨੂੰ ਸੂਰਜ ਦੀ ਰੌਸ਼ਨੀ ਫਰੀ, ਖਾਣ ਵਾਸਤੇ ਕੀਮਤੀ ਰੱਸ ਵਾਲੇ ਫੱਲ ਫਰੀ, ਤੇਰੇ ਖ਼ੂਨ ਦਾ ਦੌਰਾ ਫਰੀ, ਤੇਰੇ ਦਿਲ ਦੀ ਧੜਕਣ ਮੈਂ ਆਪ ਚਲਾਵਾਂਗਾ। ਇੰਨੀਆਂ ਸਹੂਲਤਾਂ ਦੇ ਕੇ ਮੈਂ ਤੇਰੇ ਕੋਲੋਂ ਇਕ ਆਸ ਰੱਖਦਾ ਹਾਂ ਕਿ ਇਸ ਧਰਮਸ਼ਾਲਾ ਵਿਚ ਬੈਠ ਕੇ ਧਰਮ ਨੂੰ ਕਮਾਈਂ। ਗੁਰੂ ਨਾਨਕ ਸਾਹਿਬ ਨੇ ਕਿਹਾ ਧਰਤੀ ਧਰਮਸ਼ਾਲਾ ਤੇ ਕਬੀਰ ਸਾਹਿਬ ਨੇ ਸੰਸਾਰ ਨੂੰ ਦੇਖਕੇ ਕਿਹਾ ਬਾਬਾ ਹੈ ਤਾਂ ਧਰਮਸ਼ਾਲਾ ਸੀ ਪਰ ਡਾਕੂ ਕਬਜ਼ਾ ਕਰ ਗਏ। ਸਤਿਗੁਰ ਨੇ ਬਾਣੀ ਵਿਚ ਕਿਹਾ ਹੈ-

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥
ਮਨਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥

(ਅੰਗ ੧੪੨੧)

ਮਨਮੁਖ ਬੰਦਾ ਪਾਲੇ ਬਦਲੇਗਾ। ਉਹ ਅੱਜ ਇੱਥੇ, ਕੱਲ ਉਥੇ, ਪਰਸੋਂ ਕਿਤੇ ਹੋਰ। ਮਾਨ ਸਰੋਵਰ 'ਤੇ ਕੇਵਲ ਹੰਸ ਹੈ, ਬਗਲਾ ਥਾਂ-ਥਾਂ ਛੱਪੜ-ਛੱਪੜ ਢੂੰਡਦਾ ਹੈ। ਕੋਇਲ ਜਦੋਂ ਵੀ ਬੋਲੇਗੀ ਅੰਬਾਂ ਦੇ ਬਾਗ਼ਾਂ ਵਿਚ ਬੋਲੇਗੀ ਤੇ ਕਾਂ ਨੂੰ ਜਦੋਂ ਤੁਸੀਂ ਦੇਖੋਗੇ ਸੁੱਕੇ ਰੁੱਖਾਂ ਉੱਤੇ ਬੈਠਾ ਅੱਜ ਇਥੇ, ਕੱਲ ਉਥੇ।

ਸਿਆਣੇ ਲੋਕ ਇਹ ਗੱਲ ਕਹਿੰਦੇ ਹਨ ਕਿ ਗੁਰਮੁਖ ਹੰਸ ਦੀ ਤਰ੍ਹਾਂ ਹੈ। ਗੁਰਮੁਖ ਮਾਨ-ਸਰੋਵਰ ਕੋਲ ਬੈਠਾ ਹੈ, ਉਸਨੂੰ ਛੱਪੜ ਫਿਰਨ ਦੀ ਲੋੜ ਨਹੀਂ। ਗੁਰਮੁਖ ਉਸ ਕੋਇਲ ਦੀ ਤਰ੍ਹਾਂ ਹੈ। ਗੁਰਮੁਖ ਬਾਗ਼ ਕੋਲ ਬੈਠਾ ਹੈ ਪਰ ਮਨਮੁਖ ਕਾਂ ਦੀ ਤਰ੍ਹਾਂ ਥਾਵਾਂ ਬਦਲਦਾ ਰਹਿੰਦਾ ਹੈ। ਗੁਰਮੁਖ ਇਕ ਰੁੱਖ ਦੀ ਤਰ੍ਹਾਂ ਹੈ ਜਿੱਥੇ ਲੱਗ ਗਿਆ, ਸਰਦੀ ਗਰਮੀ ਸਭ ਕੁਝ ਹੰਢਾ

ਗਿਆ। ਚੇਤੇ ਰੱਖਿਉ, ਜਿਹੜੇ ਇਕ ਥਾਂ ਰੁੱਖ ਲੱਗੇ ਹੋਣ, ਫਲ ਵੀ ਉਹਨਾਂ ਨੂੰ ਪੈਂਦੇ ਹਨ। ਜਿਨ੍ਹਾਂ ਰੁੱਖਾਂ ਦੀਆਂ ਥਾਵਾਂ ਬਦਲਦੇ ਰਹੀਏ ਉਹ ਕਦੀ ਫਲ ਤੇ ਛਾਂ ਦੇਣ ਜੋਗੇ ਰਹਿੰਦੇ ਨਹੀਂ। ਭਾਈ ਗੁਰਦਾਸ ਜੀ ਨੇ ਕਿਹਾ ਹੈ--

ਹੰਸੁ ਨਾ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।

(ਵਾਰ ੫, ਪਉੜੀ ੧੯)

ਮੇਰੇ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਪਿਆਰਿਆ ! ਜਦੋਂ ਰੋਟੀ ਖਾਣ ਲੱਗੇਂ-

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥

ਖਾ ਤੂੰ ਕੀਮਤੀ ਤੋਂ ਕੀਮਤੀ ਭੋਜਨ ਪਰ ਚੇਤੇ ਰੱਖੀਂ

ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥

ਸੁਗੰਧੀ ਲਾਉਣ ਲੱਗਿਆਂ ਚੇਤੇ ਰੱਖੀਂ ਰੱਬ ਨਾ ਭੁੱਲ ਜਾਏ।

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥

ਕਰੋੜਾਂ ਰੁਪਈਆਂ ਦੀ ਕੋਠੀ ਵਿਚ ਰਹਿ ਪਰ ਚੇਤੇ ਰੱਖੀਂ

ਤਿਸਹਿ ਧਿਆਇ ਸਦਾ ਮਨ ਅੰਦਰਿ॥

(ਅੰਗ ੨੬੯)

ਪਰ ਜੇ ਹੁਣ ਦਾਤ ਤਾਂ ਲੈ ਲਈ ਤੇ ਦਾਤਾਰ ਭੁੱਲ ਗਿਆ, ਉਸਨੂੰ ਸਾਹਿਬ ਨੇ ਬਾਣੀ ਵਿਚ ਕਿਹਾ ਹੈ ਕਿ ਜਦੋਂ ਉਸ ਮਨਮੁਖ ਜੀਵ-ਇਸਤਰੀ ਦੀ ਮੌਤ ਹੁੰਦੀ ਹੈ ਤਾਂ ਉਹ ਤਰਲੇ ਲੈ ਕੇ ਕਹਿੰਦੀ ਹੈ ਕਿ ਦੇਖੋ ਦੁਨੀਆਂ ਦੇ ਲੋਕੋ !

ਸੁਇਨਾ ਰੁਪ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥

ਸੋਨੇ ਨਾਲ ਲੱਦਿਆ ਸਰੀਰ ਸੀ, ਮੌਤ ਹੋਈ ਤਾਂ ਮਨਮੁਖ ਕਹਿ ਰਿਹਾ ਸੀ ਕਿ ਦੁਨੀਆਂ ਦੇ ਲੋਕੋ ! ਮੇਰੇ ਕੋਲ ਸੋਨਾ ਚਾਂਦੀ ਅੱਜ ਪੱਥਰ ਬਣ ਗਏ ਜੇ। ਕਿਉਂ?

ਸੇ ਵਸਤੂ ਸਹਿ ਦਿਤੀਆ

ਮੈਨੂੰ ਪਤੀ ਨੇ ਦਿੱਤੀਆਂ ਸ਼ਿੰਗਾਰ ਕਰਨ ਲਈ।

ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥

ਤੂੰ ਮੈਨੂੰ ਮਹਿਲ ਦਿੱਤੇ, ਕੱਪੜੇ ਦਿੱਤੇ, ਗਹਿਣੇ ਦਿੱਤੇ।

ਹਉ ਏਨੀ ਟੋਲੀ ਭੁਲੀਅਸੁ

ਮੈਂ ਇਹਨਾਂ ਗਹਿਣਿਆਂ ਕੋਠੀਆਂ ਵਿਚ ਖਚਤ ਹੋ ਗਈ।

ਤਿਸੁ ਕੰਤ ਨ ਬੈਠੀ ਪਾਸਿ ਜੀਉ॥

(ਅੰਗ ੭੬੨)

ਪ੍ਰਮਾਤਮਾ ਕੋਲ ਮੈਂ ਇਕ ਘੜੀ ਨਹੀਂ ਬੈਠੀ। ਪਰ ਜਿਨ੍ਹਾਂ ਗੁਰਮੁਖਾਂ ਨੇ ਦਾਤਾਂ ਲਈਆਂ ਉਹ ਕਦੀ ਦਾਤ ਲੈ ਕੇ ਵੀ ਆਪਣਾ ਪ੍ਰਗਟਾਵਾ ਨਹੀਂ ਕਰਦੇ ਕਿ ਮੈਂ ਸਭ ਕੁਝ ਬਣਾਉਣ ਵਾਲਾ ਹਾਂ। ਪਿਆਰਿਉ ! ਸੱਚ ਹੈ। ਇਕ ਪਹਾੜ ਤੋਂ ਆਬਸ਼ਾਰ ਡਿੱਗਦੀ ਸੀ। ਇਉਂ ਅਰਥ ਕਰ ਲਈਏ ਪਾਣੀ ਦਾ ਝਰਨਾ। ਚਸ਼ਮੇ ਦਾ ਪਾਣੀ ਨਹੀਂ। ਚਸ਼ਮੇ ਦਾ ਪਾਣੀ ਜ਼ਮੀਨ ਵਿਚੋਂ ਫੁੱਟਦਾ ਹੈ, ਝਰਨੇ ਦਾ ਪਾਣੀ ਉਪਰ ਇਕੱਠਾ ਹੋਇਆ ਪਾਣੀ ਧਰਤੀ 'ਤੇ ਡਿੱਗਦਾ ਹੈ। ਹੁਣ ਕਈ ਝਰਨੇ ਅਜਿਹੇ ਹਨ ਜਿਹੜੇ ਸਾਰਾ ਸਾਲ ਚੱਲਦੇ ਰਹਿੰਦੇ ਹਨ। ਭਾਈ ਵੀਰ ਸਿੰਘ ਕਹਿੰਦੇ ਹਨ ਇਕ ਪਾਣੀ ਦਾ ਝਰਨਾ ਸੀ। ਸਵੇਰੇ ਸ਼ਾਮ ਦੁਪਹਿਰ ਪਾਣੀ ਦਾ ਨਿਰਮਲ ਝਰਨਾ ਜਿਵੇਂ ਚਾਂਦੀ ਡਿੱਗਦੀ ਹੈ, ਕਿਤੇ ਇਸ ਤਰ੍ਹਾਂ ਧਰਤੀ 'ਤੇ ਪਾਣੀ ਡਿੱਗੇ। ਕਹਿੰਦੇ ਅਸੀਂ ਕੋਲ ਖਲੋ ਕੇ ਕਿਹਾ, ਆਬਸ਼ਾਰ ! ਤੂੰ ਕਿੰਨੀ ਸੁੱਖਾਂ ਦੀ ਦਾਤੀ ਹੈਂ। ਦੇਖ ਤੂੰ ਕਿੰਨਾ ਨਿਰਮਲ ਪਾਣੀ ਸੰਸਾਰ ਨੂੰ ਦਿੰਦੀ ਹੈਂ। ਅੱਗੋਂ ਆਬਸ਼ਾਰ ਨੇ ਇਕ ਬਹੁਤ ਸੋਹਣਾ ਉੱਤਰ ਦਿੱਤਾ-

ਆਬਸ਼ਾਰ ਆਖੇ ਸੁਣ ਭੋਲੇ ਮੈ ਤਾਂ ਵਸਤ ਨਾ ਕਾਈ।

ਝਰਨਾ ਕਹਿ ਰਿਹਾ ਹੈ ਮੈਂ ਕੁਝ ਵੀ ਨਹੀਂ, ਮੇਰੇ ਵਰਗੇ ਹੋਰ ਵੀ ਪਹਾੜ ਖਲੋਤੇ ਹਨ, ਉਹਨਾਂ ਦੇ ਝਰਨੇ ਜੀਉਣ।

ਆਬਸ਼ਰ ਆਖੇ ਸੁਣ ਭੋਲੇ ਮੈਂ ਤਾਂ ਵਸਤ ਨਾ ਕਾਈ।
ਅਰਸ਼ੋਂ ਲੈਣਾ ਤੇ ਫਰਸ਼ੀਂ ਦੇਣਾ।

ਬਰਫ਼ ਪੈਂਦੀ ਹੈ ਅਰਸ਼ਾਂ ਤੋਂ ਤੇ ਪਾਣੀ ਇਕੱਠਾ ਹੁੰਦਾ ਹੈ। ਅਰਸ਼ਾਂ ਦਾ ਡਿੱਗਿਆ ਹੋਇਆ ਪਾਣੀ ਮੈਂ ਧਰਤੀ 'ਤੇ ਸੁੱਟਦੀ ਹਾਂ, ਮੇਰਾ ਕੁਝ ਵੀ ਨਹੀਂ। ਉਸਦਾ ਸ਼ੁਕਰ ਕਰ ਜਿਹੜਾ ਅਰਸ਼ਾਂ ਤੋਂ ਪਾਣੀ ਸੁੱਟ ਰਿਹਾ ਹੈ।

ਅਰਸ਼ੀਂ ਲੈਣਾ ਤੇ ਫਰਸ਼ੀਂ ਦੇਣਾ ਇਹ ਰੀਤ ਅਸਾਡੀ ਆਹੀ।

ਗੁਰਮੁਖ ਦਾਤ ਲੈ ਕੇ ਦਾਤਾਰ ਵੱਲ ਚੱਲਦਾ ਹੈ ਅਤੇ ਮਨਮੁਖ ਦਾਤ ਲੈ ਕੇ ਪਿੱਠ ਕਰ ਲੈਂਦਾ ਹੈ। ਸਾਹਿਬ ਨੇ ਕਿਹਾ -

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥

(ਅੰਗ ੧੩੮)

ਕੀਤੇ ਕਉ ਮੇਰੈ ਸੰਮਾਨੈ ਕਰਣਹਾਰ ਤ੍ਰਿਣੁ ਜਾਨੈ॥

ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥

(ਅੰਗ ੬੧੩)

ਮਨਮੁਖ ਮੂਲਹੁ ਭੁਲਿਆ ਵਿਚਿ ਲਭ ਲੋਭ ਅਹੰਕਾਰ॥

ਗੁਰੂ ਸਾਹਿਬ ਨੇ ਕਿਹਾ-

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥

(ਅੰਗ ੩੧੬)

ਦਿਨ ਰਾਤ ਝਗੜੀਂ ਜਾਏਗਾ। ਲੋਕਾਂ ਨਾਲ ਵੀ ਝਗੜਦਾ ਹੈ ਤੇ ਰੱਬ ਨਾਲ ਵੀ ਝਗੜਦਾ ਹੈ। ਮਨਮੁਖ ਦੀ ਬਿਰਤੀ ਹੈ ਕੇਵਲ ਝਗੜਨਾ ਤੇ ਗੁਰਮੁਖ ਦੀ ਬਿਰਤੀ ਹੈ ਕੇਵਲ ਝੁਕ ਜਾਣਾ। ਮਨਮੁਖ ਦੀ ਬਿਰਤੀ ਹੈ ਕਰੇ ਕੋਈ ਤੇ ਨਾਮ ਮੇਰਾ ਹੋਵੇ। ਗੁਰਮੁਖ ਦੀ ਬਿਰਤੀ ਹੈ ਕਿ ਕੰਮ ਹੋਣਾ ਚਾਹੀਦਾ ਹੈ, ਨਾਮ ਮੇਰਾ ਹੋਵੇ ਜਾਂ ਨਾ ਹੋਵੇ। ਮੇਰਾ ਸੱਚਾ ਪਾਤਿਸ਼ਾਹ ਮੇਹਰ ਕਰੇ ਕਿ ਮੂਲ ਨੂੰ ਭੁੱਲੀਏ ਨਾ, ਸਾਨੂੰ ਗੁਰਮੁਖ ਬਣਾਵੇ। ਹੇ ਦਾਤਾ ! ਗੁਰਮੁਖ ਅਸੀਂ ਬਣ ਨਹੀਂ ਸਕਦੇ, ਤੁਸੀਂ ਮੇਹਰ ਕਰੋ। ਜਦੋਂ ਮਨਮੁਖ ਸੰਸਾਰ ਨੂੰ ਛੱਡਦਾ ਹੈ ਤਾਂ ਲੋਕ ਕਹਿੰਦੇ ਹਨ ਇਸਨੂੰ ਰੋਵੋ। ਗੁਰੂ ਗ੍ਰੰਥ ਸਾਹਿਬ ਇਹ ਨਹੀਂ ਕਹਿੰਦੇ ਕਿ ਤੁਸੀਂ ਗੁਰਮੁਖ ਨੂੰ ਰੋਵੋ। ਮੈਨੂੰ ਪਿਛਲੇ ਦਿਨੀਂ ਇਕ ਸੱਜਣ ਨੇ ਗੱਲ ਦੱਸੀ ਸੀ। ਉਹ ਕਹਿੰਦਾ ਹੈ, ਜਦੋਂ ਕੋਈ ਹੀਜੜਾ ਮਰਦਾ ਹੈ, ਉਸਦੀ ਮੌਤ ਹੁੰਦੀ ਹੈ। ਆਪ ਸਮਝਦੇ ਹੋ, ਜਿਸਨੂੰ ਰੱਬ ਨੇ ਨਾ ਇਸਤਰੀ ਦਾ ਜਾਮਾ ਦਿੱਤਾ ਨਾ ਮਰਦ ਦਾ ਦਿੱਤਾ। ਪੁਰਾਣੇ ਸਮੇਂ ਉਸਨੂੰ ਰਾਤ ਨੂੰ ਖਿੱਚ ਕੇ ਲਿਜਾਂਦੇ ਸਨ। ਇਸਨੂੰ ਕੋਈ ਦੇਖ ਨਾ ਲਏ ਤੇ ਕੁੱਟਦੇ ਮਾਰਦੇ ਜਾਂਦੇ ਸਨ ਕਿ ਪਰਤ ਕੇ ਆਵੀਂ ਨਾ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਮਨਮੁਖ ਮਰਿਆ ਤਾਂ ਰੋਵੋ। ਕਿਉਂ ? ਇੰਨਾ ਕੀਮਤੀ ਸਮਾਂ ਮਿਲਿਆ ਸੀ, ਕੋਲਿਆਂ ਵਿਚ ਸਾੜ ਕੇ ਚਲਾ ਗਿਆ। ਗੁਰਮੁਖ ਨੂੰ ਤਾਂ ਨਹੀਂ ਰੋਣਾ, ਕਿਉਂਕਿ –

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ॥

(ਵਾਰ ੧੯, ਪਉੜੀ ੧੪)

ਆਉ ਭਾਈ, ਅਸੀਂ ਵੀ ਗੁਰਮੁਖਾਂ ਵਾਲੇ ਗੁਣ ਧਾਰਨ ਕਰੀਏ। ਮਨਮੁਖਾਂ ਵਾਲੇ ਛੱਡ ਦੇਈਏ। ਗੁਰਮੁਖ ਉਹ ਹੈ ਜਿਹੜਾ ਗੁਰੂ ਦੇ ਸਾਹਮਣੇ ਹੋ ਕੇ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ। ਧਰਤੀ ਧਰਮਸ਼ਾਲਾ ਹੈ, ਮਿਲੀਆਂ ਸਹੂਲਤਾਂ ਨਾਲ ਸਾਂਈਂ ਦੇ ਚਰਨਾਂ ਨਾਲ ਜੁੜੀਏ। ਇੰਨੀਆਂ ਬੇਨਤੀਆਂ ਸਵੀਕਾਰ ਕਰਨੀਆਂ। ਭੁਲਾਂ ਚੁਕਾਂ ਲਈ ਖਿਮਾਂ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਬਿਨੁ ਸਬਦੈ ਮੁਕਤਿ ਨ ਹੋਈ

ਸਲੋਕ ਮਹਲਾ ੩ ॥

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ॥
ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ॥
ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ॥ ੩੨ ॥

(ਅੰਗ ੧੪੨੬)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਧੰਨ ਗੁਰੂ ਅਮਰਦਾਸ ਜੀ ਦਾ ਸਲੋਕ ਆਪ ਜੀ ਨੇ ਸਰਵਨ ਕੀਤਾ ਹੈ। ਇਸ ਸਲੋਕ ਦਾ ਸੰਖੇਪ ਜਿਹਾ ਭਾਵ ਇਸ ਪ੍ਰਕਾਰ ਹੈ ਕਿ ਜਿਹੜੇ ਗੁਰੂ ਸਵਾਰੇ ਆਪਣੇ ਆਪ ਨੂੰ ਜੀਊਂਦੇ ਜੀਅ ਸ਼ਬਦ ਵਿਚ ਮਾਰ ਲੈਂਦੇ ਹਨ, ਉਹੀ ਅਸਲ ਵਿਚ ਆਪਣੀ ਜ਼ਿੰਦਗੀ ਨੂੰ ਸਫਲ ਕਰਕੇ ਜਾਂਦੇ ਹਨ। ਸ਼ਬਦ ਤੋਂ ਬਿਨਾਂ ਕਿਸੇ ਨੂੰ ਮੁਕਤੀ ਨਹੀਂ ਮਿਲੀ। ਜੇ ਕੋਈ ਸ਼ਬਦ ਦੀ ਟੇਕ ਰੱਖ ਕੇ ਹੋਰ ਤਰ੍ਹਾਂ ਦੇ ਕਰਮ ਕਾਂਡ ਕਰੇ, ਦਿਖਾਵੇ ਵਾਲੇ ਕਰਮ ਕਾਂਡ ਕਰੇ, ਉਹ ਅਸਲ ਵਿਚ ਖ਼ੁਆਰ ਹੁੰਦਾ ਹੈ ਤੇ ਗੁਰੂ ਨੂੰ ਛੱਡ ਕੇ ਜਿੰਨੇ ਮਰਜ਼ੀ ਹੋਰ ਕੋਈ ਕਰਮ ਕਰੇ, ਸਤਿਗੁਰੂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ। ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਅੱਜ ਦੇ ਇਸ ਬਚਨ ਨੂੰ ਪ੍ਰਾਰੰਭ ਕਰਦਿਆਂ ਹੋਇਆਂ ਮਨੁੱਖ ਦੀ ਜ਼ਿੰਦਗੀ ਦੀ ਸਫਲਤਾ ਦੇ ਰਹੱਸ ਨੂੰ, ਹਕੀਕਤ ਨੂੰ ਬਿਆਨ ਕੀਤਾ ਹੈ।

ਇਸ ਸੰਸਾਰ ਵਿਚ ਆਉਂਦੇ ਸਾਰੇ ਹਨ। ਜ਼ਰੂਰੀ ਨਹੀਂ ਕਿ ਜਿਹੜਾ ਬੰਦਾ ਇਸ ਜਗਤ ਵਿਚ ਜਨਮ ਲੈ ਕੇ ਆਇਆ ਹੈ ਉਹ ਮਰਨ ਲੱਗਿਆਂ ਇਸ ਸੰਸਾਰ ਤੋਂ ਸਫਲ ਵੀ ਹੋ ਕੇ ਜਾਏ। ਸੰਸਾਰ 'ਤੇ ਆਏ ਸਾਰੇ ਹਨ ਪਰ ਜਾਣ ਲੱਗਿਆਂ ਸਫਲਤਾ ਕਿਸੇ ਵਿਰਲੇ ਵਿਰਲੇ ਦੇ ਪੱਲੇ ਪੈਂਦੀ ਹੈ। ਹਜ਼ੂਰ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾਲਤਾ ਕੀਤੀ ਹੈ ਕਿ ਸਫਲ ਉਹ ਹੋ ਕੇ ਜਾਂਦੇ ਹਨ ਜਿਹੜੇ ਜਗਿਆਸੂ ਜੀਉਂਦੇ ਜੀਅ ਆਪਣੇ ਆਪ ਨੂੰ ਸ਼ਬਦ ਵਿਚ ਮਾਰ ਦਿੰਦੇ ਹਨ। ਹੁਣ ਜੀਉਂਦੇ ਜੀਅ ਸ਼ਬਦ ਵਿਚ ਮਰਨਾ ਕੀ ਹੈ? ਹਾਲਾਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਇਸ ਸਰੀਰਕ ਤੌਰ 'ਤੇ ਜੋ ਮੌਤ ਹੈ ਉਸਨੂੰ ਪ੍ਰਵਾਨ ਕੀਤਾ ਹੈ। ਅਸੀਂ ਰੋਜ਼ ਇਹ ਪੜ੍ਹਦੇ ਹਾਂ-

ਜੋ ਜਨਮੈ ਸੋ ਜਾਨਹੁ ਮੂਆ॥ (ਅੰਗ ੩੭੫)

ਜਿਸ ਬੰਦੇ ਦਾ ਜਨਮ ਹੋਇਆ, ਉਸਨੇ ਮਰਨਾ ਜ਼ਰੂਰ ਹੈ। ਸਤਿਗੁਰੂ ਨੇ ਬਾਣੀ ਵਿਚ ਫੁਰਮਾਇਆ ਹੈ-

ਜੋ ਉਪਜਿਓ ਸੋ ਬਿਨਸਿ ਹੈ

(ਅੰਗ ੧੪੨੯)

ਜਿਸਦੀ ਪੈਦਾਇਸ ਹੋਈ, ਉਸਨੇ ਇਕ ਦਿਨ ਖ਼ਤਮ ਜ਼ਰੂਰ ਹੋਣਾ ਹੈ। ਪਰ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜਿਹੜੇ ਸ਼ਬਦ ਵਿਚ ਮਰ ਗਏ, ਉਹ ਜ਼ਿੰਦਗੀ ਵਿਚ ਸਫਲ ਹੋਏ।

ਜੀਉਂਦੇ ਜੀਅ ਮਰਨਾ ਕੀ ਹੈ? ਜਦੋਂ ਮਰਨ ਦੀ ਵਿਆਖਿਆ ਕਰਾਂਗੇ ਤਾਂ ਸ਼ਬਦ ਵਿਚ ਮਰਨਾ ਸਰੀਰਕ ਤੌਰ 'ਤੇ ਮਰਨ ਦੀ ਬਿਲਕੁਲ ਨੇੜੇ ਤੇੜੇ ਦੀ ਵਿਆਖਿਆ ਕਰੇਗਾ। ਜਦੋਂ ਕੋਈ ਮਰਦਾ ਹੈ ਤੇ ਉਸਦਾ ਸਰੀਰ ਘਰ ਵਿਚ ਪਿਆ ਹੈ, ਪਰ ਉਸ ਬੰਦੇ ਦੇ ਸਰੀਰ ਉੱਤੇ ਜਿੰਨੇ ਮਰਜ਼ੀ ਘਰ ਦੇ ਜੀਅ ਵੈਣ ਪਾਈ ਜਾਣ, ਲੋਕਾਂ ਦੇ ਰੋਣ ਦਾ ਉਸ ਉੱਪਰ ਕੋਈ ਅਸਰ ਨਹੀਂ। ਸਰੀਰਕ ਤੌਰ 'ਤੇ ਮਰੇ ਹੋਏ ਬੰਦੇ ਦੇ ਸੁਆਸ ਨਹੀਂ ਚੱਲਦੇ। ਉਸਦੇ ਦਿਲ ਦੀ ਧੜਕਣ ਬੰਦ ਹੋ ਗਈ, ਖ਼ੂਨ ਦਾ ਸਰਕਲ ਬੰਦ ਹੋ ਗਿਆ, ਉਸ ਦੀ ਜ਼ਬਾਨ ਦੀ ਆਵਾਜ਼ ਬੰਦ ਹੋ ਗਈ, ਅੱਖਾਂ ਦੀ ਜੋਤ ਚਲੀ ਗਈ, ਸੁਣਨ ਦੀ ਤਾਕਤ ਖ਼ਤਮ ਹੋ ਗਈ, ਮੁੱਕਦੀ ਗੱਲ ਕਿ ਜਿਸ ਬੰਦੇ ਦੀ ਮੌਤ ਹੋ ਜਾਏ ਤਾਂ ਦੁਨਿਆਵੀ ਤੌਰ 'ਤੇ, ਸੰਸਾਰੀ ਤੌਰ 'ਤੇ ਉਸ ਮੁਰਦੇ ਨੂੰ ਜਿੱਥੇ ਮਰਜ਼ੀ ਕੋਈ ਖਿੱਚ ਲਏ, ਮੁਰਦਾ ਕਦੀ ਵੀ ਆਪਣੇ ਅੰਦਰ ਦਾ ਦੁੱਖ ਪ੍ਰਗਟ ਨਹੀਂ ਕਰਦਾ। ਮੁਰਦੇ ਦੀ ਆਪਣੀ ਸੱਤਿਆ, ਆਪਣੀ ਮਰਜ਼ੀ ਖ਼ਤਮ ਹੋ ਗਈ ਜਦੋਂ ਉਸਦੀ ਮੌਤ ਹੋ ਗਈ। ਹੁਣ ਸ਼ਬਦ ਵਿਚ ਮਰਨਾ ਕੀ ਹੈ? ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਵਿਚੋਂ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲੀ ਗੱਲ ਮਰਦਾ ਹੋਇਆ ਬੰਦਾ ਜੇ ਖਲੋਤਾ ਹੈ ਤਾਂ ਜ਼ਮੀਨ 'ਤੇ ਡਿੱਗੇਗਾ, ਮੁਰਦੇ ਖਲੋਂਦੇ ਨਹੀਂ। ਜਿਸ ਬੰਦੇ ਦੀ ਮੌਤ ਹੋ ਗਈ, ਮਰਨ ਤੋਂ ਬਾਅਦ ਉਸਦਾ ਪਹਿਲਾ ਕਰਮ ਇਹ ਹੈ ਕਿ ਉਹ ਆਪਣੇ ਆਪ ਨੂੰ ਧਰਤੀ ਦੇ ਸਮਰਪਿਤ ਕਰ ਦਿੰਦਾ ਹੈ।

ਕਬੀਰ ਜੀ ਕਹਿੰਦੇ ਹਨ- ਜਿਵੇਂ ਸੰਸਾਰ ਦੇ ਸ਼ਸਤਰ ਕਿਸੇ ਤਨ ਉੱਤੇ ਵਾਰ ਕਰਨ ਤੇ ਤਨ ਦੀ ਮੌਤ ਹੁੰਦੀ ਹੈ, ਸੱਚ ਜਾਣੀ, ਗੁਰੂ ਦਾ ਸ਼ਬਦ ਇਕ ਤੀਰ ਹੈ। ਜਿਸਦੇ ਸੀਨੇ ਨੂੰ ਗੁਰੂ ਦਾ ਸ਼ਬਦ ਵਿੰਨ੍ਹ ਜਾਏ, ਮਰਨ ਵਾਲੇ ਦਾ ਪਹਿਲਾ ਲੱਛਣ ਇਹ ਹੈ ਕਿ ਉਹ ਆਪਣੇ ਹਉਮੈ ਨੂੰ ਛੱਡਕੇ ਧਰਤੀ ਉੱਤੇ ਡਿੱਗ ਪੈਂਦਾ ਹੈ। ਹੁਣ ਆਪਾਂ ਤੀਰ ਦੇ ਅਰਥ ਸ਼ਬਦ ਕਰਾਂਗੇ। ਤੀਰ ਦੇ ਅੱਖਰੀ ਅਰਥ ਗੁਰੂ ਦਾ ਉਪਦੇਸ਼ ਕਰਾਂਗੇ। ਕਬੀਰ ਸਾਹਿਬ ਨੇ ਇਕ ਬਚਨ ਕਿਹਾ ਹੈ-

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥

(ਅੰਗ ੧੩੭੨)

ਤੀਰ ਦਾ ਅਰਥ ਅਸੀਂ ਇਹ ਕਰਾਂਗੇ ਕਿ ਗੁਰੂ ਨੇ ਆਪਣੇ ਸ਼ਬਦ ਦਾ ਅਣਿਆਲਾ ਤੀਰ

ਮਾਰਿਆ। ਤੀਰ ਲੱਗਦਿਆਂ ਸਾਰ ਸ਼ਬਦ ਮੇਰੇ ਹਿਰਦੇ ਨੂੰ ਸਪਰਸ਼ ਕੀਤਾ ਤੇ ਸਾਹਿਬ ਕਹਿੰਦੇ ਹਨ ਕਿ ਅਸੀਂ ਧਰਤੀ 'ਤੇ ਡਿੱਗ ਪਏ। ਧਰਤੀ 'ਤੇ ਡਿੱਗਣ ਦਾ ਭਾਵ ਸਰੀਰਕ ਤੌਰ 'ਤੇ ਨਹੀਂ, ਹਕੀਕਤ ਵਿਚ ਜੀਉਂਦੇ ਜੀਅ ਮਰਨ ਵਾਲਾ ਸਭ ਤੋਂ ਪਹਿਲੀ ਗੱਲ ਨਿਮਰਤਾ ਵਿਚ ਜੀਉਂਦਾ ਹੈ। ਅਸੀਂ ਦੇਖਦੇ ਹਾਂ ਕਿ ਸੰਸਾਰਕ ਤੌਰ 'ਤੇ ਕੋਈ ਤਾਕਤ ਵਾਲਾ ਬੰਦਾ ਕਿਸੇ 'ਤੇ ਜ਼ੁਲਮ ਕਰੇ, ਆਪਣੇ ਜ਼ੋਰ ਨਾਲ ਕਿਸੇ ਨੂੰ ਝੁਕਾਉਣਾ ਚਾਹੇ ਤੇ ਨਿਰਮਲ ਬੰਦਾ ਸਭ ਤੋਂ ਪਹਿਲਾਂ ਇਹ ਕੰਮ ਕਰਦਾ ਹੈ ਕਿ ਆਪਣੇ ਹੱਥ ਜੋੜ ਕੇ ਗੋਢਿਆਂ ਪਰਨੇ ਹੋ ਕੇ ਉਸ ਦੇ ਪੈਰਾਂ ਦੇ ਸਾਹਮਣੇ ਝੁੱਕ ਜਾਂਦਾ ਹੈ। ਕਬੀਰ ਜੀ ਨੇ ਕਿਹਾ ਕਿ ਇਕ ਉਪਦੇਸ਼ ਦਾ ਤੀਰ ਗੁਰੂ ਨੇ ਚਲਾਇਆ, ਲੱਗਦਿਆਂ ਸਾਰ ਅਸੀਂ ਜ਼ਮੀਨ 'ਤੇ ਡਿੱਗ ਪਏ। ਹੁਣ ਉਸ ਤੀਰ ਨੇ ਕੀ ਅਸਰ ਕੀਤਾ? ਆਪਾਂ ਕਹਾਂਗੇ ਕਿ ਸੰਸਾਰ ਦੇ ਅਨੇਕਾਂ ਲੋਕ ਮੱਥੇ ਟੇਕਦੇ ਹਨ, ਸਿਜਦੇ ਕਰਦੇ ਹਨ। ਕੀ ਜ਼ਮੀਨ 'ਤੇ ਡਿੱਗਿਆ ਹੋਇਆ ਹਰ ਬੰਦਾ ਮਰਿਆ ਹੋਇਆ ਹੈ? ਕੀ ਮੱਥਾ ਟੇਕਣ ਵਾਲਾ ਹਰ ਬੰਦਾ ਸ਼ਬਦ ਵਿਚ ਮਰਿਆ ਹੋਇਆ ਹੈ?

ਸਤਿਗੁਰੂ ਗੁਰੂ ਕਲਗੀਧਰ ਪਿਤਾ ਜੀ ਨੇ ਆਪਣੀ ਰਚਨਾ ਵਿਚ ਬਹੁਤ ਸੋਹਣੀ ਉਦਾਹਰਨ ਦਿੱਤੀ ਹੈ। ਕਹਿਣ ਲੱਗੇ ਜਿਹੜੇ ਝੁਕਣ ਵਾਲੇ ਹਨ, ਸਿਜਦੇ ਕਰਨ ਵਾਲੇ ਹਨ, ਅਸਲ ਵਿਚ ਉਹ ਜੀਉਂਦੇ ਜੀਅ ਮਰ ਜਾਂਦੇ ਹਨ ਤੇ ਜਿਹੜਾ ਬੰਦਾ ਕੇਵਲ ਸਰੀਰਕ ਤੌਰ 'ਤੇ ਝੁੱਕਿਆ ਹੈ, ਅੰਦਰੂਨੀ ਤੌਰ 'ਤੇ ਝੁੱਕਿਆ ਨਹੀਂ, ਖਿਮਾ ਕਰਿਉ, ਜੇਕਰ ਉਹ ਅੰਦਰੋਂ ਮਰਿਆ ਨਹੀਂ ਤਾਂ ਬਾਹਰ ਦੇ ਤਨ ਦਾ ਝੁੱਕਣਾ ਉਸ ਦਾ ਕੋਈ ਅਰਥ ਨਹੀਂ ਰੱਖੇਗਾ। ਹਜ਼ੂਰ ਦਾ ਇਕ ਕਬਿਤ ਅਸੀਂ ਪੜ੍ਹਦੇ ਹਾਂ ਜਿਸ ਵਿਚ ਸਾਹਿਬ ਨੇ ਕਿਹਾ ਹੈ ਕਿ ਅਨੇਕਾਂ ਲੋਕ ਅਜਿਹੇ ਹਨ ਜਿਹੜੇ ਤੋਪਾਂ ਚਲਾਉਂਦੇ ਹਨ, ਬੰਦੂਕਾਂ ਚਲਾਉਂਦੇ ਹਨ। ਉਹ ਜ਼ਮੀਨ ਦੇ ਉੱਪਰ ਲੇਟ ਕੇ ਆਪਣੇ ਵੱਲੋਂ ਗੋਲੀ ਚਲਾਉਂਦੇ ਹਨ, ਕੀ ਉਹਨਾਂ ਦਾ ਝੁੱਕਣਾ ਅਸੀਂ ਕਹਾਂਗੇ ਕਿ ਇਹਨਾਂ ਦੇ ਸੀਨੇ ਵਿਚ ਸ਼ਬਦ ਦਾ ਤੀਰ ਵੱਜ ਗਿਆ ਤਾਂ ਧਰਤੀ 'ਤੇ ਡਿੱਗ ਪਏ। ਨਹੀਂ। ਸੱਚੇ ਪਾਤਿਸ਼ਾਹ ਨੇ ਸਾਰੇ ਝੁੱਕਣ ਵਾਲਿਆਂ ਦਾ ਜ਼ਿਕਰ ਕੀਤਾ ਹੈ। ਸਾਹਿਬ ਕਹਿੰਦੇ ਹਨ ਤੋਪ ਚਲਾਉਣ ਵਾਲਾ ਤੋਪਚੀ, ਬੰਦੂਕ ਦੀ ਗੋਲੀ ਚਲਾਉਣ ਵਾਲਾ ਬੰਦੂਕਚੀ, ਤੀਰ ਕਮਾਨ ਨੂੰ ਲੈ ਕੇ ਤੀਰ ਚਲਾਉਣ ਵਾਲਾ ਤੀਰ ਅੰਦਾਜ਼ ਉਹ ਵੀ ਆਪਣੇ ਆਪ ਨੂੰ ਜ਼ਮੀਨ ਦੇ ਉੱਪਰ ਝੁਕਾਉਂਦਾ ਹੈ, ਪਰ ਉਸਦਾ ਝੁੱਕਣਾ ਮਤ ਸਮਝੀਂ ਕਿ ਉਹ ਅੰਦਰੋਂ ਮਰ ਚੁੱਕਾ ਹੈ, ਉਸਦਾ ਝੁੱਕਣਾ ਕੇਵਲ ਕਪਟ ਵਾਲਾ ਹੈ।

ਸਾਹਿਬ ਕਹਿੰਦੇ ਹਨ, ਇਕ ਪੋਸਤੀ ਹੈ, ਉਸਨੂੰ ਖਾਣ ਵਾਸਤੇ ਪੋਸਤ ਨਹੀਂ ਮਿਲਦਾ, ਸਾਰਾ ਦਿਨ ਆਪਣੇ ਸਿਰ ਨੂੰ ਸੁੱਟ ਕੇ ਪਿਆ ਰਹਿੰਦਾ ਹੈ। ਕੀ ਉਸ ਪੋਸਤੀ ਦਾ ਸਿਰ ਸੁੱਟਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਇਸ ਬੰਦੇ ਦਾ ਅੰਦਰ ਰੱਬ ਦੇ ਚਰਨਾਂ ਵਿਚ ਝੁੱਕ ਗਿਆ ਹੈ? ਕਦੀ ਪਹਿਲਵਾਨ ਨੂੰ ਅਖਾੜੇ ਵਿਚ ਉਤਰੇ ਹੋਏ ਨੂੰ ਦੇਖੋ। ਜਦੋਂ ਕਿਤੇ ਵਰਜ਼ਿਸ਼ ਕਰਦਾ ਹੈ ਉਹ ਆਪਣੇ ਆਪ ਵਿਚ ਅਭਿਆਸ ਕਰਦਾ ਹੈ ਤੇ ਉਹ ਦੰਡ ਕੱਢਦਾ ਹੈ। ਪਹਿਲਵਾਨ ਜਦੋਂ ਦੰਡ ਕੱਢਦਾ ਹੈ, ਆਪਣੇ ਨੱਕ ਦੀ ਨੁੱਕਰ ਨੂੰ ਜ਼ਮੀਨ ਉਤੇ ਰਗੜਦਾ ਹੈ। ਕੀ ਉਸ ਦਾ ਨੱਕ

ਨੂੰ ਜ਼ਮੀਨ ਉੱਤੇ ਰਗੜਨਾ ਰੱਬ ਦੇ ਚਰਨਾਂ ਵਿਚ ਸਿਜਦਾ ਕਰਨਾ ਹੈ? ਸਾਹਿਬ ਕਹਿੰਦੇ ਹਨ ਸ਼ਿਕਾਰੀ ਝੁੱਕਦੇ ਹਨ, ਪੋਸਤੀ ਝੁੱਕਦੇ ਹਨ, ਪਹਿਲਵਾਨ ਦੰਦ ਕੱਢਦਿਆਂ ਝੁੱਕਦੇ ਹਨ। ਰੋਗੀ ਵੱਲ ਝਾਤੀ ਮਾਰ ਕੇ ਦੇਖੋ ਸਾਰਾ ਦਿਨ ਉਹ ਆਪਣਾ ਮੂੰਹ ਹੇਠਾਂ ਕਰਕੇ ਬੈਠਾ ਰਹੇਗਾ। ਸਾਹਿਬ ਕਹਿੰਦੇ ਹਨ, ਇਸਦਾ ਮਤਲਬ ਇਹ ਨਹੀਂ ਕਿ ਇਹ ਸ਼ਬਦ ਵਿਚ ਮਰ ਗਏ ਹਨ।

ਉਪਦੇਸ਼ ਜੇ ਗੁਰੂ ਸੁਣਾਉਂਦਾ ਹੈ ਤਾਂ ਉਪਦੇਸ਼ ਦਾ ਅਸਰ ਹੋਣਾ ਵੀ ਬੜਾ ਜ਼ਰੂਰੀ ਹੈ। ਜੇ ਗੁਰੂ ਦਾ ਉਪਦੇਸ਼ ਸੁਣਿਆ ਵੀ ਤੇ ਸੁਣਕੇ ਉਸਨੇ ਅਮਲ ਨਾ ਕੀਤਾ ਤਾਂ ਕਬੀਰ ਸਾਹਿਬ ਨੇ ਆਪਣੀ ਰਚਨਾ ਵਿਚ ਇਕ ਬਹੁਤ ਸੋਹਣੀ ਉਦਾਹਰਨ ਦਿੱਤੀ ਹੈ। ਕਹਿੰਦੇ ਹਨ ਮਾਨੋ ਕੋਈ ਜਗਿਆਸੂ ਆਪਣੇ ਸਤਿਗੁਰੂ ਦੇ ਦੱਰ 'ਤੇ ਆਇਆ। ਆਪਣੇ ਗੁਰੂ ਕੋਲ ਪਹੁੰਚਦਾ ਹੈ ਤੇ ਗੁਰੂ ਨੇ ਉਸ ਜਗਿਆਸੂ ਨੂੰ ਉਪਦੇਸ਼ ਦ੍ਰਿੜ ਕਰ ਦਿੱਤਾ। ਹੁਣ ਗੁਰੂ ਦਾ ਉਪਦੇਸ਼ ਜਗਿਆਸੂ ਨੇ ਸੁਣ ਲਿਆ। ਇਕ ਕੰਨ 'ਚੋਂ ਸੁਣਿਆ, ਦੂਜੇ ਕੰਨ ਚੋਂ ਉਸਨੇ ਉਪਦੇਸ਼ ਨੂੰ ਬਾਹਰ ਕੱਢ ਦਿੱਤਾ। ਫਿਰ ਕਹਿੰਦੇ ਹਨ ਕਿ ਇਸਦੇ ਵਿਚ ਕਦੀ ਵੀ ਆਪਾਂ ਨਾ ਕਹੀਏ ਕਿ ਗੁਰੂ ਦੀ ਬਾਣੀ ਵਿਚ ਰੱਸ ਨਹੀਂ ਰਿਹਾ। ਪਤਾ ਨਹੀਂ ਗੁਰੂ ਦੇ ਸ਼ਬਦ ਵਿਚ ਤਾਕਤ ਨਹੀਂ ਰਹੀ। ਪਤਾ ਨਹੀਂ ਗੁਰੂ ਦੇ ਮੰਤਰ ਵਿਚ ਤਾਕਤ ਨਹੀਂ ਰਹੀ। ਕਬੀਰ ਸਾਹਿਬ ਕਹਿੰਦੇ ਹਨ, ਮੰਤਰ ਵਿਚ, ਗੁਰਬਾਣੀ ਵਿਚ, ਗੁਰੂ ਦੇ ਉਪਦੇਸ਼ ਵਿਚ ਤਾਕਤ ਹੈ ਪਰ ਜੇ ਇਕ ਬਾਂਸ ਦੀ ਸੋਟੀ ਵਿਚ ਆਪਾਂ ਇਕ ਪਾਸਿਉਂ ਫੂਕ ਮਾਰੀਏ ਤੇ ਦੂਜੇ ਪਾਸਿਉਂ ਫੂਕ ਨਿਕਲ ਜਾਏ ਤਾਂ ਬਾਂਸ ਦੀ ਸੋਟੀ ਕਹੀ ਜਾਏ ਕਿ ਫੂਕ ਮਾਰਨ ਵਾਲੇ ਵਿਚ ਦੱਮ ਨਹੀਂ। ਚੇਤੇ ਰੱਖਿਉ, ਬਾਂਸ ਦੀ ਸੋਟੀ ਵਿਚ ਹੀ ਤਾਕਤ ਨਹੀਂ ਕਿ ਉਸ ਹਵਾ ਨੂੰ ਆਪਣੇ ਅੰਦਰ ਟਿਕਾ ਸਕੇ। ਕਬੀਰ ਜੀ ਕਹਿਣ ਲੱਗੇ-

ਕਬੀਰ ਸਾਚਾ ਸਤਿਗੁਰੁ ਕਿਆ ਕਰੈ

ਹੁਣ ਗੁਰੂ ਕੀ ਕਰੇਗਾ ਜੇ ਸਿੱਖ ਦੇ ਅੰਦਰ ਉਪਦੇਸ਼ ਘਰ ਹੀ ਨਾ ਕਰੇ।

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥

(ਅੰਗ ੧੩੭੨)

ਜੇ ਮੇਰੇ ਆਪਣੇ ਵਿਚ ਕੋਈ ਨੁਕਸ ਹੈ ਤੇ ਮੈਂ ਕਹੀ ਜਾਵਾਂ ਗੁਰੂ ਦਾ ਉਪਦੇਸ਼ ਅਸਰ ਨਹੀਂ ਕਰਦਾ, ਨਹੀਂ। ਚੇਤੇ ਰੱਖਿਉ, ਮੀਂਹ ਪੈ ਰਿਹਾ ਹੈ ਤੇ ਮੀਂਹ ਸਾਰੀਆਂ ਥਾਵਾਂ 'ਤੇ ਵਰਸੇਗਾ ਤੇ ਜਿਹੜੀਆਂ ਥਾਵਾਂ ਉੱਚੀਆਂ ਹਨ, ਟਿੱਬੇ ਹਨ, ਪਹਾੜੀਆਂ ਹਨ, ਪਹਾੜੀਆਂ ਉੱਤੇ ਮੋਹਲੇਧਾਰ ਬਰਸਾਤ ਹੋਈ ਤੇ ਜੇ ਪਹਾੜੀ ਧੁੱਪ ਨਿਕਲਣ ਤੋਂ ਬਾਅਦ ਇਹ ਕਹਿ ਦੇਵੇ ਕਿ ਲਉ ਜੀ ਮੀਂਹ ਵਿਚ ਹੀ ਤਾਕਤ ਨਹੀਂ ਸੀ ਤਾਂ ਅਗਿਆਨਤਾ ਹੋਵੇਗੀ। ਮੀਂਹ ਨੇ ਤਾਂ ਤੇਰੇ ਸਿਖਰ ਦੇ ਉੱਪਰ ਛਹਿਬਰ ਲਾ ਦਿੱਤੀ, ਪਰ ਬਦਕਿਸਮਤੀ ਇਹ ਹੈ ਕਿ ਤੇਰੇ ਕੋਲ ਮੀਂਹ ਦੀ ਰਹਿਮਤ ਟਿਕਾਉਣ ਵਾਲਾ ਭਾਂਡਾ ਹੀ ਨਹੀਂ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਜੇ ਕੋਈ ਬੰਦਾ ਚੋਖਾ ਸਿਆਣਾ ਹੈ ਤੇ ਸਿਆਣੇ ਬੰਦੇ ਨੂੰ ਜੰਮ ਦਾ ਭਉ ਖਾਂਦਾ ਹੈ ਕਿਉਂਕਿ ਉਥੇ ਸਿਆਣਪ ਨਹੀਂ ਚੱਲਦੀ। ਗੁਰੂ ਦਾ ਉਪਦੇਸ਼

ਕਮਾਉਣ ਵਾਲੇ ਨੂੰ ਲੋਕ ਕਮਲਾ ਹੀ ਕਹਿੰਦੇ ਹਨ, ਝੱਲਾ ਹੀ ਕਹਿੰਦੇ ਹਨ। ਸਾਡੇ ਗਿਆਨ ਨੂੰ ਸਮਝਣ ਦਾ ਪੱਧਰ ਹੈ। ਦੋ ਤਰ੍ਹਾਂ ਦੇ ਇਨਸਾਨ ਹਨ ਜਿਨ੍ਹਾਂ ਨੂੰ ਸਾਡੇ ਸਮਾਜ ਨੇ ਕਮਲੇ, ਸ਼ੁਦਾਈ, ਪਾਗ਼ਲ, ਬਾਵਰੇ ਕਿਹਾ ਹੈ। ਇਕ ਉਹ ਹੈ ਜਿਸ ਦਾ ਦਿਮਾਗ਼ੀ ਸੰਤੁਲਨ ਖ਼ਰਾਬ ਹੋ ਗਿਆ ਹੈ। ਉਹ ਗੱਲ ਇੰਨੀ ਨੀਂਵੀ ਕਰਦਾ ਹੈ ਕਿ ਸਾਡੇ ਸਮਝ ਕੋਈ ਨਹੀਂ ਪੈਂਦੀ। ਦੂਜੇ ਉਹ ਬਾਵਰੇ, ਝੱਲੇ ਹਨ ਜਿਹੜੇ ਰਹਿੰਦੇ ਸੰਸਾਰ ਵਿਚ ਹਨ ਪਰ ਸੱਚ ਜਾਣੋ, ਸਰੀਰ ਸੰਸਾਰ ਵਿਚ ਰੱਖਕੇ ਸੁਰਤ ਉਹਨਾਂ ਦੀ ਨਿਰੰਕਾਰ ਦੇ ਚਰਨਾਂ ਨਾਲ ਜੁੜੀ ਹੈ। ਜਦੋਂ ਉਹ ਗੱਲ ਕਰਦੇ ਹਨ ਤਾਂ ਉਹ ਗੱਲ ਕਰਦੇ ਹਨ ਗੂੜ੍ਹ ਗਿਆਨ ਦੀ, ਸਮਝ ਸਾਡੇ ਨਹੀਂ ਪੈਂਦੀ। ਇਹੀ ਇਕ ਬੰਦੇ ਦੀ ਗੱਲ ਹੈ ਕਿ ਧਰਮ ਦੀ ਕੋਈ ਗੱਲ ਕਰਦਾ ਹੈ ਤੇ ਸਾਨੂੰ ਸਮਝ ਨਾ ਆਵੇ ਤੇ ਉੱਚੀ ਗੱਲ ਕਰਨ ਵਾਲੇ ਨੂੰ ਲੋਕ ਸ਼ੁਦਾਈ ਕਹਿ ਦਿੰਦੇ ਹਨ। ਹੁਣ ਮਾਨੋ ਇਕ ਬੰਦਾ ਸਿਆਣਾ ਹੈ। 100 ਬੰਦਿਆਂ ਕੋਲ ਗਿਆਨ ਨਹੀਂ, ਇਕ ਬੰਦੇ ਕੋਲ ਅੰਦਰ ਦਾ ਗਿਆਨ ਹੈ। 100 ਬੰਦੇ ਆਪਣੀ ਹਉਮੈ ਵਿਚ ਉਸਨੂੰ ਕਮਲਾ ਬਣਾ ਦੇਣਗੇ ਪਰ ਕਦੀ ਇਹ ਨਹੀਂ ਸਵੀਕਾਰ ਕਰਨਗੇ ਕਿ ਸੰਸਾਰਕ ਤੌਰ 'ਤੇ ਤਾਂ ਕਮਲੇ ਅਸੀਂ ਹਾਂ। ਜਦੋਂ ਗੁਰੂ ਦੇ ਉਪਦੇਸ਼ ਨੇ ਅੰਦਰ ਨੂੰ ਸਪਰਸ਼ ਕੀਤਾ, ਕਹਿਣਗੇ ਬਾਵਰਾ ਹੋ ਗਿਆ। ਕਈ ਵਾਰੀ ਆਪਣੇ ਵੀ ਇਸ ਗੱਲ ਨੂੰ ਸਮਝਦੇ ਨਹੀਂ। ਪਰਿਵਾਰ ਦੇ ਲੋਕ ਵੀ ਸ਼ੁਦਾਈ ਕਹਿੰਦੇ ਹਨ।

ਇਕ ਦਿਨ ਤਵਾਰੀਖ਼ ਗੁਰੂ ਖ਼ਾਲਸਾ ਪੜ੍ਹ ਰਿਹਾ ਸੀ, ਉਸਦੇ ਆਰੰਭਕ ਪੰਨਿਆਂ ਵਿਚ ਗਿਆਨੀ ਗਿਆਨ ਸਿੰਘ ਹੋਰਾਂ ਨੇ ਇਕ ਉਦਾਹਰਨ ਦਿੱਤੀ ਹੈ। ਕਹਿਣ ਲੱਗੇ ਕਿ ਰਾਮ ਸੰਮਨ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਮਾਸੀ ਦਾ ਪੁੱਤਰ ਸੀ। ਮਾਂ ਤ੍ਰਿਪਤਾ ਦੇ ਘਰ ਆਏ ਭੈਣ ਨਾਲ ਉਸਦਾ ਬੱਚਾ ਰਾਮ ਸੰਮਨ ਵੀ ਸੀ ਤੇ ਗੁਰੂ ਨਾਨਕ ਸਾਹਿਬ ਜੀ ਦੀ ਜਿਹੜੀ ਕਿਰਿਆ ਸੀ, ਰੱਬ ਨੂੰ ਪਿਆਰ ਕਰਨ ਵਾਲੀ ਖੇਡ ਸੀ। ਇਕ ਦਿਨ ਵਿਹੜੇ ਵਿਚ ਬੈਠਿਆਂ ਮਾਸੀ ਨੇ ਕਹਿ ਦਿੱਤਾ ਕਿ ਤ੍ਰਿਪਤਾ, ਤੇਰਾ ਮੁੰਡਾ ਤਾਂ ਨਿਰਾ ਸ਼ੁਦਾਈ ਹੈ। ਸੱਚੇ ਪਾਤਿਸ਼ਾਹ ਦੇ ਨੇਤਰਾਂ ਵਿਚ ਖ਼ੁਮਾਰੀ ਸੀ ਤੇ ਸੱਚੇ ਪਾਤਿਸ਼ਾਹ ਕਹਿਣ ਲੱਗੇ ਮਾਸੀ, ਇਕੱਲਾ ਮੈਂ ਕਮਲਾ ਨਹੀਂ, ਤੇਰਾ ਮੁੰਡਾ ਵੀ ਕਮਲਾ ਹੈ। ਰਾਮ ਸੰਮਨ ਖੇਡਦਾ ਪਿਆ ਸੀ। ਕਹਿਣ ਲੱਗੇ ਇਹ ਉਹ ਕਮਲਾ ਨਹੀਂ ਹੋਵੇਗਾ ਜਿਹੜੇ ਸੰਸਾਰ ਦੇ ਕਮਲੇ ਹਨ। ਜਿਹੜਾ ਸਾਨੂੰ ਇਕ ਚੇਟਕ ਲੱਗਾ ਹੈ ਤੇਰੇ ਪੁੱਤਰ ਨੂੰ ਵੀ ਲੱਗਾ ਹੈ। ਇਹ ਵੀ ਨਾਮ ਵਿਚ ਮਸਤਾਨਾ ਹੈ। ਰਾਮ ਸੰਮਨ ਬੜੀ ਕਮਾਈ ਵਾਲੇ ਸਾਧੂ ਹੋਏ ਹਨ। ਬੜੇ ਰੱਬ ਦੀ ਬੰਦਗੀ ਕਰਨ ਵਾਲੇ ਹੋਏ ਹਨ। ਹੁਣ ਮੈਂ ਕਈ ਵਾਰੀ ਸੋਚਦਾ ਹਾਂ ਆਖ਼ਿਰ ਰਾਮ ਸੰਮਨ ਨਾਲ ਖ਼ੂਨ ਦਾ ਰਿਸ਼ਤਾ ਹੈ ਗੁਰੂ ਨਾਨਕ ਦੇਵ ਜੀ ਦਾ। ਹੁਣ ਆਪਣੀ ਮਾਸੀ ਨੂੰ ਨਹੀਂ ਪਤਾ।

ਸ਼ਬਦ ਵਿਚ ਮਰੇ ਹੋਏ ਗੂੰਗੇ ਹੋ ਗਏ, ਬੋਲੇ ਹੋ ਗਏ, ਦੀਵਾਨੇ ਹੋ ਗਏ। ਬੜੀ ਸੋਹਣੀ ਗੱਲ ਕਹੀ ਸੀ ਪੰਡਿਤ ਹਰਦਿਆਲ ਜੀ ਨੇ। ਪਿੰਡ ਦੀ ਗਲੀ ਵਿਚੋਂ ਪੰਡਿਤ ਹਰਦਿਆਲ ਜੀ ਤੁਰੇ ਜਾਂਦੇ ਹਨ ਤੇ ਅੱਗੋਂ ਬਾਬਾ ਕਾਲੂ ਜੀ ਮਿਲ ਗਏ। ਭਾਵੇਂ ਅਸੀਂ ਸ਼ਬਦ ਪਟਵਾਰੀ ਵਰਤਦੇ ਹਾਂ ਪਰ ਬਹੁਤ ਸਾਰੇ ਗ੍ਰੰਥਾਂ ਵਿਚ ਬਾਬੇ ਨਾਨਕ ਦੇ ਪਿਤਾ ਨੂੰ ਕਾਰਦਾਰ ਲਿਖਿਆ ਹੈ। ਉੱਚਾ

ਰੁਤਬਾ ਦਿੱਤਾ ਹੈ, ਸਭ ਕੁਝ ਸਾਂਭਣ ਵਾਲੇ। ਹੁਣ ਪੰਡਿਤ ਹਰਦਿਆਲ ਦੇ ਮਨ ਵਿਚ ਉਸ ਦਿਨ ਦੀ ਭਾਵਨਾ ਬਣ ਗਈ ਸੀ, ਜਿਸ ਦਿਨ ਗੁਰੂ ਨਾਨਕ ਸਾਹਿਬ ਦੀ ਉਸਨੇ ਝਲਕ ਦੇਖੀ। ਆਪਣੇ ਵੱਲੋਂ ਉਸਨੇ ਪੱਤਰੀ ਵੀ ਬਣਾਈ। ਹੁਣ ਜਦੋਂ ਹਜ਼ੂਰ ਬਾਰੇ ਉਸਨੇ ਕਹਿ ਦਿੱਤਾ ਕਿ ਮਹਾਨ ਪੁਰਸ਼ ਹੋਵੇਗਾ, ਇਸਦੇ ਸਿਰ 'ਤੇ ਛੱਤਰ ਝੁਲਣਗੇ ਤੇ ਜੰਞੂ ਵਾਲੇ ਦਿਨ ਤਾਂ ਸੱਚਮੁੱਚ ਪੰਡਿਤ ਹਰਦਿਆਲ ਨੂੰ ਬਾਬੇ ਨੇ ਆਤਮਾ ਦਾ ਜਨੇਊ ਪਾ ਹੀ ਦਿੱਤਾ। ਬਾਬੇ ਕਾਲੂ ਨੇ ਮਿਲਦਿਆਂ ਸਾਰ ਪੰਡਿਤ ਹਰਦਿਆਲ ਨੂੰ ਬਚਨ ਕਹੇ-ਮੈਂ ਤੇਰਾ ਬੜਾ ਸਤਿਕਾਰ ਕਰਦਾ ਸੀ ਤੇਰੀ ਵਿੱਦਿਆ ਦਾ ਪਰ ਮੇਰੇ ਮਨ ਨੂੰ ਬੜਾ ਖੇਦ ਲੱਗਾ ਹੈ। ਪੰਡਿਤ ਹਰਦਿਆਲ ਜੀ ਕਹਿੰਦੇ ਹਨ, ਕਿਸ ਗੱਲ ਦਾ ਖੇਦ ਲੱਗਾ ਹੈ? ਤਾਂ ਬਾਬਾ ਕਾਲੂ ਜੀ ਕਹਿਣ ਲੱਗੇ ਕਿ ਤੁਸੀਂ ਕਹਿੰਦੇ ਸੀ ਕਿ ਤੇਰੇ ਨਾਨਕ ਪੁੱਤਰ ਦੇ ਸਿਰ 'ਤੇ ਛੱਤਰ ਝੁਲਣੇ ਹਨ, ਤੇਰੇ ਪੁੱਤਰ ਦੇ ਸਾਹਮਣੇ ਰਾਜੇ ਮਹਾਰਾਜੇ ਝੁਕਣਗੇ। ਚੰਗੀਆਂ ਤੂੰ ਪੱਤਰੀਆਂ ਫੋਲੀਆਂ ਹਨ। ਸੱਚ ਜਾਣੀ, ਤੇਰੀਆਂ ਸਾਰੀਆਂ ਗੱਲਾਂ ਝੂਠੀਆਂ ਹਨ। ਛੱਤਰ ਤਾਂ ਇਸਦੇ ਸਿਰ 'ਤੇ ਕੀ ਝੁਲਣੇ ਸਨ, ਇਸਨੇ ਤਾਂ ਘਰ ਵਿਚ ਇਕੱਠੇ ਕੀਤੇ ਹੋਏ ਪੈਸੇ ਵੀ ਲੋਕਾਂ ਵਿਚ ਵੰਡਣੇ ਸ਼ੁਰੂ ਕਰ ਦਿੱਤੇ। ਇਹ ਬਾਹਰੋਂ ਕਦੀ ਕੁਝ ਨਹੀਂ ਲੈ ਕੇ ਆਇਆ, ਘਰ ਦਾ ਸਾਮਾਨ ਬਾਹਰ ਵੰਡਦਾ ਹੈ। ਪੰਡਿਤ ਹਰਦਿਆਲ ਰੁੱਕ ਕੇ ਕਹਿੰਦਾ ਹੈ, ਇਕ ਗੱਲ ਮੈਨੂੰ ਉਸ ਦਿਨ ਸਰਸਰੀ ਭੁੱਲ ਗਈ ਸੀ। ਕਹਿਣ ਲੱਗੇ ਉਹ ਵੀ ਦੱਸ ਦੇ। ਕਹਿਣ ਲੱਗਾ ਛੱਤਰ ਤਾਂ ਰੂਹਾਨੀਅਤ ਦਾ ਝੁੱਲਦਾ ਪਿਆ ਹੈ, ਅੱਖਾਂ ਵਾਲਿਆਂ ਨੂੰ ਦਿੱਸਦਾ ਹੈ। ਸ਼ਾਇਦ ਮੈਂ ਸਰੀਰਕ ਤੌਰ 'ਤੇ ਨਾ ਰਹਾਂ ਪਰ ਇਕ ਦਿਨ ਸੰਸਾਰ ਦੇ ਛੱਤਰਾਂ ਵਾਲੇ ਵੀ ਇਸਦੇ ਸਾਹਮਣੇ ਝੁੱਕਣਗੇ। ਝੁੱਕਦੇ ਪਏ ਹਨ, ਪਰ ਇਕ ਗੱਲ ਮੈਨੂੰ ਭੁੱਲ ਗਈ ਸੀ, ਇਸਦੀ ਸਮਝ ਤੈਨੂੰ ਅਜੇ ਨਹੀਂ ਪੈਣੀ। ਤੈਨੂੰ ਨਾਨਕ ਦੀ ਸਮਝ ਉਸ ਦਿਨ ਪਏਗੀ ਜਿਸ ਦਿਨ ਤੂੰ ਮਰਨ ਕਿਨਾਰੇ ਪਹੁੰਚਿਆ ਹੋਵੇਂਗਾ।

ਕਬੀਰ ਜੀ ਕਹਿਣ ਲੱਗੇ-

ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ॥
ਮੈ ਬਿਗਰਿਓ ਬਿਗਰੈ ਮਤਿ ਅਉਰਾ॥ ੧॥ ਰਹਾਉ॥

ਮੈਂ ਇਕੱਲਾ ਬਾਵਰਾ ਨਹੀਂ ਹੋਇਆ, ਪ੍ਰਮਾਤਮਾ ਦੇ ਨਾਮ ਨੇ ਮੈਨੂੰ ਬਉਰਾ ਕਰ ਦਿੱਤਾ ਹੈ।

ਆਪਿ ਨ ਬਉਰਾ ਰਾਮ ਕੀਓ ਬਉਰਾ॥
ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ॥ ੨॥

(ਅੰਗ ੮੫੫)

ਜਦੋਂ ਬਾਬੇ ਨਾਮਦੇਵ ਜੀ ਦੇ ਸ਼ਬਦ ਪੜ੍ਹੀਏ ਤਾਂ ਉਹ ਕਹਿੰਦੇ ਹਨ ਕਿ ਜੇ ਬੰਦਗੀ ਕਰਦਾ ਹਾਂ ਤਾਂ ਮੈਂ ਆਪਣੇ ਪਿਆਰੇ ਦੀ ਯਾਦ ਵਿਚ ਜੁੜਕੇ ਉਸਨੂੰ ਪ੍ਰਸੰਨ ਕਰਦਾ ਹਾਂ ਤੇ ਮੇਰੇ ਕਰਮਾਂ ਨਾਲ ਦੂਜੇ ਦੇ ਉੱਤੇ ਅਸਰ ਕਿਉਂ? ਇਕ ਸੁਹਾਗਣ ਹੈ। ਪਤੀ ਨੂੰ ਰੀਝਾਉਣ ਲਈ

ਉਸਨੇ ਚੂੜੀਆਂ ਪਾਈਆਂ। ਪਤੀ ਨੂੰ ਪ੍ਰਸੰਨ ਕਰਨ ਲਈ ਉਸਨੇ ਗਲ ਵਿਚ ਹਾਰ ਪਾਇਆ, ਸੰਦੂਰ ਭਰਿਆ ਤੇ ਜੇ ਕੋਈ ਕੋਲ ਬੈਠਾ ਉਸਨੂੰ ਕਮਲੀ ਸ਼ੁਦੈਣ ਕਹੀ ਜਾਏ, ਉਸਨੂੰ ਕੀ ਪਤਾ। ਉਹੀ ਇਸ ਦੀ ਸਾਰ ਜਾਣੇ ਜਿਸਨੇ ਪਤੀ ਨੂੰ ਪ੍ਰਸੰਨ ਕਰਨਾ ਹੈ। ਕਹਿਣ ਲੱਗੇ-

ਮੈ ਬਉਰੀ ਮੇਰਾ ਰਾਮੁ ਭਤਾਰੁ॥

ਮੇਰਾ ਪਤੀ, ਮੇਰਾ ਮਾਲਕ ਸੋਹਣਾ ਪ੍ਰਮਾਤਮਾ ਰਾਮ ਹੈ।

ਰਚਿ ਰਚਿ ਤਾ ਕਉ ਕਰਉ ਸਿੰਗਾਰੁ॥ ੧॥

ਉਸਦੀ ਖ਼ਾਤਰ ਮੈਂ ਸ਼ਿੰਗਾਰ ਕਰਦੀ ਹਾਂ।

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ॥
ਤਨੁ ਮਨੁ ਰਾਮ ਪਿਆਰੇ ਜੋਗੁ॥ ੧॥ ਰਹਾਉ॥

ਕਹਿੰਦੇ ਹਨ, ਮੇਰਾ ਤਨ ਤੇ ਮਨ ਪਿਆਰੇ ਪ੍ਰਭੂ ਲਈ ਹੈ। ਜੇ ਸੰਸਾਰ ਦੇ ਲੋਕਾਂ ਨੂੰ ਸਮਝ ਨਹੀਂ ਪਈ ਤਾਂ ਉਹ ਨਿੰਦਿਆ ਕਰਨ। ਨਾਲ ਬਖ਼ਸ਼ਿਸ਼ ਕੀਤੀ-

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥

ਕਿਸੇ ਨਾਲ ਵੀ ਵਾਦ-ਵਿਵਾਦ ਨਾ ਕਰ।

ਰਸਨਾ ਰਾਮ ਰਸਾਇਨੁ ਪੀਜੈ॥ ੨॥

ਬਜਾਏ ਕਿਸੇ ਨਾਲ ਝਗੜਨ ਦੇ ਕਿ ਲੋਕ ਤੈਨੂੰ ਕਮਲਾ ਕਹਿਣ, ਤੂੰ ਚੁੱਪ ਕਰਕੇ ਆਪਣੀ ਰਸਨਾ ਤੋਂ ਪ੍ਰਮਾਤਮਾ ਦੇ ਨਾਮ ਦਾ ਰੱਸ ਮਾਣ।

ਅਬ ਜੀਅ ਜਾਨਿ

ਹੁਣ ਤਾਂ ਬਿਲਕੁਲ ਜਿੰਦ 'ਤੇ ਬਣ ਗਈ।

ਅਬ ਜੀਅ ਜਾਨਿ ਐਸੀ ਬਨਿ ਆਈ॥
ਮਿਲਉ ਗੁਪਾਲ ਨੀਸਾਨੁ ਬਜਾਈ॥ ੩॥

ਕਹਿੰਦੇ ਹਨ ਨਗਾਰੇ ਵਜਾ ਕੇ ਆਪਣੇ ਪਿਆਰੇ ਨੂੰ ਮਿਲਣ ਚਲੀ ਹਾਂ।

ਉਸਤਤਿ ਨਿੰਦਾ ਕਰੈ ਨਰੁ ਕੋਈ॥
ਨਾਮੇ ਸ੍ਰੀਰੰਗੁ ਭੇਟਲ ਸੋਈ॥ ੪॥

(ਅੰਗ ੧੧੬੪)

ਸ਼ਬਦ ਵਿਚ ਜਿਹੜੇ ਮਰੇ ਹੋਏ ਸੱਜਣ ਹਨ ਉਹਨਾਂ ਕੋਲ ਸਿਮਰਨ ਤੋਂ ਬਿਨਾਂ ਦੂਜੀ ਹੋਰ ਕੋਈ ਗੱਲ ਨਹੀਂ। ਹਰ ਵੇਲੇ ਉਹ ਸ਼ਬਦ ਵਿਚ ਜੁੜੇ ਹੋਏ ਹਨ। ਜਿਹੜੇ ਸ਼ਬਦ ਵਿਚ ਮਰ ਗਏ ਉਹਨਾਂ ਦੇ ਬਾਰੇ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਇਕ ਬਚਨ ਕਿਹਾ ਹੈ। ਹਾਲਾਂਕਿ

ਸਾਡੇ ਇੰਦਰੇ ਕਦੇ ਵੀ ਤ੍ਰਿਪਤ ਨਹੀਂ ਹੋਏ। ਭਾਈ ਗੁਰਦਾਸ ਜੀ ਨੇ ਇਹ ਸ਼ਬਦ ਕਹੇ ਸਨ-

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸ਼ੇ।

ਅੱਜ ਤੱਕ ਅੱਖਾਂ ਰੱਜਦੀਆਂ ਨਹੀਂ, ਅੱਖਾਂ ਦੀ ਜੋਤ ਮਰ ਜਾਂਦੀ ਹੈ।

ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।
ਰਜ ਨ ਕੋਈ ਜੀਵਿਆ ਕੂੜੇ ਭਰਵਾਸੇ।

ਅੱਖਾਂ ਨੇ ਪਤਾ ਨਹੀਂ ਕਿੰਨੇ ਰੰਗ ਤਮਾਸ਼ੇ ਦੇਖੇ ਪਰ ਅੱਖਾਂ ਦੀ ਤ੍ਰਿਪਤੀ ਨਹੀਂ। ਕੰਨਾਂ ਨੇ ਪਤਾ ਨਹੀਂ ਆਪਣੀ ਕਿੰਨੀ ਕੁ ਉਸਤਤ ਸੁਣੀ ਜ਼ਿੰਦਗੀ ਵਿਚ ਤੇ ਕਿੰਨੇ ਆਪਣੇ ਦੁਸ਼ਮਣਾਂ ਦੀ ਨਿੰਦਿਆ ਸੁਣੀ। ਕਿੰਨੇ ਵਾਰੀ ਦੁੱਖ ਵਿਚ ਆ ਕੇ ਰੋਂਦਿਆਂ ਹੋਇਆਂ ਦੇ ਵੈਣ ਸੁਣੇ ਤੇ ਕਈ ਵਾਰੀ ਖ਼ੁਸ਼ੀ ਵਿਚ ਆਇਆਂ ਹੋਇਆਂ ਦੇ ਹਾਸੇ ਵੀ ਸੁਣੇ। ਜੀਭ ਨੇ ਪਤਾ ਨਹੀਂ ਦੁਨੀਆਂ ਦੇ ਕਿੰਨੇ-ਕੁ ਪਦਾਰਥ ਚੱਖੇ। ਕੀ ਜੀਭ ਕਦੀ ਰੱਜਦੀ ਹੈ? ਨੱਕ ਨੇ ਗੰਧ, ਸੁਗੰਧ, ਦੁਰਗੰਧ ਸਭ ਕੁਝ ਜਾਣਿਆ ਪਰ ਰੱਜਿਆ ਨਹੀਂ।

ਪਿਆਰਿਓ ! ਬੰਦਾ ਭਾਵੇਂ ਡੇਢ ਸੌ ਸਾਲ ਦਾ ਹੋ ਜਾਏ, ਦੋ ਸੌ ਸਾਲ ਦਾ ਹੋ ਜਾਏ, ਕਦੀ ਇਸਦਾ ਮਰਨ ਨੂੰ ਚਿੱਤ ਨਹੀਂ ਕਰਦਾ। ਇਹ ਸੈਂਕੜੇ ਸਾਲ ਜੀਅ ਕੇ ਵੀ ਕਦੀ ਰੱਜਿਆ ਨਹੀਂ। ਭਾਈ ਗੁਰਦਾਸ ਜੀ ਕਹਿੰਦੇ ਹਨ-

ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ॥ ੯॥

(ਵਾਰ ੨੭, ਪਉੜੀ ੯)

ਪੀਰ ਤੇ ਮੁਰੀਦ ਦਾ ਜਿਹੜਾ ਪਿਆਰ ਹੈ, ਰਹਰਾਸੇ ਦੇ ਅਰਥ ਇਹ ਵੀ ਹਨ ਕਿ ਸੱਚੀ ਰਸਤੇ ਦੀ ਉਹਨਾਂ ਕੋਲ ਪੂੰਜੀ ਹੈ, ਰਹਿਰਾਸ ਦਾ ਅਰਥ ਨਮਸਕਾਰ ਵੀ ਹੈ। ਪੀਰ ਦਾ ਮੁਰੀਦ ਨਾਲ ਮਿਲਣਾ ਤੇ ਮੁਰੀਦ ਦਾ ਪੀਰ ਨਾਲ ਮਿਲਣਾ ਅਸਲ ਵਿਚ ਸਹੀ ਜ਼ਿੰਦਗੀ ਇਹ ਹੈ। ਹੁਣ ਸੰਸਾਰ ਵਿਚ ਵਿਚਰਦਿਆਂ ਇਹ ਨਹੀਂ ਰੱਜੇ। ਸੱਚੇ ਜਾਣੋ, ਗੂੰਗਾ, ਬਹਿਰਾ, ਬਾਵਰਾ ਇਹ ਇੰਦਰਿਆਂ ਦਾ ਤ੍ਰਿਪਤ ਹੋਣਾ ਹੈ। ਗੁਰੂ ਅੰਗਦ ਸਾਹਿਬ ਜੀ ਕਹਿੰਦੇ ਹਨ-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥

(ਅੰਗ ੧੩੯)

ਜਿਹੜੇ ਸ਼ਬਦ ਵਿਚ ਮਰੇ ਹਨ, ਉਹ ਅੱਖਾਂ ਤੋਂ ਬਿਨਾਂ ਪਿਆਰੇ ਦੇ ਦੀਦਾਰ ਕਰਦੇ ਹਨ। ਸਾਹਿਬ ਕਹਿੰਦੇ ਹਨ-

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

(ਅੰਗ ੧੧੦੦)

ਅਖੀ ਬਾਝਹੁ ਦੇਖਣਾ ਵਿਣੁ ਕੰਨਾ ਸੁਨਣਾ॥

(ਅੰਗ ੧੩੯)

ਹੁਣ ਕੰਨਾਂ ਤੋਂ ਬਿਨਾਂ ਜਿਹੜੇ ਸ਼ਬਦ ਵਿਚ ਮਰੇ ਹਨ, ਉਹ ਸੰਸਾਰ ਦੀਆਂ ਗੱਲਾਂ ਤੋਂ ਬਿਨਾਂ ਅੰਦਰ ਦਾ ਰੱਸ ਸੁਣਦੇ ਹਨ।

ਪੈਰਾ ਬਾਝਹੁ ਚਲਣਾ

ਸੁਰਤੀ ਦੇ ਮਾਰਗ ਨਾਲ ਚੱਲਦੇ ਹਨ।

ਵਿਣੁ ਹਥਾ ਕਰਣਾ॥

ਹੱਥ ਤੋਂ ਬਿਨਾਂ ਵੀ ਉਹ ਆਪਣੇ ਕਰਮ ਕਰੀ ਜਾ ਰਹੇ ਹਨ।

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਅੰਗ ੧੩੯)

ਜਿਹੜੇ ਜੀਉਂਦੇ ਜੀਅ ਮਰ ਗਏ ਉਹਨਾਂ ਨੇ ਖਸਮ ਦੇ ਹੁਕਮ ਨੂੰ ਪਹਿਚਾਣਿਆ। ਗੁਰੂ ਦੇ ਦਰ 'ਤੇ ਉਹ ਮੁੱਲ ਖ਼ਰੀਦੇ ਗੋਲੇ ਦੀ ਤਰ੍ਹਾਂ ਕਾਰ ਕਰਦੇ ਹਨ। ਅਹਿਸਾਨ ਨਹੀਂ ਕਰਦੇ। ਜਦੋਂ ਖ਼ਰੀਦ ਹੀ ਲਿਆ ਫਿਰ ਉਹ ਆਪਣੀ ਮਰਜ਼ੀ ਨਹੀਂ ਕਰਦੇ।

ਸਾਹਿਬ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਮਧਾਨ ਸਾਹਿਬ ਦੀ ਧਰਤੀ 'ਤੇ ਭਾਈ ਰਾਮ ਦੇਵ ਜੀ ਨੂੰ, ਜਲ ਦਾ ਛੜਕਾ ਕਰਨ ਵਾਲੇ ਨੂੰ ਆਪਣੀ ਬਖ਼ਸ਼ਿਸ਼ ਨਾਲ ਨਿਵਾਜਦਿਆਂ ਇਕ ਪਦਵੀ ਦਿੱਤੀ ਸੀ ਭਾਈ ਮੀਆਂ ਸਾਹਿਬ ਜੀ। ਮੀਆਂ ਸਾਹਿਬ ਇਸ ਕਰਕੇ ਕਿਹਾ ਸੀ ਕਿਉਂਕਿ ਇਹ ਪਾਣੀ ਭਰ ਭਰ ਕੇ ਗਾਗਰਾਂ ਨਾਲ ਜ਼ਮੀਨ ਉੱਤੇ ਜਲ ਦਾ ਛਿੜਕਾ ਕਰਦਾ ਸੀ। ਜਦੋਂ ਉਹ ਜ਼ਖ਼ਮੀ ਹੋ ਗਏ ਸਨ ਗਾਗਰਾਂ ਢੋ ਕੇ ਤਾਂ ਗੁਰੂ ਤੇਗ਼ ਬਹਾਦਰ ਜੀ ਇੰਨੇ ਤਰੁੱਠੇ ਕਿ ਇਕ ਦੱਖਣੀ ਬਲਦ, ਇਕ ਨਗਾਰਾ ਤੇ ਇਕ ਨਿਸ਼ਾਨ ਦੇ ਕੇ ਉਸਨੂੰ ਪ੍ਰਚਾਰ ਕਰਨ ਲਈ ਤੋਰਿਆ। ਭਾਈ ਮੀਆਂ ਸਾਹਿਬ ਪ੍ਰਚਾਰ ਲਈ ਗਏ। ਥਾਂ ਥਾਂ ਜਾ ਕੇ ਇਹਨਾਂ ਨੇ ਸਿੱਖੀ ਦਾ, ਬਾਣੀ ਦਾ ਪ੍ਰਚਾਰ ਕੀਤਾ ਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਮੀਆਂ ਸਾਹਿਬ ਆਨੰਦਪੁਰ ਸਾਹਿਬ ਆਏ ਬਾਲਾ ਪ੍ਰੀਤਮ ਕਲਗੀ ਵਾਲੇ ਦੇ ਦਰਸ਼ਨ ਕਰਨ। ਹੁਣ ਜਦੋਂ ਆਨੰਦਪੁਰ ਆਏ ਤੇ ਦਰਬਾਰ ਦੇ ਨੇੜੇ ਆਉਂਦਿਆਂ ਨਗਾਰਾ ਵੀ ਵਜਾਈ ਜਾਣ, ਹੱਥ ਵਿਚ ਨਿਸ਼ਾਨ ਫੜਿਆ ਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਨੇ ਸਿੱਖਾਂ ਨੂੰ ਭੇਜਕੇ ਪੁੱਛਿਆ ਕਿ ਇਹ ਕੌਣ ਹੈ ਜਿਹੜਾ ਦੀਵਾਨ ਦੇ ਵਿਚ ਨਗਾਰਾ ਵਜਾ ਕੇ ਤੁਰਿਆ ਆਉਂਦਾ ਹੈ? ਅੱਗੋਂ ਉੱਤਰ ਸੀ ਸੱਚੇ ਪਾਤਿਸ਼ਾਹ ! ਆਪ ਜੀ ਦੇ ਪਿਤਾ ਜੀ ਦੇ ਨਿਵਾਜੇ ਹੋਏ ਭਾਈ ਮੀਆਂ ਸਾਹਿਬ ਆ ਰਹੇ ਹਨ। ਕ੍ਰਿਪਾਲੂ ਦਾਤਾ ਜੀ ਨੇ ਕਿਹਾ ਇਸਦਾ ਨਗਾਰਾ, ਇਸਦਾ ਨਿਸ਼ਾਨ ਸਾਹਿਬ, ਇਸਦਾ ਬਲਦ ਖੋਹ ਲਉ। ਸਿੱਖਾਂ ਨੇ ਜਾਂਦਿਆਂ ਤਿੰਨੇ ਚੀਜ਼ਾਂ ਖੋਹ ਲਈਆਂ। ਜਦੋਂ

ਖੁਸ ਗਈਆਂ ਤਾਂ ਬੜਾ ਪ੍ਰਸੰਨ ਹੋਇਆ। ਤਿੰਨੇ ਚਲੀਆਂ ਗਈਆਂ। ਖ਼ੁਸ਼ ਬੜਾ ਹੋਇਆ। ਦੂਰੋਂ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਿਆ। ਸੰਪੂਰਨਤਾ ਹੋਈ। ਸਾਹਿਬ ਗੁਰੂ ਕਲਗੀਧਰ ਜੀ ਨੇ ਆਵਾਜ਼ ਦੇ ਕੇ ਕਿਹਾ, ਮੀਆਂ ਸਾਹਿਬ। ਅੱਗੇ ਆਏ ਮੱਥਾ ਟੇਕਿਆ। ਕਹਿਣ ਲੱਗੇ ਕਿੱਥੇ ਬਲਦ, ਕਿੱਥੇ ਨਿਸ਼ਾਨ, ਕਿੱਥੇ ਤੇਰੇ ਨਗਾਰੇ ਜਿਹੜਾ ਤੂੰ ਉੱਚੀ ਉੱਚੀ ਵਜਾਈ ਜਾਂਦਾ ਸੀ? ਹੱਸ ਕੇ ਕਹਿਣ ਲੱਗੇ, ਮੇਰੇ ਪਹਿਲਾਂ ਵੀ ਨਹੀਂ ਸੀ। ਉਹ ਕਹਿੰਦੇ ਹੱਦ ਹੋ ਗਈ ਤੇਰੇ ਨਹੀਂ ਸਨ? ਕਹਿੰਦੇ ਮੇਰੇ ਨਹੀਂ, ਸਿਰਫ਼ ਮੈਂ ਤੇਰਾ ਹਾਂ, ਤੂੰ ਮੇਰਾ ਹੈਂ, ਬਾਕੀ ਤਾਂ ਤੇਰੀ ਮਰਜ਼ੀ ਹੈ ਭਾਵੇਂ ਗਾਗਰ ਮੋਢੇ 'ਤੇ ਰੱਖ ਭਾਵੇਂ ਨਗਾਰਾ ਦੇ। ਮੇਰਾ ਕੁਝ ਵੀ ਨਹੀਂ ਸੀ, ਮੇਰਾ ਸਿਰਫ਼ ਤੂੰ ਹੈਂ। ਹੁਣ ਤੁਸੀਂ ਮੈਨੂੰ ਦੱਸੋ ਨਗਾਰਾ, ਬਲਦ, ਨਿਸ਼ਾਨ ਤੁਸਾਂ ਦਿੱਤਾ ਤੇ ਤੁਸਾਂ ਲੈ ਲਿਆ, ਤੁਹਾਡੀ ਮਰਜ਼ੀ। ਹੁਣ ਇਹ ਗ਼ੁਲਾਮ ਪੁੱਛਣ ਆਇਆ ਹੈ ਕਿ ਅਗਲਾ ਮੇਰੇ ਲਈ ਹੁਕਮ ਕੀ ਹੈ?

ਚੇਤੇ ਰੱਖੋ, ਮਰੇ ਹੋਏ ਬੰਦੇ ਹੀ ਅਜਿਹੇ ਹੁੰਦੇ ਹਨ। ਜੇ ਕਿਤੇ ਹਉਮੈ ਕਰਕੇ ਜੀਉਂਦਾ ਤਾਂ ਅਗਲਾ ਪੈ ਜਾਂਦਾ ਕਿ ਆਖ਼ਿਰ ਅਸੀਂ ਗਾਗਰਾਂ ਢੋਈਆਂ ਹਨ, ਸਾਡੇ ਸਿਰ 'ਤੇ ਜ਼ਖ਼ਮ ਪੈ ਗਏ ਹਨ, ਅਸੀਂ ਇੰਨੀ ਸੇਵਾ ਕੀਤੀ ਤੇ ਸੇਵਾ ਕਰਕੇ ਦਾਤਾਂ ਲਈਆਂ। ਗੁਰੂ ਗੋਬਿੰਦ ਸਿੰਘ ਕੌਣ ਹਨ ਖੋਹਣ ਵਾਲੇ? ਨਹੀਂ, ਅਸਲ ਵਿਚ ਉਹ ਜੀਉਂਦੇ ਜੀਅ ਮਰੇ ਹੋਏ ਹਨ। ਤੇਰੇ ਮੁੱਲ ਖ਼ਰੀਦੇ ਹਨ। ਉਹ ਨਹੀਂ ਤਰਕ ਕਰਦੇ ਕਿ ਮੈਨੂੰ ਇਕ ਡਿਊਟੀ ਤੋਂ ਹਟਾ ਕੇ ਦੂਜੀ ਡਿਊਟੀ 'ਤੇ ਕਿਉਂ ਲਾਇਆ। ਉਹ ਕਹਿੰਦੇ ਹਨ ਜਦੋਂ ਖ਼ਰੀਦੇ ਗਏ ਹਾਂ, ਭਾਵੇਂ ਭਾਂਡੇ ਮੰਜਵਾ ਤੇ ਭਾਵੇਂ ਰੋਟੀਆਂ ਪਕਵਾ। ਜਦੋਂ ਮੁੱਲ ਖ਼ਰੀਦੇ ਗਏ ਫਿਰ ਆਪਣੀ ਮਰਜ਼ੀ ਨਹੀਂ ਕੋਈ।

ਭਾਈ ਗੁਰਦਾਸ ਜੀ ਕਹਿਣ ਲੱਗੇ-

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।

ਇਹ ਹੈ ਮੁਰਦਾ। ਮੁਰਦੇ ਨੂੰ ਕਦੀ ਭੁੱਖ ਲੱਗੀ ਹੈ? ਨੀਂਦ ਆਈ ਉਸਨੂੰ ਕਦੀ? ਨਹੀਂ। ਮੁਰਦੇ ਨੂੰ ਜੇ ਭੁੱਖ ਨਹੀਂ ਤਾਂ ਖਾਣਾ ਕੀ ਹੈ, ਜੇ ਨੀਂਦ ਨਹੀਂ ਤਾਂ ਸੌਣਾ ਕੀ ਹੈ।

ਪੀਹਣਿ ਹੋਇ ਜਦੀਦ ਪਾਣੀ ਢੋਵਣਾ।

ਪਾਣੀ ਢੋਂਦਾ ਹੈ। ਪਖੇ ਦੀ ਤਾਗੀਦ ਇਕੱਲਾ ਪਾਣੀ ਨਹੀਂ ਢੋਂਦਾ, ਕਦੀ ਆਟਾ ਵੀ ਤਿਆਰ ਕਰਦਾ ਹੈ।

ਪਖੇ ਦੀ ਤਾਗੀਦ ਪਗ ਮਲਿ ਧੋਵਣਾ।

ਜਦੋਂ ਮੰਨ ਲਉ ਗਰਮੀ ਨਹੀਂ, ਪ੍ਰਸ਼ਾਦ ਪਾਣੀ ਛੱਕ ਲਿਆ ਮੁਰਸ਼ੱਦ ਨੇ ਤੇ ਪਾਣੀ ਲਿਆ

ਕੇ ਉਸਦੇ ਚਰਨ ਧੋਈ ਜਾ ਰਿਹਾ ਹੈ। ਅਗਲਾ ਬਚਨ ਉਹਨਾਂ ਨੇ ਕੀਤਾ। ਕਹਿਣ ਲੱਗੇ-

ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।
ਦਰ ਦਰਵੇਸੁ ਰਸੀਦੁ ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ ਈਦ ਪੁਗਿ ਖਲੋਵਣਾ॥ ੧੮॥

(ਵਾਰ ੩, ਪਉੜੀ ੧੮)

ਜਿਹੜੇ ਅਜਿਹੇ ਮੁਰੀਦ ਹਨ ਉਹ ਸਾਈਂ ਦੇ ਦਰ ਦੇ ਦਰਵੇਸ਼ ਹਨ। ਬਾਬਾ ਜੀ ਕਹਿੰਦੇ ਹਨ ਕਿ ਕੋਈ ਸੁਆਦ ਨਹੀਂ, ਕੋਈ ਸੁੱਖ ਨਹੀਂ, ਕੋਈ ਰੱਸ ਨਹੀਂ। ਪਿਆਰਿਉ ! ਇਹੀ ਕਾਰਨ ਹੈ ਕਿ ਜਿਹੜੇ ਮਰੇ ਹੋਏ ਹਨ, ਉਹ ਇੰਦਰੀਆਂ ਦੇ ਰੱਸ ਤੋਂ ਉੱਪਰ ਕਿੰਨਾ-ਕੁ ਉੱਚੇ ਹਨ। ਜਿਵੇਂ ਈਦ ਦਾ ਚੰਦਰਮਾ ਨਿਕਲਦਾ ਹੈ, ਲੋਕ ਮੁਬਾਰਕਾਂ ਦਿੰਦੇ ਹਨ, ਇਸੇ ਤਰ੍ਹਾਂ ਜਿਹੜੇ ਸ਼ਬਦ ਵਿਚ ਮਰੇ ਹੋਏ ਪ੍ਰਵਾਨ ਹੋ ਜਾਂਦੇ ਹਨ, ਉਹਨਾਂ ਦੇ ਜੀਵਨ ਤੋਂ ਬਾਅਦ ਵੀ ਉਹਨਾਂ ਨੂੰ ਮੁਬਾਰਕ ਦਿੱਤੀ ਜਾਂਦੀ ਹੈ।

ਮੇਰੇ ਧੰਨ ਗੁਰੂ ਅਮਰਦਾਸ ਜੀ ਕ੍ਰਿਪਾਲੂ ਨੇ ਅੱਜ ਦੇ ਅੰਮ੍ਰਿਤ ਬਚਨਾਂ ਵਿਚ ਇਹ ਕ੍ਰਿਪਾ ਕੀਤੀ ਹੈ। ਕਹਿੰਦੇ ਹਨ-

ਸਬਦਿ ਮਰੈ ਸੋਈ ਜਨ ਸਿਝੈ

ਜਿਹੜਾ ਸ਼ਬਦ ਵਿਚ ਆਪਣੇ ਆਪ ਨੂੰ ਮਾਰਦਾ ਹੈ ਉਸਦੇ ਇੱਛਾ ਫੁਰਨ ਵਾਲੇ ਫੁਰਨੇ ਹੀ ਮਿੱਟ ਜਾਂਦੇ ਹਨ, ਕਿਉਂਕਿ ਸ਼ਬਦ ਉਸਦੇ ਲਈ ਆਪ ਜੀਵਨ ਬਣ ਜਾਂਦਾ ਹੈ। ਉਹ ਆਪਣੀ ਜ਼ਿੰਦਗੀ ਵਿਚ ਸਫਲ ਹੋ ਕੇ ਗਏ।

ਬਿਨੁ ਸਬਦੈ ਮੁਕਤਿ ਨ ਹੋਈ॥

ਸ਼ਬਦ ਦੀ ਕਮਾਈ ਤੋਂ ਬਿਨਾਂ ਕਦੀ ਕੋਈ ਮੁਕਤ ਨਹੀਂ ਹੋਇਆ।

ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ॥

ਜਿਹੜੇ ਬੰਦੇ ਸ਼ਬਦ ਨੂੰ ਛੱਡਕੇ ਕਰਮ ਕਾਂਡੀ ਹੋ ਗਏ, ਬਾਹਰ ਦੇ ਭੇਖ ਕਰਨ ਲੱਗ ਪਏ, ਉਹ ਇਹਨਾਂ ਭੇਖਾਂ ਵਿਚ ਹੀ ਖ਼ੁਆਰ ਹੋ ਗਏ।

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ॥ ੩੨॥

ਜਿੰਨੀ ਮਰਜ਼ੀ ਕੋਈ ਲੋਚ ਰੱਖੇ ਕਿ ਗੁਰੂ ਤੋਂ ਬਿਨਾਂ ਨਾਮ ਮਿਲ ਜਾਏ, ਗੁਰੂ ਤੋਂ ਬਿਨਾਂ ਕਦੀ ਵੀ ਨਾਮ ਨਹੀਂ ਮਿਲ ਸਕਦਾ। ਨਾਮ ਦਾ ਦਾਤਾ ਕੇਵਲ ਸਤਿਗੁਰੂ ਹੈ। ਹਜ਼ੂਰ ਨੇ ਬਾਣੀ ਵਿਚ ਕਿਹਾ ਹੈ-

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥

(ਅੰਗ ੪੬੬)

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨਾ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ॥

(ਅੰਗ ੧੩੯੯)

ਸਮਰੱਥ ਗੁਰੂ ਨੇ ਕ੍ਰਿਪਾ ਕੀਤੀ–

ਗੁਰਿ ਪੂਰੈ ਮੇਰੀ ਰਾਖਿ ਲਈ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥ ੧ ॥ ਰਹਾਉ॥
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥

(ਅੰਗ ੮੨੩)

ਪੂਰਾ ਗੁਰ ਅਖੵਉ ਜਾ ਕਾ ਮੰਤ੍ਰ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥

(ਅੰਗ ੨੮੧)

ਸਤਿਗੁਰੂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ। ਜੇ ਸੰਸਾਰਕ ਤੌਰ 'ਤੇ ਕੋਈ ਵਿੱਦਿਆ ਸਿੱਖਣੀ ਹੋਵੇ ਤਾਂ ਅਸੀਂ ਆਪਣੇ ਉਸਤਾਦ ਤੋਂ ਬਿਨਾਂ ਨਹੀਂ ਕੁਝ ਕਰ ਸਕਦੇ ਤੇ ਰੂਹਾਨੀਅਤ ਦੀਆਂ ਮੰਜ਼ਿਲਾਂ ਗੁਰੂ ਤੋਂ ਬਿਨਾਂ ਤੈਅ ਨਹੀਂ ਹੋਣੀਆਂ। ਜਦੋਂ ਗੁਰੂ ਮਿਲ ਜਾਏ ਸਮਝੋ ਰੱਬ ਮਿਲ ਗਿਆ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਗੁਰ ਸਾਧੂ ਸੰਗਤਿ ਮਿਲੈ

ਸਲੋਕ ਮਹਲਾ ੩

ਵਿਛੁੜਿ ਵਿਛੁੜਿ ਜੋ ਮਿਲੇ ਸਤਿਗੁਰ ਕੇ ਭੈ ਭਾਇ॥
ਜਨਮ ਮਰਣ ਨਿਹਚਲੁ ਭਏ ਗੁਰਮੁਖਿ ਨਾਮੁ ਧਿਆਇ॥
ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍॥
ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ੍॥ ੩੦॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਧੰਨ ਗੁਰੂ ਅਮਰਦਾਸ ਕ੍ਰਿਪਾਲੂ ਜੀ ਦਾ ਸਲੋਕ ਵਾਰਾਂ ਤੇ ਵਧੀਕ ਵਿਚੋਂ ਆਪ ਜੀ ਨੇ ਅੱਜ ਸਰਵਨ ਕੀਤਾ ਹੈ। ਇਸ ਪਵਿੱਤਰ ਸਲੋਕ ਅੰਦਰ ਗੁਰੂ ਅਮਰਦਾਸ ਜੀ ਨੇ ਸਾਨੂੰ ਕੁਝ ਗੱਲਾਂ ਦ੍ਰਿੜ ਕਰਾਈਆਂ ਹਨ। ਪਹਿਲਾ ਬਚਨ ਹੈ, ਕਈ ਜਨਮਾਂ ਦੇ ਪ੍ਰਮੇਸ਼ਰ ਦੇ ਚਰਨਾਂ ਤੋਂ ਵਿਛੜੇ ਹਾਂ ਤੇ ਇਹਨਾਂ ਵਿਛੜਿਆਂ ਹੋਇਆਂ ਨੂੰ ਸਤਿਗੁਰੂ ਨੇ ਕ੍ਰਿਪਾ ਕਰਕੇ ਉਸ ਪ੍ਰਭੂ ਦੇ ਚਰਨਾਂ ਵਿਚ ਮਿਲਾ ਦਿੱਤਾ, ਜਿਨ੍ਹਾਂ ਨੇ ਸਤਿਗੁਰੂ ਦੀ ਭੈਅ ਅਤੇ ਭਾਵਨੀ, ਨਿਰਮਲ ਭਉ ਅਤੇ ਪ੍ਰੇਮਾ ਭਗਤੀ ਵਿਚ ਆਪਣੇ ਆਪ ਨੂੰ ਜੋੜਿਆ ਤੇ ਜਨਮ ਮਰਨ ਦੇ ਦੁੱਖ ਵੱਲੋਂ ਅਡੋਲ ਹੋ ਗਏ। ਤੀਸਰਾ ਇਸਦੇ ਵਿਚ ਬਚਨ ਹੈ ਕਿ ਜਿਸਨੂੰ ਗੁਰੂ ਸਾਧੂ ਦੀ ਸੰਗਤ ਮਿਲ ਗਈ, ਉਸਨੇ ਗੁਰੂ ਦੀ ਸੰਗਤ ਵਿਚੋਂ ਕੀਮਤੀ ਹੀਰੇ, ਕੀਮਤੀ ਰਤਨ ਤੇ ਅਮੋਲਕ ਲਾਲ ਦੀ ਪ੍ਰਾਪਤੀ ਕਰ ਲਈ ਹੈ। ਸਿਰਫ਼ ਇੰਨੀਆਂ ਗੱਲਾਂ ਕਿ ਕਰੋੜਾਂ ਜਨਮਾਂ ਦੇ ਵਿਛੁੜਿਆਂ ਨੂੰ ਗੁਰੂ ਮਿਲਾਉਂਦੇ ਹਨ, ਜਨਮ ਮਰਨ ਦੇ ਦੁੱਖ ਤੋਂ ਅਡੋਲ ਕਰ ਦਿੰਦੇ ਹਨ ਤੇ ਜਿਸਨੂੰ ਗੁਰੂ ਦੀ ਸੰਗਤ ਨਸੀਬ ਹੋ ਜਾਏ, ਉਸਨੂੰ ਸੰਗਤ ਵਿਚੋਂ ਨਾਮ ਦਾ ਕੀਮਤੀ ਹੀਰਾ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਕ੍ਰਿਪਾਲੂ ਜੀ ਨੇ ਗਉੜੀ ਰਾਗ ਦੇ ਅੰਦਰ ਇਕ ਸ਼ਬਦ ਵਿਚ ਕ੍ਰਿਪਾਲਤਾ ਕਰਕੇ ਇਸ ਗੱਲ ਦੀ ਸਾਨੂੰ ਸੂਝ ਕਰਾਈ ਅਤੇ ਆਪਣੇ ਅੰਦਰ ਨੂੰ ਖੋਜਣ ਲਈ ਪ੍ਰੇਰਿਆ। ਉਹ ਸੂਝ ਇਹ ਸੀ ਕਿ ਜਿਸ ਘਰ ਦੇ ਵਿਚ ਸਾਡਾ ਜਨਮ ਹੋਇਆ ਹੈ, ਇਸ ਘਰ ਵਿਚ ਜਨਮ ਦੇਣ ਵਾਲੀ ਮਾਂ ਨਾਲ ਸਾਡਾ ਕਿੰਨੇ-ਕੁ ਜਨਮਾਂ ਦਾ ਸੰਬੰਧ ਹੈ ਤੇ ਕੇਵਲ ਮਾਂ ਨਾਲ

ਹੀ ਨਹੀਂ, ਇਸ ਘਰ ਦੇ ਅੰਦਰ ਜਿਹੜਾ ਬਾਪ ਸਾਡੀ ਪਾਲਣਾ ਕਰ ਰਿਹਾ ਹੈ, ਇਸ ਬਾਪ ਨਾਲ ਸਾਡੇ ਕਿੰਨੇ-ਕੁ ਜਨਮਾਂ ਦੇ ਸੰਬੰਧ ਹਨ? ਹਜ਼ੂਰ ਨੇ ਆਪ ਹੀ ਪ੍ਰਸ਼ਨ ਕਰਕੇ ਫਿਰ ਆਪ ਹੀ ਉਹਨਾਂ ਪ੍ਰਸ਼ਨਾਂ ਦਾ ਉੱਤਰ ਦਿੱਤਾ ਹੈ। ਹੁਣ ਸਾਨੂੰ ਕੇਵਲ ਇੰਨਾ ਕੁ ਪਤਾ ਹੈ ਕਿ ਜਨਮ ਤੋਂ ਬਾਅਦ ਜਿਸ ਦਿਨ ਸੁਰਤ ਸੰਭਾਲੀ, ਇਹ ਮਾਂ ਹੈ, ਇਹ ਮੇਰੇ ਪਿਤਾ ਜੀ ਹਨ, ਇਹ ਮੇਰਾ ਪਰਿਵਾਰ ਹੈ, ਪਰ ਇਹ ਨਹੀਂ ਸਮਝਦੇ ਕਿ ਇਸ ਜਨਮ ਤੋਂ ਪਹਿਲਾਂ ਮੇਰੇ ਪਿਤਾ ਜੀ ਕੌਣ ਸਨ ਅਤੇ ਜਿਨ੍ਹਾਂ ਨਾਲ ਮੇਰਾ ਅੱਜ ਸੰਬੰਧ ਬਣਿਆ ਹੈ, ਕੀ ਇਹਨਾਂ ਨਾਲ ਮੇਰਾ ਪਹਿਲੇ ਜਨਮਾਂ ਵਿਚ ਵੀ ਇਸੇ ਤਰ੍ਹਾਂ ਸੰਬੰਧ ਸੀ?

ਹਜ਼ੂਰ ਕਹਿੰਦੇ ਹਨ, ਕਦੀ ਆਪਣੇ ਅਤੀਤ ਨੂੰ ਖੋਜ ਤੇ ਜੇ ਬੀਤੇ ਹੋਏ ਨੂੰ ਖੋਜਣ ਤੁਰੇਂਗਾ ਤਾਂ ਰੱਬ ਮੇਹਰ ਕਰੇ ਤੈਨੂੰ ਵਰਤਮਾਨ ਦੀ ਸੋਝੀ ਵੀ ਪਏਗੀ ਤੇ ਜਿਸ ਬੰਦੇ ਨੂੰ ਵਰਤਮਾਨ ਪੜਚੋਲਨ ਦੀ ਜਾਚ ਆ ਜਾਏ, ਹਕੀਕਤ ਵਿਚ ਉਸਦਾ ਭਵਿੱਖ ਸੁਨਹਿਰੀ ਬਣ ਜਾਂਦਾ ਹੈ। ਹਜ਼ੂਰ ਦੇ ਅੰਮ੍ਰਿਤ ਬਚਨ ਇਸ ਲਈ ਅਰਜ਼ ਕਰ ਰਿਹਾ ਹਾਂ ਕਿ ਇਸ ਜਨਮ ਵਿਚ ਆਉਣ ਤੋਂ ਪਹਿਲਾਂ ਅਸੀਂ ਕਿਹੜੀਆਂ ਕਿਹੜੀਆਂ ਥਾਵਾਂ ਤੋਂ ਲੰਘ ਕੇ ਆਏ ਤੇ ਕਰੋੜਾਂ ਜਨਮਾਂ ਤੋਂ ਪ੍ਰਮਾਤਮਾ ਤੋਂ ਵਿਛੜੇ ਹਾਂ ਤੇ ਗੁਰੂ ਅਮਰਦਾਸ ਅੱਜ ਕਹਿ ਰਹੇ ਹਨ ਕਿ ਇਹਨਾਂ ਵਿਛੜਿਆਂ ਹੋਇਆਂ ਨੂੰ ਜੇ ਮਿਲਾ ਸਕਦਾ ਹੈ ਤਾਂ ਤੇਰਾ ਸਤਿਗੁਰੂ। ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਹੈ-

ਕਤ ਕੀ ਮਾਈ ਬਾਪੁ ਕਤ ਕੇਰਾ॥

ਕਦੋਂ ਦੀ ਸਾਡੀ ਕੋਈ ਮਾਂ ਹੈ, ਜਿਸਨੂੰ ਅੱਜ ਮਾਂ ਕਹਿੰਦੇ ਹਨ, ਕਦੋਂ ਦਾ ਇਸ ਨਾਲ ਸੰਬੰਧ ਹੈ? ਪਿਤਾ ਨਾਲ ਸਾਡੇ ਕਿੰਨੇ-ਕੁ ਜਨਮਾਂ ਦੇ ਸੰਬੰਧ ਹਨ?

ਕਿਦੂ ਥਾਵਹੁ ਹਮ ਆਏ॥

ਇਸ ਚੋਲੇ ਨੂੰ ਗ੍ਰਹਿਣ ਕਰਨ ਤੋਂ ਪਹਿਲਾਂ, ਇਸ ਮਨੁੱਖਾ ਦੇਹੀ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਾਨੂੰ ਇੰਨੀ ਸਮਝ ਹੈ ਕਿ ਅਸੀਂ ਕਿਹੜੀ ਥਾਂ ਤੋਂ ਚੱਲਕੇ ਇਸ ਚੋਲੇ ਵਿਚ ਆਏ ਹਾਂ?

ਅਗਨਿ ਬਿੰਬ ਜਲ ਭੀਤਰਿ ਨਿਪਜੇ

ਮਾਤਾ ਦੇ ਉਦਰ ਦੀ ਅੱਗ ਛੋਟਾ ਜਿਹਾ ਪਾਣੀ ਦਾ ਬੁਲਬੁਲਾ ਜਿਸਦੇ ਵਿਚੋਂ ਸਾਡੇ ਇਸ ਤਨ ਦੀ ਪੈਦਾਇਸ਼ ਹੋ ਰਹੀ ਹੈ। ਅੱਗ ਦੇ ਵਿਚ ਛੋਟੇ ਜਿਹੇ ਪਾਣੀ ਦੇ ਬੁਲਬਲੇ ਵਿਚੋਂ ਤੇ ਉਸ ਪਾਣੀ ਵਿਚੋਂ ਅਸੀਂ ਪੈਦਾ ਹੋਏ।

ਕਾਹੇ ਕੰਮਿ ਉਪਾਏ॥ ੧॥

ਆਖ਼ਿਰ ਜੇ ਇਸ ਧਰਤੀ 'ਤੇ ਆਏ ਤਾਂ ਅਸੀਂ ਕਿਹੜੇ ਕੰਮ ਲਈ ਆਏ ? ਇਸ ਤੋਂ ਅਗਲੇ ਬਚਨ ਹਨ-

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥

ਹੇ ਮੇਰੇ ਪ੍ਰਮਾਤਮਾ ! ਤੇਰੇ ਗੁਣਾਂ ਨੂੰ ਕੌਣ ਜਾਣ ਸਕਦਾ ਹੈ, ਕੋਈ ਵੀ ਨਹੀਂ।

ਕਹੇ ਨ ਜਾਨੀ ਅਉਗਣ ਮੇਰੇ॥ ੧॥ ਰਹਾਉ॥

ਤੇਰੇ ਗੁਣਾਂ ਦਾ ਕੋਈ ਅੰਤ ਨਹੀਂ। ਇਸੇ ਤਰ੍ਹਾਂ ਮੇਰੇ ਔਗੁਣਾਂ ਦਾ ਕੋਈ ਅੰਤ ਨਹੀਂ। ਜਿਹੜਾ ਇਹ ਪ੍ਰਸ਼ਨ ਸੀ ਕਿ ਇਸ ਸਰੀਰ ਨੂੰ ਹਾਸਿਲ ਕਰਨ ਤੋਂ ਪਹਿਲਾਂ ਕਿਹੜੀਆਂ ਕਿਹੜੀਆਂ ਥਾਵਾਂ ਵਿਚੋਂ ਅਸੀਂ ਇਸ ਤਨ ਵਿਚ ਆਏ ਹਾਂ? ਉਥੇ ਹਜ਼ੂਰ ਨੇ ਚਾਰ ਪ੍ਰਮਾਣ ਦਿੱਤੇ ਹਨ। ਇਕ ਹਨ ਬਨਾਸਪਤੀ, ਦੂਜੇ ਹਨ ਅਸਮਾਨ ਵਿਚ ਉੱਡਣ ਵਾਲੇ ਖੰਭਾਂ ਦੇ ਸਹਾਰੇ ਪਰਿੰਦੇ, ਤੀਜੇ ਹਨ ਆਪਣੀਆਂ ਲੱਤਾਂ ਦੇ ਸਹਾਰੇ ਚਾਰ ਪੈਰਾਂ ਦੇ ਸਹਾਰੇ ਚੱਲਣ ਵਾਲੇ ਜਾਨਵਰ ਤੇ ਚੌਥੇ ਹਨ ਜਿਨ੍ਹਾਂ ਦੇ ਨਾ ਖੰਭ ਹਨ, ਨਾ ਪੈਰ ਹਨ, ਕੇਵਲ ਉਹ ਆਪਣੇ ਪੇਟ ਭਾਰ ਧਰਤੀ ਉੱਤੇ ਰੇਂਗ ਕੇ ਚੱਲਦੇ ਹਨ। ਬਚਨ ਹਨ—

ਕੇਤੇ ਰੁਖ ਬਿਰਖ ਹਮ ਚੀਨੇ

ਹੁਣ ਇਥੇ ਇਕ ਵਚਨ ਰੁੱਖ ਨਹੀਂ, ਕੇਤੇ ਦਾ ਅਰਥ ਹੈ ਅਣਗਿਣਤ। ਇਸਦਾ ਮਤਲਬ ਪਤਾ ਨਹੀਂ ਕਿਹੜੇ ਕਿਹੜੇ ਰੁੱਖਾਂ ਦੀ, ਕਿਹੜੇ ਕਿਹੜੇ ਬ੍ਰਿਖਾਂ ਦੀ ਆਪਾਂ ਜੂਨ ਵਿਚੋਂ ਨਿਕਲ ਕੇ ਆਏ ਹਾਂ। ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਪਤਾ ਨਹੀਂ ਕਿੰਨੇ ਰੁੱਖ ਅਤੇ ਬ੍ਰਿਖ ਅਸੀਂ ਦੇਖੇ ਹਨ। ਦੇਖੇ ਦਾ ਮਤਲਬ ਅਸੀਂ ਉਹਨਾਂ ਵਿਚੋਂ ਇਸ ਜੀਵਨ ਵਿਚ ਵਿਕਾਸ ਕਰਦੇ ਪਹੁੰਚੇ ਹਾਂ।

ਕੇਤੇ ਪਸੂ ਉਪਾਏ॥

ਪਤਾ ਨਹੀਂ ਕਿੰਨੇ-ਕੁ ਪਸ਼ੂਆਂ ਦੇ ਰੂਪ ਵਿਚ ਇਸ ਧਰਤੀ 'ਤੇ ਵਿਚਰੇ। ਅਣਗਿਣਤ ਧਰਤੀ 'ਤੇ ਰੁੱਖ ਹਨ। ਇਹੋ ਜਿਹੇ ਵੀ ਰੁੱਖ ਹਨ ਜਿਨ੍ਹਾਂ ਦੀ ਮਨੁੱਖ ਨੂੰ ਅਜੇ ਤੱਕ ਜਾਣਕਾਰੀ ਵੀ ਨਹੀਂ, ਉਸਦਾ ਨਾਮ ਵੀ ਨਹੀਂ ਪਤਾ ਕਿ ਇਹ ਰੁੱਖ ਕਿਹੜਾ ਹੈ। ਪਹਾੜਾਂ 'ਤੇ ਅਣਗਿਣਤ ਰੁੱਖ ਹਨ ਪਰ ਹਰ ਰੁੱਖ ਦਾ ਮਨੁੱਖ ਨਾਮ ਨਹੀਂ ਦੇ ਸਕਿਆ। ਕੇਵਲ ਪਹਾੜਾਂ ਵਿਚ ਨਹੀਂ, ਸਮੁੰਦਰ ਵਿਚ ਵੀ ਪੌਦੇ ਹਨ। ਮਨੁੱਖ ਹਰ ਇਕ ਉਸ ਸਮੁੰਦਰ ਵਿਚ ਉੱਗੇ ਪੌਦੇ ਦਾ ਨਾਮ ਵੀ ਨਹੀਂ ਦੇ ਸਕਿਆ। ਗੁਰੂ ਨਾਨਕ ਸਾਹਿਬ ਬਖ਼ਸ਼ਿਸ਼ ਕਰਦੇ ਹਨ ਕਿ ਜੇ ਬਨਾਸਪਤੀ ਨੂੰ ਤੂੰ ਧਿਆਨ ਨਾਲ ਦੇਖੇਂ, ਪਤਾ ਨਹੀਂ ਕਿੰਨੇ-ਕੁ ਰੁੱਖ ਰੱਬ ਨੇ ਪੈਦਾ ਕੀਤੇ ਹਨ। ਸੱਚ ਜਾਣੀ, ਇਹਨਾਂ ਰੁੱਖਾਂ ਦੇ ਵਿਚੋਂ ਸਫ਼ਰ ਕਰਦਾ ਹੋਇਆ ਤੂੰ ਅੱਗੇ ਇਸ ਸਰੀਰ ਵਾਲੇ ਮੁਕਾਮ 'ਤੇ ਪਹੁੰਚਿਆ ਹੈਂ। ਅਨੇਕ ਪਸ਼ੂਆਂ ਦੇ ਰੂਪ ਵਿਚ ਧਰਤੀ 'ਤੇ ਵਿਚਰਿਆ ਹੈ।

ਹੁਣ ਪਸ਼ੂ ਕੇਵਲ ਇਕ ਨਹੀਂ। ਪਸ਼ੂਆਂ ਦੀ ਗਿਣਤੀ ਵੀ ਬੇਅੰਤ ਹੈ। ਉਹਨਾਂ ਵਿਚੋਂ ਅਨੇਕਾਂ ਚਾਰਪਾਏ ਪਸ਼ੂ ਹਨ, ਜਿਨ੍ਹਾਂ ਦੇ ਰੂਪ ਵਿਚ ਮਨੁੱਖ ਵਿਚਰਿਆ।

ਕੇਤੇ ਨਾਗ ਕੁਲੀ ਮਹਿ ਆਏ

ਨਾਗਾਂ ਦੀ ਕੁੱਲ ਦਾ ਅਰਥ ਅਸੀਂ ਇਥੇ ਲਵਾਂਗੇ ਕਿ ਉਹ ਜਨਮ, ਉਹ ਜੂਨਾਂ ਜਿਨ੍ਹਾਂ ਵਿਚ ਨਾ ਤੁਰਨ ਲਈ ਪੈਰ ਹਨ, ਨਾ ਉੱਡਣ ਲਈ ਖੰਭ ਹਨ, ਕੇਵਲ ਉਹ ਧਰਤੀ ਦੇ ਉੱਤੇ ਪੇਟ ਭਾਰ ਤੁਰ ਕੇ ਰੇਂਗ ਕੇ ਤੁਰਦੇ ਹਨ। ਪਤਾ ਨਹੀਂ ਇਸ ਜਨਮ ਤੋਂ ਪਹਿਲਾਂ ਕਿੰਨਿਆਂ ਕੁ ਨਾਗਾਂ ਵਰਗੇ ਜਨਮਾਂ ਵਿਚੋਂ ਇਹ ਤਨ ਨਿਕਲ ਕੇ ਆਇਆ ਹੈ।

ਕੇਤੇ ਪੰਖ ਉਡਾਏ॥ ੨॥

(ਅੰਗ ੧੫੬)

ਪਤਾ ਨਹੀਂ ਕਿੰਨੇ ਪੰਛੀਆਂ ਦੇ ਰੂਪ ਵਿਚ ਮਨੁੱਖ ਦੀ ਜੀਵ-ਆਤਮਾ ਉੱਡਦੀ ਰਹੀ ਹੈ। ਇਸਦਾ ਮਤਲਬ ਕਿ ਅਨੇਕਾਂ ਥਾਵਾਂ ਤੋਂ ਸਫ਼ਰ ਕਰਕੇ ਇਹ ਵਿਛੜਿਆ ਹੋਇਆ ਜੀਵ ਪੜਾਅ-ਦਰ-ਪੜਾਅ ਅੱਗੇ ਚੱਲਦਾ ਆਇਆ ਹੈ। ਪ੍ਰਮਾਤਮਾ ਨੇ ਮੇਹਰ ਕੀਤੀ, ਇਸਨੂੰ ਭਟਕਣ ਤੋਂ ਬਾਅਦ ਦੇਹੀ ਮਿਲ ਗਈ। ਇਸ ਦੇ ਵਿਚ ਕੋਈ ਦੋ ਰਾਹਵਾਂ ਨਹੀਂ। ਮਨੁੱਖ ਆਪਣੇ ਕਰਮਾਂ ਦਾ ਬੱਝਾ ਹੋਇਆ, ਆਪਣੇ ਕੀਤੇ ਹੋਏ ਕਰਮਾਂ ਦੇ ਸਦਕੇ ਜਨਮ ਮਰਨ ਦੇ ਤਾਣੇ ਵਿਚ ਪਿਆ ਹੋਇਆ ਹੈ। ਪਰ ਇਕ ਗੱਲ ਹੋਰ ਕਿ ਉਸ ਪ੍ਰਭੂ ਨੇ ਆਪ ਹੀ ਆਪਣੀ ਰਜ਼ਾ ਵਿਚ ਵਿਚਰਨ ਦਿੱਤਾ ਤੇ ਪਰਤ ਕੇ ਆਪਣੀ ਕ੍ਰਿਪਾ ਨਾਲ ਉਹ ਮਿਲਾ ਵੀ ਲੈਂਦਾ ਹੈ।

ਉਸਨੇ ਸਾਡੇ ਜੀਵਾਂ ਲਈ ਇਕ ਵਸੀਲਾ ਬਣਾਇਆ ਹੈ ਮਿਲਣ ਦੇ ਲਈ। ਹਰ ਇਕ ਮਨੁੱਖ ਲਈ ਅਸੀਂ ਕਹੀਏ ਕਿ ਹਰੇਕ ਬੰਦਾ ਜੂਨਾਂ ਭਟਕ ਕੇ ਆਇਆ ਹੈ ਤਾਂ ਇਹ ਗੱਲ ਹਰ ਇਨਸਾਨ 'ਤੇ ਨਹੀਂ ਢੁੱਕੇਗੀ। ਆਪ ਜੀ ਸੋਚੋਗੇ ਕਿ ਪ੍ਰਮਾਤਮਾ ਦਾ ਕਾਨੂੰਨ ਸਭ ਲਈ ਇਕੋ ਜਿਹਾ ਹੈ। ਕੀ ਉਸਨੇ ਹਰ ਇਕ ਬੰਦੇ ਨੂੰ ਜੂਨਾਂ ਦੇ ਚੱਕਰ ਵਿਚ ਨਹੀਂ ਰੱਖਿਆ? ਅਸੀਂ ਕਰਮਾਂ ਦੇ ਬੱਝੇ ਹੋਏ ਸਰੀਰਾਂ ਵਿਚੋਂ ਜ਼ਰੂਰ ਨਿਕਲ ਕੇ ਆਏ ਹਾਂ, ਪਰ ਜਿਹੜੇ ਰੱਬ ਦੇ ਦਰ ਤੋਂ ਬਖ਼ਸ਼ੀਆਂ ਹੋਈਆਂ ਰੂਹਾਂ ਗੁਰੂ ਪੈਗ਼ੰਬਰ ਆਉਂਦੇ ਹਨ, ਸੱਚ ਜਾਣਿਓ, ਉਹ ਜੂਨਾਂ ਵਿਚ ਭਟਕ ਕੇ ਨਹੀਂ, ਸੁੱਤੇ ਸਿਧ ਪ੍ਰਮਾਤਮਾ ਉਹਨਾਂ ਨੂੰ ਆਪਣੀ ਅੰਸ਼ ਸਾਕਾਰ ਰੂਪ ਮਨੁੱਖ ਦਾ ਦੇ ਕੇ ਜਗਤ ਦੇ ਭਲੇ ਲਈ ਤੋਰਦੇ ਹਨ, ਜੂਨਾਂ ਵਿਚ ਭਟਕਣ ਲਈ ਨਹੀਂ। ਕਈ ਵਾਰੀ ਮੈਂ ਆਪ ਜੀ ਦੇ ਅੱਗੇ ਇਹ ਬੇਨਤੀ ਵੀ ਕੀਤੀ ਹੈ, ਪਿਆਰਿਓ ! ਕਿ ਅਸੀਂ ਭਾਵੇਂ ਸਫ਼ਰ ਕਰਦੇ ਆਏ ਹਾਂ ਪਰ ਜਿਹੜੇ ਨਿਵਾਜੇ ਹੋਏ ਹਨ, ਧੁਰੋਂ ਭੇਜੇ ਹੋਏ ਹਨ, ਉਹਨਾਂ ਦਾ ਧਰਤੀ 'ਤੇ ਆਉਣ ਦਾ ਕੋਈ ਮਕਸਦ ਹੈ। ਵੈਸੇ ਤਾਂ ਕੋਈ ਮਨੁੱਖ ਅਜਿਹਾ ਨਹੀਂ ਜਿਹੜਾ ਬਿਨਾਂ ਅਰਥ ਇਸ ਧਰਤੀ 'ਤੇ ਆਇਆ ਹੋਵੇ, ਪਰ ਇਹ ਗੱਲ ਵੱਖਰੀ ਹੈ ਕਿ ਕੋਈ ਬੰਦਾ ਇਸ ਗੱਲ ਨੂੰ ਸਮਝ ਜਾਂਦਾ ਹੈ ਕਿ ਮੈਂ ਇਸ ਧਰਤੀ 'ਤੇ ਕਰਨ ਕੀ ਆਇਆ ਹਾਂ ਤੇ ਕੁਝ ਅਜਿਹੇ ਹਨ ਜਿਹੜੇ ਆਪਣੀ ਜ਼ਿੰਦਗੀ ਦੇ ਪ੍ਰਯੋਜਨ ਨੂੰ ਸਮਝਦੇ ਨਹੀਂ ਤੇ ਨਾਸਮਝੀ ਕਰਕੇ ਬੇਪਰਵਾਹ ਹੋ ਕੇ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਕੇ ਚਲੇ ਜਾਂਦੇ ਹਨ।

ਪ੍ਰਭੂ ਨੇ ਇਕ ਕ੍ਰਿਪਾ ਕੀਤੀ ਕਿ ਜਿਸ ਜੂਨ ਵਿਚ ਵੀ ਮਨੁੱਖ ਰਿਹਾ, ਉਸਨੇ ਹਰ ਇਕ ਜੂਨ ਵਿਚ ਇਸ ਜੀਵ ਦੀ ਰੱਖਿਆ ਜ਼ਰੂਰ ਕੀਤੀ ਹੈ। ਇਹ ਨਹੀਂ ਕਿ ਇਕੱਲਾ ਮਨੁੱਖ ਦੀ

ਰੱਖਿਆ ਕਰਦਾ ਹੈ, ਪ੍ਰਮਾਤਮਾ ਨੇ ਕ੍ਰਿਪਾ ਕੀਤੀ ਇਸਨੂੰ ਹਰ ਜੀਵ ਵਿਚ ਸੰਤੁਸ਼ਟੀ ਦਿੱਤੀ। ਖਿਮਾ ਕਰਿਉ, ਭਾਵੇਂ ਸੱਪ ਅੱਤ ਦਾ ਜ਼ਹਿਰੀਲਾ ਹੈ। ਕਦੀ ਸੱਪ ਦਾ ਆਪਣੇ ਆਪ ਚਿੱਤ ਨਹੀਂ ਕੀਤਾ ਕਿ ਮੈਂ ਮਰ ਜਾਵਾਂ। ਬਿਸ਼ਟਾ ਦੇ ਕੀੜੇ, ਗੰਦਗੀ ਵਿਚ ਰਹਿਣ ਵਾਲਿਆਂ ਨੂੰ ਵੀ ਸੰਤੁਸ਼ਟੀ ਦਿੱਤੀ। ਉਹਨਾਂ ਦਾ ਚਿੱਤ ਨਹੀਂ ਕਰਦਾ ਕਿ ਅਸੀਂ ਮਰੀਏ। ਜੰਗਲ ਵਿਚ ਭਟਕਣ ਵਾਲੇ ਪੰਛੀਆਂ ਅਤੇ ਪਸ਼ੂਆਂ ਨੂੰ ਵੀ ਉਸਨੇ ਟਿਕਾਅ ਦਿੱਤਾ। ਜਿਹੜੀ ਜੂਨ ਦਿੱਤੀ, ਉਸਦੇ ਨਾਲ ਨਾਲ ਉਸਨੂੰ ਸੰਤੁਸ਼ਟੀ ਦਿੱਤੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ 84 ਲੱਖ ਜੂਨੀਆਂ ਦਾ ਜਦੋਂ ਇਹ ਸਰਦਾਰ ਬਣਦਾ ਹੈ, ਜਦੋਂ ਇਹ ਪੂਰੇ ਜੀਵਾਂ ਦੇ ਵਿਚੋਂ ਸ਼੍ਰੋਮਣੀ ਜੂਨ ਬਣਦਾ ਹੈ ਮਨੁੱਖ, ਉਦੋਂ ਇਹ ਇੰਨਾ ਭਟਕ ਜਾਂਦਾ ਹੈ ਕਿ ਜ਼ਿਆਦਾ ਤਰ ਲੋਕ ਰੱਬ ਦੀ ਮਿਲੀ ਹੋਈ ਇਸ ਮਨੁੱਖਾ ਦੇਹੀ ਦੀ ਦਾਤ ਨੂੰ ਆਤਮ-ਹੱਤਿਆ ਕਰਕੇ ਖ਼ਤਮ ਕਰ ਦਿੰਦੇ ਹਨ। ਪੰਛੀ ਕਦੀ ਆਤਮ-ਹੱਤਿਆ ਨਹੀਂ ਕਰੇਗਾ। ਪਸ਼ੂ ਕਦੀ ਆਪਣੇ ਜੀਵਨ ਨੂੰ ਤਬਾਹ ਨਹੀਂ ਕਰੇਗਾ। ਜ਼ਮੀਨ 'ਤੇ ਰਹਿਣ ਵਾਲੇ, ਮਿੱਟੀ ਵਿਚ ਰਹਿਣ ਵਾਲੇ ਕਿਰਮ ਆਪਣੀ ਜ਼ਿੰਦਗੀ ਤਬਾਹ ਨਹੀਂ ਕਰਨਗੇ। ਜ਼ਮੀਨ ਦੇ ਉੱਤੇ ਰੇਂਗ ਕੇ ਚੱਲਣ ਵਾਲੇ ਸੱਪ ਆਦਿ ਆਪਣੇ ਜੀਵਨ ਤੋਂ ਲਾਚਾਰ ਹੋ ਕੇ ਆਤਮ-ਹੱਤਿਆ ਨਹੀਂ ਕਰਨਗੇ। ਕੇਵਲ ਇਕ ਮਨੁੱਖ ਅਜਿਹਾ ਹੈ, ਜੇ ਇਸਨੂੰ ਜੀਵਨ ਜੀਉਣ ਦੀ ਜੁਗਤ ਨਾ ਆਈ ਤਾਂ ਰੱਬ ਦੀ ਦਿੱਤੀ ਹੋਈ ਕੀਮਤੀ ਦਾਤ ਦੀ ਕਦਰ ਨਾ ਜਾਣਦਿਆਂ ਹੋਇਆਂ ਇਹ ਆਤਮ-ਹੱਤਿਆ, ਕਰਕੇ ਆਪਣੀ ਜ਼ਿੰਦਗੀ ਨੂੰ ਤਬਾਹ ਕਰਨ ਵੱਲ ਤੁਰਦਾ ਹੈ। ਹਜ਼ੂਰ ਦੇ ਅਸੀਂ ਬਚਨ ਪੜਦੇ ਹਾਂ-

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ॥
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥

(ਤ੍ਵ ਪ੍ਰਸਾਦਿ ਸਵੈਯੇ)

ਹੁਣ ਇਹ ਜਿਹੜੀਆਂ ਪੰਗਤੀਆਂ ਹਨ ਕਿ *ਪਛ ਪਸੂ ਨਗ ਨਾਗ ਨਰਾਧਿਪ,* ਉਹ ਪ੍ਰਮਾਤਮਾ ਪਸ਼ੂਆਂ ਦੀ, ਪੰਛੀਆਂ ਦੀ, ਪਹਾੜਾਂ ਵਿਚ ਰਹਿਣ ਵਾਲਿਆਂ ਦੀ, ਪੱਥਰ ਵਿਚ ਜੰਮੇ ਹੋਏ ਕੀੜਿਆਂ ਦੀ ਵੀ ਮਦਦ ਕਰਦਾ ਹੈ, ਭਾਵੇਂ ਇਹ ਅੰਦਰ ਵਾਲਾ ਜੀਵ ਪ੍ਰਮਾਤਮਾ ਤੋਂ ਵਿਛੜਿਆ ਹੈ, ਪਰ ਇਹ ਕਦੀ ਨਾ ਭੁੱਲੀਏ ਕਿ ਜਿਸ ਜੂਨ ਵਿਚ ਵੀ ਜੀਵ ਰਿਹਾ ਹੈ, ਪ੍ਰਮਾਤਮਾ ਨੇ ਇਸਨੂੰ ਆਪਣੀ ਨਜ਼ਰ ਤੋਂ ਓਹਲੇ ਨਹੀਂ ਕੀਤਾ। ਜੇ ਓਹਲੇ ਕਰ ਦਿੰਦਾ ਤਾਂ ਇਸਦੀ ਪਰਵਰਿਸ਼ ਕਿਵੇਂ ਹੁੰਦੀ? ਬਸ ਫ਼ਰਕ ਇੰਨਾ ਹੈ ਕਿ ਹੋਰਨਾਂ ਜੂਨਾਂ ਵਿਚ ਮਨੁੱਖ ਵਿਚਰਿਆ, ਪ੍ਰਮਾਤਮਾ ਇਸਨੂੰ ਦੇਖਦਾ ਰਿਹਾ ਹੈ, ਇਸ ਜੀਵ ਨੇ ਰੱਬ ਨੂੰ ਤੱਕਿਆ। ਮਨੁੱਖਾ ਦੇਹੀ ਅਜਿਹੀ ਹੈ ਜਿੱਥੇ ਪ੍ਰਮਾਤਮਾ ਇਸਨੂੰ ਦੇਖਦਾ ਤਾਂ ਪਹਿਲਾਂ ਜੂਨਾਂ ਵਿਚ ਵੀ ਸੀ ਪਰ ਮਨੁੱਖਾ ਦੇਹੀ ਵਿਚ ਇਸਦੇ ਕੋਲ ਸੂਝ ਗੁਰੂ ਕ੍ਰਿਪਾ ਨਾਲ ਇੰਨੀ ਕੁ ਆ ਸਕਦੀ ਹੈ, ਇਹ

ਆਪਣੇ ਵੱਲ ਦੇਖਦੇ ਹੋਏ ਪ੍ਰਮਾਤਮਾ ਨੂੰ ਵੀ ਦੇਖ ਸਕਦਾ ਹੈ।

ਸਤਿਗੁਰ ਤਾਂ ਬਾਣੀ ਵਿਚ ਕਹਿੰਦੇ ਹਨ ਕਿ 42 ਲੱਖ ਜੂਨ ਪਾਣੀ ਵਿਚ ਪੈਦਾ ਕੀਤੀ। ਉਸ ਜੂਨ ਦੀ ਹਿਫ਼ਾਜ਼ਤ ਵੀ ਉਹ ਕਰਦਾ ਰਿਹਾ। ਇਕ ਅਰਜ਼ ਮੈਂ ਜ਼ਰੂਰ ਕਰਾਂ ਕਿ ਪਤਾ ਨਹੀਂ ਕਿੰਨੀਆਂ-ਕੁ ਜੂਨਾਂ ਹਨ, ਗਿਣਤੀ-ਮਿਣਤੀ 84 ਵਿਚ ਵੀ ਨਹੀਂ ਹੋ ਸਕਦੀ। ਇਸਨੂੰ ਨਾਸਤਿਕਤਾ ਵਾਲੇ ਬਚਨ ਨਾ ਮੰਨਿਉ। ਇਹ ਸ਼ਾਸਤਰਕਾਰਾਂ ਦੀ ਗਿਣਤੀ ਹੈ। ਵਿਦਵਾਨਾਂ ਨੇ ਕਹਿ ਦਿੱਤਾ ਕਿ ਕੇਵਲ ਚਾਰ ਖਾਣੀਆਂ ਹਨ, ਪਰ ਗੁਰੂ ਦੀ ਗੁਰਮਤਿ ਨੇ ਕਿਹਾ, ਠੀਕ ਹੈ ਤੈਨੂੰ ਸਮਝ ਚਾਰ ਦੀ ਪਈ ਹੈ ਪਰ ਸੱਚ ਜਾਣੀ, ਪਤਾ ਨਹੀਂ ਰੱਬ ਨੇ ਕਿੰਨੀਆਂ-ਕੁ ਖਾਣੀਆਂ ਬਣਾਈਆਂ ਹਨ। ਚਾਰ ਖਾਣੀਆਂ ਬਣਾਈਆਂ-ਅੰਡਜ, ਜੇਰਜ, ਸੇਤਜ, ਉਤਭੁਜ। ਇਹ ਚਾਰ ਖਾਣੀਆਂ ਕਿ ਅੰਡੇ ਰਾਹੀਂ ਜੀਅ ਪੈਦਾ ਹੁੰਦੇ ਹਨ, ਪਸੀਨੇ ਰਾਹੀਂ, ਧਰਤੀ ਰਾਹੀਂ ਜਾਂ ਇਹ ਜੇਰਜ ਰਾਹੀਂ ਪੈਦਾ ਹੁੰਦੇ ਹਨ, ਪਰ ਅਸਲ ਵਿਚ ਇਹ ਉੱਨੀਆਂ ਕੁ ਪਤਾ ਹਨ ਜਿੰਨੀਆਂ ਕੁ ਮਨੁੱਖ ਨੂੰ ਅੱਖਾਂ ਨਾਲ ਦਿੱਸੀਆਂ ਤੇ ਕਦੀ ਆਪਣੇ ਅੰਦਰ ਝਾਤੀ ਮਾਰ ਕੇ ਦੇਖੇ, ਪਤਾ ਨਹੀਂ ਕਰੋੜਾਂ ਨਿੱਕੇ ਨਿੱਕੇ ਜੀਵ ਇਸਦੇ ਖ਼ੂਨ ਅੰਦਰ ਪੈਦਾ ਹੁੰਦੇ ਪਏ ਹਨ। ਆਖ਼ਿਰ ਇਹ ਵੀ ਤਾਂ ਰੱਬ ਨੇ ਇਕ ਖਾਣੀ ਬਣਾਈ ਹੈ। ਇਕੱਲੇ ਬੰਦੇ ਦੇ ਖ਼ੂਨ ਵੱਲ ਝਾਤੀ ਮਾਰੋ, ਪਤਾ ਨਹੀਂ ਕਿੰਨੇ-ਕੁ ਜੀਵ ਪੈਦਾ ਹੁੰਦੇ ਹਨ। ਚਾਰ ਬਾਣੀਆਂ ਅਸੀਂ ਮੰਨਦੇ ਹਾਂ-ਬੈਖਰੀ, ਮਧਮਾ, ਬਸੰਤੀ ਅਤੇ ਪਰਾ। ਪਰ ਹਕੀਕਤ ਵਿਚ ਬਾਣੀ ਕਹਿ ਰਹੀ ਹੈ ਕਿ ਇਹ ਚਾਰ ਬਾਣੀਆਂ ਦੀ ਸੂਝ ਕੇਵਲ ਮਨੁੱਖ ਨੂੰ ਪਈ।

ਕੇਤੀਆਂ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥

(ਜਪੁਜੀ ਸਾਹਿਬ)

ਕਿੰਨੇ-ਕੁ ਬਾਦਸ਼ਾਹ ਬਣਾਏ। ਅਸਲ ਵਿਚ ਜਿੰਨੀ ਕੁ ਸਾਨੂੰ ਸਮਝ ਪਈ, ਗੁਰੂ ਜੀ ਨੇ ਉਸਨੂੰ ਅਧਾਰ ਬਣਾ ਕੇ ਗੱਲ ਕੀਤੀ। ਸੰਸਾਰ ਇਕ ਜੇਲ੍ਹ ਹੈ। ਇਸਦੇ ਵਿਚ ਹਰ ਇਕ ਮਨੁੱਖ ਆਇਆ ਹੈ। ਇਸਦੇ ਵਿਚ ਕੁਝ ਅਜਿਹੇ ਹਨ ਜਿਹੜੇ ਕਰਮਾਂ ਦੇ ਬੱਧੇ ਹੋਏ ਸਜ਼ਾ ਭੁਗਤਦੇ ਹਨ ਤੇ ਕੁਝ ਅਜਿਹੇ ਹਨ ਜਿਹੜੇ ਕਰਮਾਂ ਦੇ ਬੱਧੇ ਹੋਇਆਂ ਦੇ ਸੰਗਲ ਤੋੜਨ ਲਈ ਆਉਂਦੇ ਹਨ, ਉਹਨਾਂ ਉੱਤੇ ਜੂਨਾਂ ਲਾਗੂ ਨਹੀਂ। ਉਹਨਾਂ ਉੱਤੇ ਸਜ਼ਾ ਲਾਗੂ ਨਹੀਂ। ਉਹਨਾਂ ਨੂੰ ਹਜ਼ੂਰ ਨੇ ਕਿਹਾ ਹੈ—

ਜੋ ਜਾਨੈ ਤਿਸੁ ਸਦੀ ਸੁਖੁ ਹੋਇ॥
ਆਪਿ ਮਿਲਾਇ ਲਏ ਪ੍ਰਭੁ ਸੋਇ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥
ਧੰਨੁ ਧੰਨੁ ਧੰਨੁ ਜਨੁ ਆਇਆ॥

ਕਿਸ ਲਈ ਆਇਆ ਜੇਲ੍ਹ ਵਿਚ ? ਕਹਿਣ ਲੱਗੇ-

ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥

ਉਹ ਬੰਧਨਾਂ ਤੋਂ ਮੁਕਤ ਹਨ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥

(ਸੁਖਮਨੀ ਸਾਹਿਬ)

ਸੱਚ ਜਾਣੋ, ਗੁਰੂ ਸਾਹਿਬ ਨੇ ਬਾਣੀ ਵਿਚ ਕਿਹਾ ਹੈ ਕਿ ਗੁਰਮੁਖਿ ਦਾ ਜਿਹੜਾ ਘਰ ਹੈ, ਉਸ ਉੱਪਰ ਕੋਈ ਪਾਬੰਦੀ ਨਹੀਂ।

ਗੁਰਮੁਖਿ ਆਵੈ ਜਾਇ ਨਿਸੰਗੁ ॥

(ਅੰਗ ੯੩੨)

ਗੁਰਮੁਖ ਦੇ ਦੋਨੋਂ ਕਿਨਾਰੇ ਹਨ। ਉਸਦੀ ਮਰਜ਼ੀ ਹੈ, ਆਪਣੀ ਮਰਜ਼ੀ ਵਿਚ ਵਿਚਰਦਾ ਸੰਸਾਰ ਦੇ ਕਿਨਾਰੇ ਵੱਲ ਆ ਜਾਏ ਪਰ ਰਹਿੰਦਾ ਰੱਬ ਦੀ ਰਜ਼ਾ ਵਿਚ ਹੈ। ਉਸ ਦੀ ਮਰਜ਼ੀ ਹੈ, ਸੰਸਾਰ ਦੇ ਕਿਨਾਰੇ ਤੋਂ ਲੰਘ ਕੇ ਨਿਰੰਕਾਰ ਦੇ ਕਿਨਾਰੇ ਵੱਲ ਤੁਰ ਪਏ, ਕਿਉਂਕਿ ਗੁਰਮੁਖ ਦੇ ਦੋਨੋਂ ਕਿਨਾਰੇ ਹਨ, ਉਸਨੂੰ ਕੋਈ ਵੀ ਆਰ-ਪਾਰ ਤੋਂ ਰੋਕ ਨਹੀਂ ਸਕਦਾ। ਉਹਨਾਂ 'ਤੇ ਪਾਬੰਦੀ ਨਹੀਂ। ਜਨਮ ਮਰਨ ਦੇ ਜੂਨਾਂ ਦਾ ਉਹਨਾਂ 'ਤੇ ਨੇਮ ਨਹੀਂ। ਬੰਦਾ ਬਾਕੀ ਜੂਨਾਂ ਵਿਚ ਰਾਹ ਲੱਭਦਾ ਹੈ, ਸੱਚ ਜਾਣੋ, ਜਦੋਂ ਮਨੁੱਖਾ ਦੇਹੀ ਵਾਲਾ ਖੁੱਲ੍ਹਿਆ ਦਰਵਾਜ਼ਾ ਆਉਂਦਾ ਹੈ, ਉਦੋਂ ਇਸ ਨੂੰ ਹਉਮੈ ਦੀ ਖੁਰਕ ਛਿੜ ਪਈ। ਸੱਚੇ ਪਾਤਿਸ਼ਾਹ ਮੇਹਰ ਕਰਦੇ ਹਨ-

ਫਿਰਤ ਫਿਰਤ ਤੂ ਆਇਆ ॥
ਦੂਲਭ ਦੇਹ ਕਲਿਜੁਗ ਮਹਿ ਪਾਇਆ ॥
ਫਿਰਿ ਇਆ ਅਉਸਰੁ ਚਰੈ ਨ ਹਾਥਾ ॥
ਨਾਮੁ ਜਪਹੁ ਤਉ ਕਟੀਅਹਿ ਫਾਸਾ ॥
ਫਿਰਿ ਫਿਰਿ ਆਵਨ ਜਾਨੁ ਨ ਹੋਈ ॥
ਏਕਹਿ ਏਕ ਜਪਹੁ ਜਪੁ ਸੋਈ ॥
ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥
ਮੇਲਿ ਲੇਹੁ ਨਾਨਕ ਬੇਚਾਰੇ ॥

(ਅੰਗ ੨੫੮)

ਹੇ ਪ੍ਰਭੂ ! ਮੈਂ ਫਿਰਦਾ ਹੋਇਆ ਆਇਆ ਹਾਂ, ਮੇਰੇ 'ਤੇ ਦਇਆ ਕਰੋ, ਮੈਨੂੰ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲਉ। ਧੰਨ ਗੁਰੂ ਅਰਜਨ ਸਾਹਿਬ ਦਾ ਅੰਮ੍ਰਿਤ ਬਚਨ ਅਸੀਂ ਰੋਜ਼ ਪੜ੍ਹਦੇ ਹਾਂ-

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

(ਸੁਖਮਨੀ ਸਾਹਿਬ)

ਹੇ ਪ੍ਰਭੂ ! ਤੁਸੀਂ ਕ੍ਰਿਪਾ ਕਰੋ, ਸਾਨੂੰ ਆਪਣੀ ਭਗਤੀ ਦੀ ਦਾਤ ਦਿਉ। ਅੰਦਰ ਵਾਲਾ ਜੀਵ ਕਈ ਜਨਮਾਂ ਦਾ ਵਿਛੜਿਆ ਹੈ। ਹੁਣ ਵਿਛੜੇ ਹੋਏ ਨੂੰ ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜੇ ਪੂਰਾ ਮੁਰਸ਼ਦ ਮਿਲ ਜਾਏ ਤਾਂ ਉਹ ਵਿਛੜੇ ਹੋਏ ਨੂੰ ਮਿਲਾ ਸਕਦਾ ਹੈ, ਕਿਉਂਕਿ ਗੁਰੂ ਦੇ ਕੋਲ ਇਹ ਬਰਕਤ ਹੈ ਕਿ ਕਰੋੜਾਂ ਜਨਮਾਂ ਦੇ ਵਿਛੜੇ ਹੋਏ ਮਿਲਾ ਸਕਦਾ ਹੈ। ਜਦੋਂ ਗੁਰੂ ਦੇ ਸਾਹਮਣੇ ਝੁਕ ਜਾਈਏ, ਗੁਰੂ ਨੂੰ ਆਪਣਾ ਆਪ ਭੇਟ ਕਰ ਦੇਈਏ, ਪਰਤ ਕੇ ਇਸ ਯਕੀਨ ਨਾਲ ਜੀਉਣਾ ਚਾਹੀਦਾ ਹੈ ਕਿ ਸਮਰੱਥ ਗੁਰੂ ਮੈਨੂੰ ਇਸ ਭਵਜਲ ਤੋਂ ਪਾਰ ਜ਼ਰੂਰ ਕਰੇਗਾ। ਜੇ ਗੁਰੂ ਧਾਰਨ ਨਹੀਂ ਕੀਤਾ ਤਾਂ ਜਿੱਥੇ ਮਰਜ਼ੀ ਭਟਕ ਪਰ ਜਿਸ ਦਿਨ ਸਮਰੱਥ ਗੁਰੂ ਦੇ ਕੋਲ ਆ ਗਿਆ ਹੈਂ ਤਾਂ ਉਸ ਤੋਂ ਬਾਅਦ ਵਿਸ਼ਵਾਸ ਨਾਲ ਜੀਅ। ਸਾਡਾ ਕੀ ਸੁਭਾਅ ਹੈ? ਪਹਿਲਾਂ ਗੁਰੂ ਧਾਰਨ ਕਰ ਲਿਆ ਫਿਰ ਗੁਰੂ ਦੀ ਪ੍ਰੀਖਿਆ ਸ਼ੁਰੂ ਕਰ ਦਿੱਤੀ। ਮੈਂ ਕਹਿੰਦਾ ਹਾਂ ਪਹਿਲਾਂ ਤੂੰ ਤਸੱਲੀ ਕਰ ਲੈ। ਜਿਸ ਤਰ੍ਹਾਂ ਤੂੰ ਗੁਰੂ ਦੇ ਚਰਨਾਂ ਵਿਚ ਝੁਕ ਗਿਆ ਹੈਂ, ਫਿਰ ਤੂੰ ਪ੍ਰੀਖਿਆ ਗੁਰੂ ਦੀਆਂ ਲੈਣ ਲੱਗ ਪਏਂ ਤੇ ਸੱਚ ਜਾਣਿਉ, ਜਿੰਨੀ ਦੇਰ ਤੱਕ ਸ਼ੰਕਾ ਵਿਚ ਰਹਿੰਦੇ ਹਾਂ, ਉੱਨੀ ਦੇਰ ਤੱਕ ਕ੍ਰਿਪਾ ਨਹੀਂ ਹੁੰਦੀ। ਜਦੋਂ ਸ਼ੰਕੇ ਨਵਿਰਤ ਹੁੰਦੇ ਹਨ, ਮੇਹਰ ਹੀ ਉਦੋਂ ਮਿਲਦੀ ਹੈ। ਗੁਰੂ ਬੰਧਨ ਕੱਟਦਾ ਹੈ, ਵਿਛੜਿਆਂ ਨੂੰ ਮਿਲਾਉਂਦਾ ਹੈ। ਉਸਨੇ ਆਪਣੇ ਸੇਵਕ ਦੇ ਉੱਤੇ ਹੱਥ ਰੱਖਕੇ ਉਸਦੇ ਬੰਧਨ ਕੱਟ ਦਿੱਤੇ।

ਇਕ ਬੇਨਤੀ ਹੋਰ ਕਿ ਇਕ ਗੁਰੂ ਸਾਰੇ ਜੀਵਾਂ ਦਾ ਭਲਾ ਕਿਵੇਂ ਕਰਦਾ ਹੈ? ਤਾਂ ਹੀ ਸੱਚੇ ਪਾਤਿਸ਼ਾਹ ਨੇ ਸਾਡਾ ਗੁਰੂ ਸ਼ਬਦ ਬਣਾਇਆ ਹੈ। ਭਾਈ ਗੁਰਦਾਸ ਜੀ ਨੇ ਇਕ ਬਚਨ ਕਿਹਾ ਹੈ-

ਸਤਿਗੁਰ ਸਚਾ ਪਾਤਿਸਾਹੁ ਸਾਧਸੰਗਤਿ ਸਚੁ ਤਖਤੁ ਸੁਹੇਲਾ॥

(ਵਾਰ ੧੮, ਪਉੜੀ ੨੦)

ਇਸ ਤੁੱਕ ਦੇ ਅਰਥ ਕਰਨ ਤੋਂ ਪਹਿਲਾਂ ਉਦਾਹਰਨਾਂ ਦਿੱਤੀਆਂ ਹਨ ਭਾਈ ਸਾਹਿਬ ਨੇ। ਹੁਣ ਇਕ ਗੁਰੂ ਕਰੋੜਾਂ ਜੀਵਾਂ ਨੂੰ ਕਿਵੇਂ ਪਾਰ ਕਰ ਦੇਵੇਗਾ? ਉਹ ਕਹਿੰਦੇ ਹਨ, ਜਦੋਂ ਕੋਈ ਬੰਦਾ ਦਰਿਆ ਨੂੰ ਪਾਰ ਕਰਨ ਲਈ ਚੱਲਦਾ ਹੈ। ਦਰਿਆ ਦੇ ਕਿਨਾਰੇ 'ਤੇ ਖਲੋਤੀ ਹੈ ਬੇੜੀ ਤੇ ਲੋਕ ਧੜਾਧੜ ਉਸ ਬੇੜੀ ਵਿਚ ਬੈਠ ਗਏ। ਹੁਣ ਉਸ ਬੇੜੀ ਵਿਚ ਬੈਠਣ ਵਾਲਿਆਂ ਦੀ ਗਿਣਤੀ ਸੈਂਕੜੇ ਤੱਕ ਵੀ ਹੋ ਸਕਦੀ ਹੈ। ਕਦੀ ਤੁਸੀਂ ਇਹ ਨਹੀਂ ਦੇਖਿਆ ਹੋਵੇਗਾ ਕਿ

ਜਿਸ ਬੇੜੀ ਵਿਚ ਪੰਜਾਹ ਬੰਦੇ ਬੈਠੇ ਹਨ ਤੇ ਪੰਜਾਹਾਂ ਦੇ ਨਾਲ ਪੰਜਾਹ ਮਲਾਹ ਚਾਹੀਦੇ ਹਨ। ਬੇੜੀ ਵਿਚ ਬੈਠੇ ਹੋਏ ਬੰਦੇ ਸੈਂਕੜੇ ਹੋ ਸਕਦੇ ਹਨ ਪਰ ਸੈਂਕੜੇ ਮਲਾਹ ਨਹੀਂ। ਮਲਾਹ ਕੇਵਲ ਇਕ ਹੀ ਚੱਪੂ ਮਾਰ ਕੇ ਬੇੜੀ ਨੂੰ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਲਗਾ ਦਿੰਦਾ ਹੈ।

ਸੱਚ ਜਾਣਨਾ, ਲੱਖਾਂ ਕਰੋੜਾਂ ਅਰਬਾਂ ਜੀਵ ਹੋ ਸਕਦੇ ਹਨ, ਨਾਮ ਕੇਵਲ ਇਕ ਹੈ ਤੇ ਨਾਮ ਦੇ ਇਸ ਬੇੜੇ ਨੂੰ ਚਲਾਉਣ ਵਾਲਾ ਮਲਾਹ ਕੇਵਲ ਪੂਰਾ ਗੁਰੂ ਹੈ। ਜੇ ਇਕ ਮਲਾਹ ਸੈਂਕੜੇ ਬੰਦੇ ਆਰ-ਪਾਰ ਕਰ ਸਕਦਾ ਹੈ ਤਾਂ ਫਿਰ ਸੱਚ ਜਾਣਨਾ, ਇਕ ਸਮਰੱਥ ਗੁਰੂ ਅਰਬਾਂ-ਖਰਬਾਂ ਜੀਵਾਂ ਨੂੰ ਪਾਰ ਕਰ ਸਕਦਾ ਹੈ। ਉਸਦੇ ਕੋਲ ਤਾਕਤ ਹੈ, ਸਮਰੱਥਾ ਹੈ। ਪਰ ਦੇਖੋ ਅਸੀਂ ਭਰੋਸਾ ਕਿਉਂ ਨਾ ਗੁਰੂ 'ਤੇ ਕਰੀਏ, ਕਰਨਾ ਚਾਹੀਦਾ ਹੈ। ਭਰੋਸਾ ਬੱਝਦਾ ਹੀ ਨਹੀਂ, ਕਿਉਂਕਿ ਮਨ ਆਪਣੀਆਂ ਗੱਲਾਂ ਹੀ ਬੜੀਆਂ ਕਰਦਾ ਹੈ। ਇੰਨੀਆਂ ਭਰੋਸੇ ਦੀਆਂ ਗੱਲਾਂ ਕਰਦਾ ਹੈ, ਪਰ ਭਰੋਸਾ ਹੀ ਨਹੀਂ ਰੱਖਦਾ। ਕਦੀ ਕਿਸੇ ਨੇ ਬੇੜੀ ਵਿਚ ਮਲਾਹ ਨੂੰ ਇਹ ਨਹੀਂ ਕਿਹਾ ਕਿ ਜੇ ਮੈਂ ਰਾਹ ਵਿਚ ਡੁੱਬ ਗਿਆ, ਤੇਰਾ ਕੀ ਭਰੋਸਾ। ਬਿਲਕੁਲ ਨਹੀਂ। ਸੈਂਕੜੇ ਲੋਕ ਆਪਣੀ ਜਿੰਦ ਦਾ ਪੂਰੇ ਦਾ ਪੂਰਾ ਭਰੋਸਾ ਮਲਾਹ 'ਤੇ ਕਰਕੇ ਚਲਦੇ ਹਨ। ਕੀ ਪਤਾ ਕਿੱਥੇ ਬੇੜੀ ਡੁੱਬ ਜਾਣੀ ਹੈ, ਪਰ ਭਰੋਸਾ ਹੈ ਕਿ ਇਹ ਮਲਾਹ ਕਿਨਾਰੇ ਲਗਾ ਦੇਵੇਗਾ। ਜਦੋਂ ਬੇੜੀ ਵਿਚ ਬੈਠ ਜਾਈਏ ਤਾਂ ਲੋਕ ਰੌਲਾ ਨਹੀਂ ਪਾਉਂਦੇ, ਮਲਾਹ ਦੇ ਭਰੋਸੇ 'ਤੇ ਜੀਉਂਦੇ ਹਨ ਤੇ ਜਦੋਂ ਗੁਰੂ ਦੇ ਚਰਨਾਂ ਵਿਚ ਜਾ ਡਿੱਗੀਏ, ਫਿਰ ਆਪਣੇ ਹਉਮੈ ਦਾ ਰੌਲਾ ਨਾ ਪਾਈਏ, ਗੁਰੂ 'ਤੇ ਭਰੋਸਾ ਕਰਕੇ ਤੁਰੀਏ, ਉਹ ਕਿਨਾਰੇ ਜ਼ਰੂਰ ਲਗਾਏਗਾ।

ਦੂਜੀ ਬੇਨਤੀ, ਅਸੀਂ ਮੁਹੱਲੇ ਵਿਚ ਰਹਿੰਦੇ ਹਾਂ। ਸ਼ਹਿਰ ਵਿਚ ਆਪਾਂ ਸਾਰੇ ਰਹਿੰਦੇ ਹਾਂ। ਹਰ ਮੁਹੱਲੇ ਵਿਚ ਤਕਰੀਬਨ ਇਕ ਇਕ ਰਾਤ ਨੂੰ ਪਹਿਰੇਦਾਰ ਹੈ। ਹੁਣ ਸਾਰੇ ਲੋਕ ਰਾਤ ਨੂੰ ਬੜੇ ਆਰਾਮ ਨਾਲ ਸੁੱਤੇ ਹਨ ਤੇ ਕੀ ਹਰ ਘਰ ਵਿਚ ਇਕ ਇਕ ਪਹਿਰੇਦਾਰ ਹੈ? ਬਿਲਕੁਲ ਨਹੀਂ, ਇਕ ਮੁਹੱਲੇ ਵਿਚ ਇਕੋ ਪਹਿਰੇਦਾਰ ਹੈ। ਉਹ ਸੋਟਾ ਜ਼ਮੀਨ 'ਤੇ ਮਾਰ ਕੇ ਕਹਿੰਦਾ ਹੈ ਕਿ ਜਾਗਦੇ ਰਹੋ। ਜੇ ਇਕ ਪਹਿਰੇਦਾਰ ਰਾਤ ਸੈਂਕੜੇ ਘਰਾਂ ਨੂੰ ਸੰਭਾਲ ਸਕਦਾ ਹੈ ਤਾਂ ਚੇਤੇ ਰੱਖੀਂ ਮਨਾ ! ਗੁਰੂ ਉਹ ਪਹਿਰੇਦਾਰ ਹੈ ਜਿਹੜਾ ਅਣਗਿਣਤ ਜੀਵਾਂ ਦੇ ਅੰਦਰ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ।

ਤੀਸਰਾ ਪ੍ਰਮਾਣ, ਦੇਖੋ ਇਕ ਜਰਨੈਲ ਹੈ। ਉਸਦੇ ਅਧੀਨ ਪਤਾ ਨਹੀਂ ਕਿੰਨੀਆਂ-ਕੁ ਸੈਨਾ ਦੀਆਂ ਟੁਕੜੀਆਂ ਹਨ। ਇਕ ਆਗੂ ਹੈ ਜਿਸਦੇ ਇਕ ਹੁਕਮ ਦੇ ਨਾਲ ਲੱਖਾਂ ਬੰਦੇ ਮਰਨ ਲਈ ਤਿਆਰ ਹੋ ਜਾਂਦੇ ਹਨ। ਉਹ ਫਾਇਰ ਕਰ ਸਕਦੇ ਹਨ, ਲੜਾਈ ਰੋਕ ਸਕਦੇ ਹਨ ਤਾਂ ਸੱਚ ਜਾਣਨਾ, ਇਕ ਸਮਰੱਥ ਗੁਰੂ ਆਗੂ ਜਿਹੜਾ ਹੈ ਉਹ ਅਣਗਿਣਤ ਜੀਵਾਂ ਦੀ ਆਪ ਅਗਵਾਈ ਕਰਦਾ ਹੈ। ਅੱਜ ਮੇਰੇ ਧੰਨ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਕਿ-

ਵਿਛੁੜਿ ਵਿਛੁੜਿ ਜੋ ਮਿਲੇ

ਜਿਹੜੇ ਕਈ ਜਨਮਾਂ ਤੋਂ ਵਿਛੁੜੇ ਸਨ, ਪਤਾ ਨਹੀਂ ਕਿੰਨੀ-ਕੁ ਦੂਰੀ ਪੈ ਗਈ, ਜਿਹੜੇ

ਮਿਲ ਗਏ। ਕਿਵੇਂ ?

ਸਤਿਗੁਰ ਕੇ ਭੈ ਭਾਇ॥

ਮਿਲੇ ਸਨ ਸਤਿਗੁਰੂ ਦਾ ਅਦਬ ਕਰਕੇ, ਸਤਿਗੁਰੂ ਨਾਲ ਪ੍ਰੇਮ ਕਰਕੇ, ਸਤਿਗੁਰੂ 'ਤੇ ਸ਼ਰਧਾ ਯਕੀਨ ਬਣਾ ਕੇ ਤੇ ਜਿਨ੍ਹਾਂ ਦੀ ਗੁਰੂ 'ਤੇ ਸ਼ਰਧਾ ਬਣ ਗਈ, ਉਹਨਾਂ ਕਰੋੜਾਂ ਜਨਮਾਂ ਦੇ ਵਿਛੜਿਆਂ ਹੋਇਆਂ ਨੂੰ ਗੁਰੂ ਨੇ ਰੱਬ ਦੀ ਦਰਗਾਹ ਵਿਚ ਮਿਲਾ ਦਿੱਤਾ। ਜਿਨ੍ਹਾਂ ਨੂੰ ਮਿਲਾਇਆ ਹੈ ਉਸ ਤੋਂ ਪਹਿਲਾਂ ਉਹਨਾਂ ਨੂੰ ਨਾਮ ਦੇ ਕੇ-

ਜਨਮ ਮਰਣ ਨਿਹਚਲੁ ਭਏ

ਜਨਮ ਮਰਨ ਵੱਲੋਂ ਅਡੋਲ ਹੋ ਗਏ। ਜਿਹੜਾ ਜਨਮ ਮਰਨ ਦਾ ਦੁੱਖ ਸੀ ਕਿ ਮਰਾਂਗੇ ਫਿਰ ਜੰਮਾਂਗੇ, ਗੁਰੂ ਜੀ ਨੇ ਅਡੋਲ ਕਰ ਦਿੱਤਾ। ਜਨਮ ਮਰਨ ਦਾ ਦੁੱਖ ਕੱਟਿਆ ਗਿਆ। ਸਾਹਿਬ ਕਹਿੰਦੇ ਹਨ-

ਗੁਰਮੁਖਿ ਨਾਮੁ ਧਿਆਇ॥

ਗੁਰੂ ਦੇ ਸਨਮੁਖ ਰਹਿ ਕੇ ਜਿਹੜਾ ਨਾਮ ਜੱਪਦਾ ਹੈ-

ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥

ਉਸਦਾ ਜਿਹੜਾ ਆਸਣ ਹੈ ਅੰਦਰ ਅਡੋਲ ਹੋ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥

(ਸੁਖਮਨੀ ਸਾਹਿਬ)

ਉਸਦਾ ਅੰਦਰ ਵਾਲਾ ਹਿਰਦਾ ਸਿਮਰਨ ਦੀ ਕ੍ਰਿਪਾ ਨਾਲ ਖਿੜ ਜਾਂਦਾ ਹੈ। ਗੁਰੂ ਨੇ ਕ੍ਰਿਪਾ ਕੀਤੀ ਇਕ ਤਾਂ ਵਿਛੜਿਆਂ ਹੋਇਆਂ ਨੂੰ ਮਿਲਾਇਆ ਪਰ

ਸਤਿਗੁਰ ਕੇ ਭੈ ਭਾਏ॥

ਦੋ ਸ਼ਬਦ ਕਦੀ ਭੁੱਲੀਏ ਨਾ, ਇਕ ਅਦਬ ਤੇ ਦੂਜਾ ਪ੍ਰੇਮ। ਅਦਬ ਹੋਣਾ ਅਤੀ ਜ਼ਰੂਰੀ ਹੈ। ਸਤਿਕਾਰ ਕਰਨਾ, ਗੁਰੂ ਦਾ ਜਿੰਨਾ ਵੀ ਸਤਿਕਾਰ ਹੋ ਸਕੇ ਵੱਧ ਤੋਂ ਵੱਧ ਕਰੀਏ। ਜਿੱਥੇ ਅਸੀਂ ਬਾਹਰਮੁਖੀ ਸਤਿਕਾਰ ਕਰਦੇ ਹਾਂ, ਉਥੇ ਗੁਰੂ ਦੇ ਸ਼ਬਦ ਦਾ ਵੀ ਸਤਿਕਾਰ ਕਰੀਏ। ਬਾਹਰਮੁਖੀ, ਰੁਮਾਲਾ ਸੋਹਣਾ ਹੈ, ਚੰਦੋਆ ਸਾਹਿਬ ਸੋਹਣਾ ਹੈ, ਚੌਰ ਸਾਹਿਬ ਕੀਮਤੀ ਹੈ। ਬਾਹਰਮੁਖੀ ਸਤਿਕਾਰ ਕਰਨਾ ਕੋਈ ਮਾੜੀ ਗੱਲ ਨਹੀਂ। ਆਪਾਂ ਕਹਿਣ ਤੁਰ ਪੈਂਦੇ ਹਾਂ ਕਿ ਇਹ ਕਰਮ ਕਾਂਡ ਹੈ ਜੀ, ਇਹ ਬ੍ਰਾਹਮਣਵਾਦ ਹੈ, ਇਹ ਭਰਮ ਵਿਚ ਭਟਕੇ ਹੋਏ ਲੋਕ ਹਨ। ਬਿਲਕੁਲ ਗੱਲ ਗ਼ਲਤ ਹੈ। ਦਾਅਵਾ ਇਸ ਗੱਲ ਦਾ ਨਾ ਕਰੀਏ ਕਿ ਸ਼ਾਇਦ ਅਸੀਂ ਗੁਰੂ ਨੂੰ ਜੇ ਇੰਨਾ ਪਿਆਰ ਸਤਿਕਾਰ ਨਾ ਦੇਈਏ, ਸਾਡਾ ਦਾਅਵਾ ਕਰਮ ਕਾਂਡਾਂ ਦਾ, ਦਾਅਵਾ ਗੱਲਾਂ ਦਾ, ਸਿਆਣਪ ਨਾ ਕਰੀਏ। ਜਿੰਨਾ ਗੁਰੂ ਦਾ ਅਦਬ ਸਤਿਕਾਰ ਕੀਤਾ ਜਾਏਗਾ, ਉੱਨਾ ਹੀ

ਗੁਰੂ ਸਾਡੇ ਅੰਦਰ ਨੂੰ ਟਿਕਾਅ ਦੇਵੇਗਾ।

ਅਸੀਂ ਇਸ ਸ਼ਬਦ ਨੂੰ ਸਮਝਦੇ ਕਿਉਂ ਨਹੀਂ? ਕੇਵਲ ਗ੍ਰੰਥ ਨਹੀਂ, ਦੁਨੀਆਂ ਵਿਚ ਅਣਗਿਣਤ ਗ੍ਰੰਥ ਹਨ, ਕੇਵਲ ਅਜਿਹਾ ਗ੍ਰੰਥ ਹੈ ਜਿਸ ਨੂੰ ਆਪਣੇ ਹੱਥੀਂ ਪ੍ਰਕਾਸ਼ ਕੀਤਾ, ਆਪਣੇ ਹੱਥੀਂ ਲਿਖਿਆ ਤੇ ਆਪ ਮੱਥਾ ਟੇਕ ਕੇ ਗਏ ਕਿ ਅੱਜ ਤੋਂ ਬਾਅਦ ਮੇਰੀ ਥਾਂ 'ਤੇ ਗੁਰੂ ਗ੍ਰੰਥ ਜੀ ਨੂੰ ਗੁਰੂ ਜਾਣਿਉ। ਹੁਣ ਗੁਰੂ ਅਰਜਨ ਸਾਹਿਬ ਜੀ ਨੇ ਜਿਹੜੇ ਪੂਰਨੇ ਪਾਏ, ਉਹਨਾਂ ਤੋਂ ਵੱਧ ਸਿਆਣਪ ਵਰਤਦੇ ਹਾਂ। ਮੈਂ ਕਹਿੰਦਾ ਹਾਂ ਰੁਮਾਲਾ ਕੀਮਤੀ ਤੋਂ ਕੀਮਤੀ ਹੋਵੇ, ਚੰਦੋਆ ਕੀਮਤੀ ਤੋਂ ਕੀਮਤੀ ਹੋਵੇ ਪਰ ਅਸਲੀ ਸ਼ਬਦ ਦਾ ਸਤਿਕਾਰ ਉਸ ਦਿਨ ਹੈ ਜਿਸ ਦਿਨ ਤੂੰ ਗੁਰੂ ਦੇ ਬਚਨਾਂ ਨੂੰ ਮੰਨ ਕੇ ਕਮਾਈ ਕਰਨ ਲੱਗ ਪਏਂ। ਗੁਰੂ ਸਾਹਿਬ ਨੇ ਕਿਹਾ ਸੀ ਇਕ ਇਕ ਅੱਖਰ ਨੂੰ ਮੇਰਾ ਰੋਮ ਰੋਮ ਜਾਣੀ। ਭਾਈ ਨੰਦ ਲਾਲ ਜੀ ਨੂੰ ਇਹੀ ਬਚਨ ਕਹੇ ਸਨ ਕਿ–

ਦੂਸਰ ਰੂਪ ਗ੍ਰੰਥ ਜੀ ਮੋਰ।

ਦੂਜਾ ਰੂਪ ਮੇਰਾ ਗੁਰੂ ਗ੍ਰੰਥ ਸਾਹਿਬ ਹਨ। ਜੇ ਕਿਸੇ ਨੇ ਮੇਰੇ ਨਾਲ ਗੱਲ ਕਰਨੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਨਾਲ ਆ ਕੇ ਕਰੇ। ਅੱਜ ਵੀ ਘਰਾਂ ਵਿਚ ਦੇਖਦੇ ਹਾਂ ਕਿ ਪ੍ਰਕਾਸ਼ ਘਰ ਵਿਚ ਕੀਤਾ ਹੈ। ਮੁਬਾਰਕ ਹੈ, ਪਰ ਰਿਵਾਜ ਕਰਕੇ ਪ੍ਰਕਾਸ਼ ਨਾ ਕਰਿਉ। ਉੱਪਰ ਬਾਬਾ ਜੀ ਦਾ ਕਮਰਾ ਬਣਾਇਆ ਹੁੰਦਾ ਹੈ ਤੇ ਥੱਲੇ ਬੋਤਲਾਂ ਦਾਰੂ ਦੀਆਂ ਚਲਦੀਆਂ ਹਨ। ਇਸਦਾ ਮਤਲਬ ਗੁਰੂ ਗ੍ਰੰਥ ਸਾਹਿਬ ਜੀ ਦਾ ਉੱਪਰ ਪ੍ਰਕਾਸ਼ ਹੈ, ਸਾਡੇ ਗੁਨਾਹ ਬਖ਼ਸ਼ੇ ਜਾਣੇ ਹਨ। ਕੋਈ ਨਹੀਂ ਬਖ਼ਸ਼ੇ ਜਾਣੇ। ਗੁਰੂ ਦਾ ਅਦਬ ਕਰਨ ਦੀ ਜਾਚ ਸਿਖੀਏ। ਹਰਿਮੰਦਰ ਸਾਹਿਬ ਬਾਅਦ ਵਿਚ ਬਣਿਆ ਹੈ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਹਿਲਾਂ ਕੀਤਾ ਗਿਆ ਹੈ। ਪੁਰਾਣੇ ਗੁਰਸਿੱਖਾਂ ਨੇ ਜਦੋਂ ਪ੍ਰਕਾਸ਼ ਕਰਨਾ, ਸੇਵਾ ਕਰਨੀ, ਅੱਜ ਵੀ ਕਈ ਥਾਵਾਂ 'ਤੇ ਦੇਖੀਦਾ ਹੈ ਸੂਤੀ ਬਸਤਰ ਲੈ ਕੇ ਇਕ ਇਕ ਗੁਰੂ ਗ੍ਰੰਥ ਸਾਹਿਬ ਦੇ ਅੰਗ ਨੂੰ ਉਹਨਾਂ ਨੇ ਸਾਫ ਕਰਨਾ, ਸੇਵਾ ਕਰਨੀ। ਗੁਰੂ ਦੇ ਸ਼ਬਦ ਨੂੰ ਮੰਨਣਾ ਅਦਬ ਹੈ ਤੇ ਜੇ ਪ੍ਰਤੱਖ ਗੁਰੂ ਸਾਨੂੰ ਦਿੱਤਾ ਹੈ ਤਾਂ ਇਸਦਾ ਅਦਬ ਕਰਨਾ ਵੀ ਬਹੁਤ ਜ਼ਰੂਰੀ ਹੈ। ਹਜ਼ੂਰ ਕ੍ਰਿਪਾਲੂ ਜੀ ਨੇ ਮੇਹਰ ਕੀਤੀ ਹੈ। ਕਹਿਣ ਲੱਗੇ ਗੁਰੂ ਦੇ ਸਨਮੁਖ ਰਹਿ ਕੇ ਨਾਮ ਜਪਿਆਂ ਜਨਮ ਮਰਨ ਵੱਲੋਂ ਅਡੋਲ ਹੋ ਗਏ। ਅਗਲਾ ਬਚਨ ਹੈ–

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍ਹਿ॥

ਜਿਹੜੇ ਗੁਰੂ ਸਾਧੂ ਦੀ ਸੰਗਤ ਵਿਚ ਚਲੇ ਗਏ, ਉਹਨਾਂ ਨੂੰ ਕੀਮਤੀ ਹੀਰੇ ਮਿਲੇ, ਉਹਨਾਂ ਨੂੰ ਕੀਮਤੀ ਰਤਨ ਮਿਲੇ। ਹੀਰੇ, ਰਤਨ ਸਿਰਫ਼ ਉਦਾਹਰਨ ਦਿੱਤੀ ਹੈ, ਪੱਥਰ ਨਹੀਂ। ਉਹਨਾਂ ਨੂੰ ਨਾਮ ਦਾ ਹੀਰਾ ਮਿਲਿਆ। ਸਾਹਿਬ ਕਹਿੰਦੇ ਹਨ–

ਨਾਨਕ ਲਾਲੁ ਅਮੋਲਕਾ

ਉਹਨਾਂ ਨੂੰ ਨਾਮ ਦਾ ਕੀਮਤੀ ਲਾਲ ਮਿਲਿਆ।

ਗੁਰਮੁਖਿ ਖੋਜਿ ਲਹੰਨ੍ਹਿ॥ ੩੦॥

ਗੁਰੂ ਦੇ ਸਿੱਖਾਂ ਨੇ, ਗੁਰੂ ਦੇ ਸਨਮੁਖ ਰਹਿਣ ਵਾਲਿਆਂ ਨੇ ਨਾਮ ਦਾ ਹੀਰਾ ਖੋਜਿਆ। ਉਹ ਕਿਥੋਂ ਖੋਜਿਆ? ਪਤਾ ਲਗਾ ਕਿ

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪੁ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ੪॥

(ਅੰਗ ੪੪੨)

ਗੁਰੂ ਦੇ ਸਿੱਖ ਆਪਣੇ ਆਪ ਨੂੰ ਖੋਜਦੇ ਹਨ ਤੇ ਜਿਹੜੇ ਖੋਜੀ ਹਨ ਉਹ ਕਿਸੇ ਮੰਜ਼ਿਲ 'ਤੇ ਪਹੁੰਚਦੇ ਹਨ। ਵਾਦ-ਵਿਵਾਦ ਕਰਨ ਵਾਲਾ ਖ਼ੁਆਰ ਹੋ ਗਿਆ। ਜਿਹੜਾ ਖੋਜ ਵਿਚ ਤੁਰਿਆ, ਉਸਨੇ ਕੁਝ ਪਾਇਆ। ਸਤਿਗੁਰ ਮੇਹਰ ਕਰੇ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਮੂਰਖ ਮੁਗਧਾ ਜਨਮੁ ਭਇਆ

ਆਸਾ ਮਹਲਾ ੧ ਦੁਪਦੇ

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥
ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ, ਜਿਨ੍ ਤੂੰ ਨਾਹੀ ਵੀਸਰਿਆ॥ ੨ ॥ ੨੯ ॥

(ਅੰਗ ੩੫੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਆਪ ਜੀ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਵਸ ਸਜਾਏ ਹੋਏ ਇਸ ਵਿਸ਼ੇਸ਼ ਦੀਵਾਨ ਵਿਚ ਮਨਾ ਰਹੇ ਹੋ। ਵਿਚਾਰ ਅਸੀਂ ਸ਼ੁਰੂ ਕਰੀਏ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਅਸੀਂ ਪੜ੍ਹਦੇ ਹਾਂ ਤੇ ਬਾਣੀ ਜਦੋਂ ਵੀ ਪ੍ਰਾਰੰਭ ਹੁੰਦੀ ਹੈ, ਭਾਵੇਂ ਭਗਤ ਸਾਹਿਬਾਨ ਦੀ ਹੋਵੇ, ਗੁਰੂ ਸਾਹਿਬਾਨ ਦੀ ਹੋਵੇ, ਇਹ ਦੋ ਸ਼ਬਦ ਸਾਡੇ ਕੰਨਾਂ ਵਿਚ ਪ੍ਰਾਰੰਭ ਵਿਚ ਗੂੰਜਦੇ ਹਨ-ਇਕ ਸ਼ਬਦ ੧ਓ ਦਾ ਤੇ ਦੂਜਾ ਸ਼ਬਦ ਗੁਰ ਪ੍ਰਸਾਦਿ ਦਾ। ਜੇ ਇਕ ਤੱਕ ਪਹੁੰਚਣਾ ਹੈ ਤਾਂ ਕੇਵਲ ਗੁਰ ਪ੍ਰਸਾਦਿ ਹੀ ਵਸੀਲਾ ਹੈ। ਗੁਰੂ ਨਾਨਕ ਸਾਹਿਬ ਦੀਪਕ ਗੁਰੂ ਹਨ ਜਿਹੜੇ ਮਨੁੱਖ ਦੇ ਅੰਦਰ ਦੇ ਹਨੇਰੇ ਨੂੰ ਖ਼ਤਮ ਕਰਕੇ ਜਿਹੜੀ ਰੂਹਾਨੀਅਤ ਦੀ ਜੋਤ ਉਹਨਾਂ ਅੰਦਰ ਲੱਟ ਲੱਟ ਬੱਲਦੀ ਪਈ ਹੈ, ਉਸ ਜੋਤ ਨੂੰ ਆਪਣੇ ਸਿੱਖ ਦੇ ਅੰਦਰ ਵੀ ਬਾਲਦੇ ਹਨ ਅਤੇ ਜਿਸ ਦਿਨ ਉਹ ਜੋਤ ਬਲ ਜਾਏ ਉਸ ਦਿਨ ਉਹ ਖ਼ਾਲਸਾ ਬਣਦਾ ਹੈ ਤੇ ਉਸ ਖ਼ਾਲਸੇ ਵਿਚ ਇੰਨੀ ਸਮਰੱਥਾ ਹੈ ਕਿ ਉਹ ਬੁੱਝੇ ਹੋਏ ਅੰਦਰਾਂ ਨੂੰ ਰੂਹਾਨੀਅਤ ਦੀ ਜੋਤ ਦੇ ਸਕਦਾ ਹੈ।

ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਨੇ ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਨੂੰ ਸੁਖਮਨੀ ਸਾਹਿਬ ਦੇ ਦੋ ਪਦਿਆਂ ਵਿਚ ਨਿਰੂਪਨ ਕੀਤਾ ਹੈ। ਪਹਿਲੇ ਪਦੇ ਵਿਚ ਹਜ਼ੂਰ ਨੇ ਇਹ ਫ਼ੁਰਮਾਇਆ ਹੈ ਕਿ ਸਤਿਗੁਰੂ ਆਪਣੇ ਸਿੱਖ ਲਈ ਕੀ ਕ੍ਰਿਪਾ ਕਰਦੇ ਹਨ ਤੇ ਦੂਜੇ ਪਦੇ ਵਿਚ ਕ੍ਰਿਪਾ ਕੀਤੀ ਹੈ, ਜੇਕਰ ਸਤਿਗੁਰੂ ਇੰਨੇ ਕ੍ਰਿਪਾਲੂ ਹਨ ਤਾਂ ਸਿੱਖ ਨੂੰ ਆਪਣੇ ਗੁਰੂ ਦੇ ਚਰਨਾਂ ਵਿਚ ਕੀ ਭੇਟ ਕਰਨਾ ਚਾਹੀਦਾ ਹੈ? ਹਜ਼ੂਰ ਨੇ ਪਹਿਲਾ ਬਚਨ ਕੀਤਾ ਕਿ ਸਤਿਗੁਰੂ ਆਪਣੇ ਸਿੱਖ ਨੂੰ ਭਰੋਸਾ ਦਿੰਦੇ ਹਨ ਕਿ ਐਵੇਂ ਥਾਂ ਥਾਂ 'ਤੇ ਡੱਕੋਡੋਲੇ ਨਾ ਖਾਈਂ, ਦਰ ਦਰ ਦੀ ਮੁਥਾਜੀ ਨਾ ਕਰੀਂ, ਤੂੰ ਰੱਬ 'ਤੇ ਭਰੋਸਾ ਕਰਕੇ ਚੱਲੀਂ। ਜੇ ਤੈਨੂੰ ਆਪਣੇ ਪੇਟ ਦੀ ਚਿੰਤਾ

ਹੈ ਤਾਂ ਯਕੀਨ ਕਰੀਂ ਕਿ ਰੱਬ ਤੇਰੀ ਪ੍ਰਤੀਪਾਲਣਾ ਕਰੇਗਾ। ਗੁਰੂ ਦੋ ਤਰ੍ਹਾਂ ਦਾ ਭੋਜਨ ਸਿੱਖ ਨੂੰ ਦਿੰਦੇ ਹਨ। ਪਹਿਲਾ ਭੋਜਨ ਦਿੱਤਾ ਕਿ ਤੇਰੇ ਇਸ ਸਰੀਰ ਦੀ ਖ਼ੁਰਾਕ ਅੰਨ ਪਾਣੀ ਦਾ ਭੋਜਨ ਬਖ਼ਸ਼ ਦਿੱਤਾ ਤੇ ਦੂਜਾ ਭੋਜਨ ਦਿੱਤਾ ਕਿ ਜੇ ਅੰਨ ਪਾਣੀ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ ਤਾਂ ਨਾਮ ਨਾਲ ਗੁਰੂ ਨੇ ਸਿੱਖ ਦੀ ਆਤਮਾ ਨੂੰ ਤਾਕਤ ਦਿੱਤੀ। ਧੰਨ ਗੁਰੂ ਅਰਜਨ ਸਾਹਿਬ ਨੇ ਉਹ ਪਦਾ ਬਖ਼ਸ਼ਿਸ਼ ਕੀਤਾ ਹੈ-

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥

ਗੁਰੂ ਆਪਣੇ ਸਿੱਖ ਦੀ ਪ੍ਰਤੀਪਾਲਣਾ ਕਰਦੇ ਹਨ।

ਸੇਵਕ ਕਉ ਗੁਰੁ ਸਦਾ ਦਇਆਲ॥

(ਸੁਖਮਨੀ ਸਾਹਿਬ)

ਇਹ ਨਹੀਂ ਕਿ ਗੁਰੂ ਅੱਜ ਦਇਆਲੂ ਹਨ, ਕੱਲ ਨੂੰ ਗੁਰੂ ਨੇ ਰੁੱਸ ਜਾਣਾ ਹੈ। ਸੱਚ ਜਾਣੋ, ਸਾਡੇ ਅੰਦਰ ਦੀ ਭਾਵਨਾ ਕਰਕੇ ਫ਼ਰਕ ਪੈਂਦਾ ਹੈ। ਗੁਰੂ ਤਾਂ ਕੋਈ ਸਮਾਂ ਅਜਿਹਾ ਨਹੀਂ ਜਦੋਂ ਦਇਆ ਦੇ ਘਰ ਵਿਚ ਨਾ ਆਏ ਹੋਣ। ਸਤਿਗੁਰ ਤਾਂ ਸੂਰਜ ਦੀਆਂ ਕਿਰਨਾਂ ਦੀ ਤਰ੍ਹਾਂ ਸਾਡੇ ਘਰ ਦੇ ਦਰਵਾਜ਼ੇ ਸਾਹਮਣੇ ਆ ਕੇ ਰਹਿਮਤ ਬਿਖੇਰਦੇ ਹਨ। ਜੇ ਮੈਂ ਹੀ ਦਰਵਾਜ਼ਾ ਬੰਦ ਕਰੀ ਬੈਠਾ ਹਾਂ ਤਾਂ ਇਸਦੇ ਵਿਚ ਸੂਰਜ ਦਾ ਕੋਈ ਦੋਸ਼ ਨਹੀਂ। ਸਤਿਗੁਰੂ ਸਦੀਵ ਦਇਆਲੂ ਹਨ। ਮਹਾਰਾਜ ! ਜਦੋਂ ਗੁਰੂ ਦਇਆਲੂ ਹੁੰਦੇ ਹਨ, ਫਿਰ ਕ੍ਰਿਪਾ ਕਰਕੇ ਦੱਸੋ ਕਿ ਗੁਰੂ ਦੀ ਦਇਆਲਤਾ ਦੇ ਕੀ ਲੱਛਣ ਹਨ?

ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਗੁਰੂ ਦੀ ਦਇਆਲਤਾ ਦਾ ਲੱਛਣ ਇਹ ਹੈ ਕਿ ਸਿੱਖ ਦੇ ਅੰਦਰ ਦੀ ਭੈੜੀ ਮੱਤ ਨੂੰ ਦਿਨੋ ਦਿਨ ਖ਼ਤਮ ਕਰਨ ਲੱਗ ਪੈਂਦੇ ਹਨ। ਉਹ ਭੈੜੀ ਮੱਤ ਕਿਵੇਂ? ਮੈਂ ਇਕ ਉਦਾਹਰਨ ਦੇ ਕੇ ਅੱਗੇ ਚਲਾਂ। ਅਸੀਂ ਰਸਤੇ ਵਿਚ ਚੱਲਦੇ ਹਾਂ। ਅੱਖਾਂ ਨਾਲ ਅਨੇਕਾਂ ਲੋਕਾਂ ਦੇ ਚਿਹਰੇ ਨੂੰ ਦੇਖਕੇ ਅੰਦਰ ਮਲੀਨਤਾ ਆਉਂਦੀ ਹੈ। ਜਦੋਂ ਗੁਰੂ ਦਾ ਸ਼ਬਦ ਅੰਦਰ ਟਿੱਕ ਗਿਆ, ਫਿਰ ਉਹ ਚਿਹਰਿਆਂ ਨੂੰ ਦੇਖਦਾ ਹੈ ਪਰ ਅੰਦਰ ਮਲੀਨ ਫੁਰਨਿਆਂ ਦਾ ਜਨਮ ਨਹੀਂ ਹੋਣ ਦਿੰਦਾ। ਪਹਿਲਾਂ ਚੱਲਦਾ ਸੀ ਤਾਂ ਕਿਸੇ ਦੁਸ਼ਮਣ ਦੇ ਸੋਹੇ ਕੰਨਾਂ ਵਿਚ ਪੈਣੇ, ਉਸਦੇ ਬਾਰੇ ਬੁਰਾ ਚਿਤਵਨ ਲੱਗ ਪੈਣਾ। ਹੁਣ ਗੁਰੂ ਨੇ ਇੰਨੀ ਕ੍ਰਿਪਾ ਕਰ ਦਿੱਤੀ ਕਿ ਦੁਸ਼ਮਣ ਨੂੰ ਵੀ ਮਿੱਤਰ ਜਾਣ ਕੇ ਗਲੇ ਲਾਉਣ ਲੱਗ ਪਿਆ। ਹੁਣ ਕਹਿੰਦਾ ਹੈ ਮਨਾ ! ਕਿਉਂ ਆਪਣੇ ਅੰਦਰ ਦੇ ਭਾਂਡੇ ਨੂੰ ਸਾੜੀ ਜਾਂਦਾ ਹੈਂ। ਤੂੰ ਚੁੱਪ ਕਰਕੇ ਰੱਬ ਦੇ ਚਰਨਾਂ ਦੀ ਟੇਕ ਲੈ ਲੈ। ਖਿਮਾ ਵਰਗਾ ਹੋਰ ਦੁਨੀਆਂ ਵਿਚ ਵੱਡਾ ਗੁਣ ਕੋਈ ਨਹੀਂ। ਸਤਿਗੁਰ ਨੇ ਫ਼ੁਰਮਾਇਆ-

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥

ਤੇ ਜਿਉਂ ਜਿਉਂ ਅੰਦਰ ਦੀ ਮੈਲ ਧੁੱਪਦੀ ਹੈ, ਫਿਰ ਸੱਚ ਜਾਣੋ, ਨਾਮ ਜੱਪਣ ਦਾ ਚਾਅ ਪੈਦਾ ਹੁੰਦਾ ਹੈ। ਸਤਿਗੁਰ ਫ਼ਰਮਾਂਦੇ ਹਨ-

ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰ ਸਿਖ ਕੇ ਬੰਧਨ ਕਾਟੈ॥

ਗੁਰੂ ਨੇ ਕ੍ਰਿਪਾ ਕਰਕੇ ਸਿੱਖ ਦੇ ਵਿਕਾਰਾਂ ਦੇ ਬੰਧਨ ਕੱਟ ਦਿੱਤੇ ਤੇ ਜਦੋਂ ਅੰਦਰੋਂ ਬੰਧਨ ਕੱਟੇ ਗਏ ਤੇ ਸਾਹਿਬ ਕਹਿੰਦੇ ਹਨ ਇਹ ਗੁਰੂ ਦਾ ਸਿੱਖ ਵਿਕਾਰਾਂ ਤੋਂ ਦੂਰੀ ਬਣਾਉਣ ਲੱਗ ਪਿਆ।

ਗੁਰ ਕਾ ਸਿਖੁ ਬਿਕਾਰ ਤੇ ਹਾਟੈ॥

ਫਿਰ ਜਦੋਂ ਅੰਦਰੋਂ ਦੁਰਮਤਿ ਚਲੀ ਗਈ, ਵਿਕਾਰ ਖ਼ਤਮ ਹੋ ਗਏ, ਅੰਦਰ ਵਾਲਾ ਭਾਂਡਾ ਬਿਲਕੁਲ ਸਾਫ਼ ਹੋ ਗਿਆ ਤਾਂ ਗੁਰੂ ਜੀ ਨੇ ਆਵਾਜ਼ ਮਾਰ ਕੇ ਕਿਹਾ, ਸਿੱਖਾ ! ਅੱਜ ਤੇਰਾ ਭਾਂਡਾ ਅੱਤ ਦਾ ਨਿਰਮਲ ਹੈ, ਤੇਰੇ ਭਾਂਡੇ ਵਿਚ ਇਕ ਅਮੋਲਕ ਦਾਤ ਪਾਉਣੀ ਚਾਹੁੰਦਾ ਹਾਂ। ਹੇ ਸੱਚੇ ਪਾਤਿਸ਼ਾਹ ! ਅਮੋਲਕ ਦਾਤ ਕੀ ਹੈ? ਕਹਿਣ ਲੱਗੇ ਤੂੰ ਬਚਨ ਕਮਾ ਕੇ ਅੰਦਰ ਦੀ ਮੈਲ ਧੋਤੀ ਹੈ। ਭਾਂਡਾ ਤੇਰਾ ਸਾਫ਼ ਹੈ। ਅੱਜ ਮੈਂ ਤੈਨੂੰ ਵਡਭਾਗੀ ਬਣਾ ਦੇਵਾਂ। ਮਹਾਰਾਜ ਵਡਭਾਗੀ ਦੇ ਲੱਛਣ ਕੀ ਹਨ? ਕਹਿੰਦੇ ਹਨ ਅੱਜ ਮੈਂ ਤੇਰੇ ਅੰਦਰ ਦੇ ਭਾਂਡੇ ਵਿਚ ਨਾਮ ਦੀ ਦਾਤ ਪਾਣ ਲੱਗਾ ਹਾਂ। ਫਿਰ ਸਾਹਿਬ ਨੇ ਉਥੇ ਬਚਨ ਕੀਤਾ-

ਸਤਿਗੁਰ ਸਿਖ ਕਉ ਨਾਮ ਧਨੁ ਦੇਇ॥

ਸੱਚ ਜਾਣੋ, ਅੰਮ੍ਰਿਤ ਦੀ ਦਾਤ ਲੈਣੀ ਹੈ। ਗੁਰੂ ਜੀ ਕੋਲੋਂ ਨਾਮ ਧਨ ਲੈਣਾ ਹੈ। ਸਰੀਰ ਤਾਂ ਪਹਿਲਾਂ ਵੀ ਪਵਿੱਤਰ ਹੈ। ਸੱਚ ਮੁੱਚ ਹੀ ਇਹ ਸਰੀਰ ਭਾਗਾਂ ਵਾਲਾ ਹੈ ਜਦੋਂ ਸਾਨੂੰ ਇਹ ਦੇਹੀ ਮਿਲ ਗਈ ਪਰ ਗੁਰੂ ਦੀ ਨਜ਼ਰ ਵਿਚ ਉਦੋਂ ਭਾਗਾਂ ਵਾਲਾ ਬਣਿਆ ਜਦੋਂ ਇਸ ਸਰੀਰ ਦੇ ਭਾਂਡੇ ਵਿਚ ਗੁਰੂ ਨੇ ਨਾਮ ਦਾ ਅੰਮ੍ਰਿਤ ਟਿਕਾਅ ਦਿੱਤਾ। ਸਾਹਿਬ ਕਹਿੰਦੇ ਹਨ—

ਸਤਿਗੁਰ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥

(ਸੁਖਮਨੀ ਸਾਹਿਬ)

ਉਸ ਦਿਨ ਗੁਰੂ ਦਾ ਸਿੱਖ ਵੱਡਿਆਂ ਭਾਗਾਂ ਵਾਲਾ ਹੋ ਗਿਆ।

ਅੰਮ੍ਰਿਤ ਕਿਉਂ ਜ਼ਰੂਰੀ ਹੈ? ਗੁਰੂ ਦੇ ਚਰਨਾਂ ਵਿਚ ਆਪਾਂ ਕਿਉਂ ਜੁੜਨਾ ਹੈ? ਸਾਹਿਬ ਕਹਿੰਦੇ ਹਨ ਕਿ ਸਿੱਖਾ ! ਤੈਨੂੰ ਇਸ ਕਰਕੇ ਕਿਹਾ ਜਾਂਦਾ ਹੈ ਕਿ ਗੁਰੂ ਵਾਲਾ ਬਣ। ਗੁਰੂ ਦੀ ਸ਼ਰਨ ਵਿਚ ਜਾ, ਕਿਉਂਕਿ ਜਿੰਨੀ ਦੇਰ ਤੱਕ ਤੇਰੀ ਇਹ ਪੰਜ ਤੱਤਾਂ ਦੀ ਦੇਹ ਕਾਇਮ ਹੈ, ਉੱਨੀ ਦੇਰ ਤੱਕ ਲੋਕ ਤੇਰੇ ਨਾਲ ਚੱਲਣਗੇ। ਅੱਜ ਮੇਰਾ ਸਰੀਰ ਕਾਇਮ ਹੈ, ਮੈਂ ਚਾਰ ਬੰਦਿਆਂ ਨੂੰ ਆਵਾਜ਼ ਮਾਰਾਂਗਾ, ਮੇਰਾ ਸਾਥ ਦੇਣਗੇ। ਕਿਉਂਕਿ ਚਾਨਣ ਵਿਚ ਹਮੇਸ਼ਾ ਪਰਛਾਵੇਂ ਪਿੱਛੇ

ਚੱਲਣ ਲੱਗ ਪੈਂਦੇ ਹਨ। ਜਦੋਂ ਤੇਰੇ ਕੋਲ ਜ਼ਿੰਦਗੀ ਹੈ, ਤੇਰੇ ਕੋਲ ਧਨ ਹੈ ਤਾਂ ਲੋਕਾਂ ਦੀ ਭੀੜ ਪਰਛਾਵਾਂ ਬਣ ਕੇ ਤੇਰੇ ਨਾਲ ਚੱਲੇਗੀ ਤੇ ਜਿਸ ਦਿਨ ਤੂੰ ਹਨੇਰੇ ਵਿਚ ਪ੍ਰਵੇਸ਼ ਕੀਤਾ, ਸੱਚ ਜਾਣੀ, ਹਨੇਰੇ ਵਿਚ ਤਾਂ ਆਪਣੇ ਤਨ ਦੇ ਪਰਛਾਵੇਂ ਵੀ ਸਾਥ ਛੱਡ ਜਾਂਦੇ ਹਨ।

ਧੰਨ ਗੁਰੂ ਅਰਜਨ ਸਾਹਿਬ ਨੇ ਅਖ਼ੀਰ 'ਤੇ ਬਚਨ ਕਿਹਾ। ਕਹਿਣ ਲੱਗੇ ਪਿਆਰਿਆ ! ਤਨ ਨਾਲ ਲੋਕਾਂ ਦੇ ਕਾਫ਼ਲੇ ਚੱਲਦੇ ਹਨ, ਪਰ ਜਿਸ ਦਿਨ ਜਿੰਦ ਨੇ ਇਸ ਤਨ ਨੂੰ ਤਿਆਗਣਾ ਹੈ, ਸੱਚ ਜਾਣੀ, ਜਿੰਦ ਨਾਲ ਤਾਂ ਆਪਣਾ ਤਨ ਵੀ ਨਹੀਂ ਜਾਂਦਾ। ਉਸ ਵੇਲੇ ਜੇ ਜਿੰਦ ਨਾਲ ਕੋਈ ਜਾ ਸਕਦਾ ਹੈ ਤਾਂ ਕੇਵਲ ਪੂਰੇ ਗੁਰੂ ਦਾ ਸ਼ਬਦ ਤੇ ਗੁਰੂ ਦਾ ਦਿੱਤਾ ਹੋਇਆ ਨਾਮ ਅੰਮ੍ਰਿਤ ਹੀ ਨਾਲ ਚੱਲੇਗਾ। ਪਿਆਰਿਆ ! ਸਰੀਰ ਨੂੰ ਮੋਢਾ ਲਾ ਕੇ ਚਾਰ ਜਣੇ ਸ਼ਮਸ਼ਾਨ ਘਾਟ ਤੱਕ ਛੱਡ ਆਉਣਗੇ, ਪਰ ਜਿੰਦ ਨਾਲ ਕੇਵਲ ਉਹ ਹੀ ਜਾਏਗਾ ਜੋ ਤੂੰ ਗੁਰੂ ਦੀ ਕ੍ਰਿਪਾ ਨਾਲ ਜੱਪਿਆ ਹੈ। ਇਸ ਲਈ ਅੰਮ੍ਰਿਤ ਦੀ ਦਾਤ ਲੈਣੀ ਹੈ ਕਿ ਤੇਰੀ ਜਿੰਦ ਨਾਲ ਗੁਰੂ ਤੁਰੇ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥

ਅਸੀਂ ਸਿਰਫ਼ ਗੁਰੂ ਦਾ ਇਹ ਹੀ ਪੱਖ ਕਰਦੇ ਹਾਂ ਕਿ ਗੁਰੂ ਵਾਲੇ ਬਣ ਜਾਉ, ਧਨ ਮਿਲੇਗਾ, ਪੱਦਵੀ ਮਿਲੇਗੀ, ਦੁਨੀਆਂ ਦੇ ਸੁੱਖ ਮਿਲਣਗੇ। ਗੁਰਮੁਖਾਂ ਨੇ ਬੜਾ ਸੋਹਣਾ ਸ਼ਬਦ ਵਰਤਿਆ, ਮੈਂ ਕਹਿੰਦਾ ਹਾਂ, ਗੁਰੂ ਵਾਲੇ ਬਣ ਜਾਉ, ਸਿਰ 'ਤੇ ਆਰੇ ਚੱਲਣਗੇ ਪਰ ਰੋਮ ਰੋਮ 'ਚੋਂ ਗੁਰੂ ਦੀ ਯਾਦ ਵਿਸਰੇਗੀ ਨਹੀਂ। ਸਤਿਗੁਰੂ ਆਪਣੇ ਸਿੱਖ ਦੇ ਹਲਤ ਪਲਤ ਦੇ ਮਾਲਕ ਹਨ। ਸਾਹਿਬ ਕਹਿੰਦੇ ਹਨ-

ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥

(ਸੁਖਮਨੀ ਸਾਹਿਬ)

ਸਰੀਰ ਨੂੰ ਤਾਂ ਸਾਂਭਣ ਵਾਲੇ ਸੈਂਕੜੇ ਲੋਕ ਮਿਲ ਜਾਣਗੇ ਪਰ ਜਿੰਦ ਨੂੰ ਸਾਂਭਣ ਵਾਲਾ ਕੇਵਲ ਪੂਰਾ ਗੁਰੂ ਮਿਲੇਗਾ। ਜਿੰਦ ਨੂੰ ਗੁਰੂ ਸਾਂਭ ਸਕਦਾ ਹੈ। ਹੁਣ ਆਖ਼ਿਰ ਸਿੱਖ ਦਾ ਵੀ ਫ਼ਰਜ਼ ਬਣਦਾ ਹੈ। ਸਿੱਖ ਨੇ ਕੀ ਕਰਨਾ ਹੈ?

ਮੇਰੇ ਧੰਨ ਗੁਰੂ ਅਰਜਨ ਸਾਹਿਬ ਨੇ ਅਗਲੇ ਪਦੇ ਵਿਚ ਸਿੱਖ ਦੇ ਸਮਰਪਿਤ ਹੋਣ ਦੀ ਗੱਲ ਕਹੀ ਹੈ। ਪਹਿਲੇ ਵਿਚ ਕਿਹਾ ਹੈ ਗੁਰੂ ਦੀ ਰਹਿਮਤ ਤੇ ਅਗਲੇ ਪਦੇ ਵਿਚ ਸਿੱਖ ਦਾ ਸਮਰਪਿਤ। ਜਦੋਂ ਗੁਰੂ ਦੇ ਦਰ 'ਤੇ ਆਈਏ ਤਾਂ ਉਦੋਂ ਪੂਰਨ ਤੌਰ 'ਤੇ ਸਮਰਪਿਤ ਹੋ ਜਾਈਏ ਤੇ ਜਦੋਂ ਗੁਰਦੁਆਰੇ ਤੋਂ ਬਾਹਰ ਨਿਕਲਣਾ ਹੈ, ਤਾਂ ਉਦੋਂ ਆਪਾਂ ਸੰਘਰਸ਼ ਕਰਨਾ ਹੈ। ਗੁਰੂ ਅਰਜਨ ਸਾਹਿਬ ਨੇ ਇਕ ਬਚਨ ਕਿਹਾ ਸੀ-

ਹਉ ਗੋਸਾਈ ਦਾ ਪਹਿਲਵਾਨੜਾ॥
ਮੈ ਗੁਰ ਮਿਲਿ ਉਚ ਦੁਮਾਲੜਾ॥

ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪਿ ਜੀਉ॥ ੧੭॥
ਵਾਤ ਵਜਨਿ ਟੰਮਕ ਭੇਰੀਆ॥
ਮਲ ਲਥੇ ਲੈਦੇ ਫੇਰੀਆ॥

(ਅੰਗ ੭੪)

ਮੈਂ ਗੁਰੂ ਦੇ ਕੋਲ ਸਮਰਪਿਤ ਹੋਇਆ। ਕਹਿੰਦੇ ਹਨ ਗੁਰੂ ਨੇ ਕ੍ਰਿਪਾ ਕਰ ਦਿੱਤੀ ਕਿ ਅੰਦਰ ਸਮਰਪਿਤ ਹੋਇਆ ਤੇ ਬਾਹਰ ਮੈਂ ਸੰਘਰਸ਼ ਕੀਤਾ ਹੈ। ਗੁਰੂ ਦੇ ਚਰਨਾਂ ਵਿਚ ਸਮਰਪਿਤ ਹੋਣ ਦੀ ਦੇਰ ਸੀ ਕਿ ਮੈਂ ਪੰਜਾਂ ਵਿਕਾਰਾਂ ਨੂੰ ਸੰਘਰਸ਼ ਕਰਕੇ ਜਿੱਤ ਗਿਆ। ਸੰਸਾਰ ਦੀ ਖੇਡ ਕੀ ਹੈ? ਅਸੀਂ ਗੁਰੂ ਨਾਲ ਸੰਘਰਸ਼ ਕਰਦੇ ਹਾਂ ਕਿ ਤੁਸੀਂ ਅੰਮ੍ਰਿਤ ਐਵੇਂ ਕਹਿ ਗਏ। ਜੇ ਅੰਮ੍ਰਿਤ ਦੇ ਕਕਾਰਾਂ ਦੀ ਗੱਲ ਨਾ ਕਰਦੇ ਤਾਂ ਸਾਰੀ ਦੁਨੀਆਂ ਸਿੱਖ ਹੋਣੀ ਸੀ। ਨਹੀਂ ਪਿਆਰਿਆ ! ਤੂੰ ਸੰਸਾਰ ਨਾਲ, ਵਿਕਾਰਾਂ ਨਾਲ ਸੰਘਰਸ਼ ਕਰ। ਗੁਰੂ ਦੇ ਸਮਰਪਿਤ ਹੋ ਜਾ। ਪਰ ਖੇਡ ਉਲਟੀ ਹੈ। ਵਿਕਾਰਾਂ ਦੇ ਸਮਰਪਿਤ ਸੰਸਾਰ ਹੋ ਰਿਹਾ ਹੈ ਤੇ ਗੁਰੂ ਨਾਲ ਸੰਘਰਸ਼ ਕਰਦਾ ਪਿਆ ਹੈ। ਸਾਹਿਬ ਨੇ ਮੇਹਰ ਭਰਿਆ ਬਚਨ ਕੀਤਾ-

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥

(ਅੰਗ ੭੪)

ਗੁਰੂ ਨੇ ਜਦੋਂ ਥਾਪਣਾ ਦਿੱਤੀ ਪਰ ਥਾਪਣਾ ਸਮਰਪਿਤ ਹੋਣ ਵਾਲੇ ਨੂੰ ਮਿਲਦੀ ਹੈ ਤੇ ਜਿੱਤਦਾ ਉਹ ਹੈ ਜਿਹੜਾ ਸੰਘਰਸ਼ ਕਰਨ ਜਾਣਦਾ ਹੈ। ਧੰਨ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਅਗਲੇ ਪਦੇ ਵਿਚ ਕ੍ਰਿਪਾ ਕੀਤੀ-

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥

ਜਿਹੜਾ ਸਿੱਖ ਆਪਣੇ ਗੁਰੂ ਦੀ ਗੁਰਮਤਿ ਵਿਚ ਰਹਿੰਦਾ ਹੈ,

ਗੁਰ ਕੀ ਆਗਿਆ ਮਨ ਮਹਿ ਸਹੈ॥

ਗੁਰੂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿਚ ਪਾਲ ਲਏ।

ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥

ਤੇ ਸਭ ਤੋਂ ਵੱਡਾ ਜੇ ਗੁਰੂ ਜਿੰਦ ਨਾਲ ਤੁਰਦਾ ਹੈ ਤਾਂ ਤੂੰ ਸਮਰਪਣ ਇਹ ਕਰ ਦੇ ਕਿ

ਮਨ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥

(ਸੁਖਮਨੀ ਸਾਹਿਬ)

ਪਿਆਰਿਆ ! ਜੇ ਗੁਰੂ ਨੂੰ ਮਨ ਸਮਰਪਿਤ ਕਰ ਦਿੱਤਾ ਤਾਂ ਤੇਰੀ ਜ਼ਿੰਦਗੀ ਦੇ ਕਾਰਜ ਰਾਸ ਹੋਣਗੇ। ਸੱਚ ਜਾਣੋ, ਗੁਰੂ ਕੋਲੋਂ ਅੰਮ੍ਰਿਤ ਦੀ ਦਾਤ ਲੈਣੀ ਆਪਣੇ ਮਨ ਨੂੰ ਗੁਰੂ ਦੇ ਚਰਨਾਂ ਵਿਚ ਸਮਰਪਿਤ ਕਰਨਾ ਹੈ। ਅੰਮ੍ਰਿਤ ਦੀ ਦਾਤ ਲੈਣੀ ਗੁਰੂ ਦੀ ਆਗਿਆ ਨੂੰ ਆਪਣੇ ਹਿਰਦੇ ਵਿਚ ਸਹਿ ਲੈਣਾ ਹੈ।

ਗੁਰੂ ਕਲਗੀਧਰ ਜੀ ਨੇ ਗੁਰੂ ਦੀ ਸ਼ਰਨ ਵਿਚ ਪੈਣ ਦਾ ਇਕ ਵਿਧਾਨ ਸਾਨੂੰ ਦਿੱਤਾ ਹੈ। ਇਕ ਮਰਿਆਦਾ ਸਾਨੂੰ ਦੇ ਦਿੱਤੀ ਕਿ ਜਿਸ ਕਿਸੇ ਨੇ ਉਸ ਇਕ ਤੱਕ ਪਹੁੰਚਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਕੋਲੋਂ ਅੰਮ੍ਰਿਤ ਦੀ ਦਾਤ ਲਵੇ ਤੇ ਦੇਖੇ ਕਿ ਅੰਮ੍ਰਿਤ ਸੰਚਾਰ ਇਸਦੇ ਅੰਦਰ ਹੋ ਜਾਏ ਤੇ ਜਿਸਦੇ ਅੰਦਰ ਅੰਮ੍ਰਿਤ ਸੰਚਾਰ ਹੋ ਗਿਆ, ਉਹ ਅੰਮ੍ਰਿਤਧਾਰੀ ਬਾਣੀ ਨਾਲ ਜੁੜ ਗਿਆ ਤੇ ਜਿਹੜਾ ਅੰਮ੍ਰਿਤਧਾਰੀ ਬਾਣੀ ਨਾਲ ਜੁੜ ਗਿਆ, ਉਹ ਅੰਮ੍ਰਿਤ ਨਾਮ ਨਿਧਾਨ ਨਾਲ ਜੁੜ ਗਿਆ ਤੇ ਜਿਹੜਾ ਅੰਮ੍ਰਿਤ ਨਾਮ ਨਿਧਾਨ ਨਾਲ ਜੁੜ ਗਿਆ ਤਾਂ ਸੱਚ ਜਾਣੋ, ਉਹ ੧ੴ ਦੇ ਚਰਨਾਂ ਵਿਚ ਅਭੇਦ ਹੋ ਗਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅੰਮ੍ਰਿਤ ਸ਼ਬਦ ਨੂੰ ਬੜੇ ਭਾਵਪੂਰਤ ਸ਼ਬਦਾਂ ਨਾਲ ਬਿਆਨ ਕੀਤਾ ਗਿਆ ਹੈ। ਅੰਮ੍ਰਿਤ ਦੇ ਅਰਥ ਛਤੀਹ ਪ੍ਰਕਾਰ ਦੇ ਭੋਜਨ ਵੀ ਹਨ, ਚੰਦਨ ਦੀ ਲੱਕੜ ਵੀ ਹੈ, ਸ਼ੁੱਭ ਗੁਣ ਵੀ ਹਨ, ਬਾਣੀ ਹੈ, ਨਾਮ ਵੀ ਹੈ। ਅੰਮ੍ਰਿਤ ਦਾ ਅੱਖਰੀ ਅਰਥ ਅਮਰ ਰਹਿਣ ਵਾਲੀ ਕਾਇਆ ਲਈ ਵੀ ਵਰਤੇ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪਹਿਲਾ ਅੰਮ੍ਰਿਤ ਦਾ ਅਰਥ ਹੈ ਸੁਆਦਿਸ਼ਟ ਭੋਜਨ। ਦੂਜਾ ਅਰਥ ਬਾਣੀ ਵਿਚ ਹੈ ਅੰਮ੍ਰਿਤ ਦਾ ਦੁੱਧ। ਇਕ ਤੁੱਕ ਅਸੀਂ ਪੜ੍ਹਦੇ ਹਾਂ-

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ॥

(ਅੰਗ ੪੮੯)

ਅੰਮ੍ਰਿਤ ਤਾਂ ਗੁਰੂ ਦਿੰਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਪਸ਼ੂ ਨੂੰ ਸੁੱਕੇ ਕੱਖ ਪਾਈਏ ਤਾਂ ਉਹ ਵੀ ਅੰਮ੍ਰਿਤ ਦੇਣ ਲੱਗ ਪੈਂਦਾ ਹੈ। ਇਥੇ ਅੰਮ੍ਰਿਤ ਦਾ ਅਰਥ ਗੁਰੂ ਦਾ ਦਿੱਤਾ ਹੋਇਆ ਨਾਮ ਅੰਮ੍ਰਿਤ ਨਹੀਂ। ਇਥੇ ਅੰਮ੍ਰਿਤ ਦਾ ਅੱਖਰੀ ਅਰਥ ਹੈ ਉਸ ਪਸ਼ੂ ਵਿਚੋਂ ਮਿਲਿਆ ਹੋਇਆ ਅੰਮ੍ਰਿਤ ਵਰਗਾ ਦੁੱਧ। ਭਗਤ ਨਾਮਦੇਵ ਜੀ ਨੇ ਇਕ ਤੁੱਕ ਕਹੀ ਹੈ। ਉਸਦੇ ਵਿਚ ਉਹਨਾਂ ਨੇ ਭਾਂਡੇ ਵਿਚ ਜਦੋਂ ਦੁੱਧ ਪਾਇਆ ਹੈ ਤੇ ਇਹ ਨਹੀਂ ਕਿਹਾ ਕਿ ਮੈਂ ਭਾਂਡੇ ਵਿਚ ਦੁੱਧ ਪਾ ਕੇ ਤੁਰਿਆ, ਉਥੇ ਸ਼ਬਦ ਵਰਤੇ ਹਨ-

ਸੋੁਇਨ ਕਟੋਰੀ ਅੰਮ੍ਰਿਤ ਭਰੀ॥
ਲੈ ਨਾਮੈ ਹਰਿ ਆਗੈ ਧਰੀ॥

(ਅੰਗ ੧੧੬੩)

ਉਥੇ- *ਸੋੁਇਨ ਕਟੋਰੀ ਅੰਮ੍ਰਿਤ ਭਰੀ॥*

ਅੰਮ੍ਰਿਤ ਦਾ ਅੱਖਰੀ ਅਰਥ ਉਥੇ ਵੀ ਦੁੱਧ ਹੈ। ਤੀਸਰਾ ਬਾਣੀ ਵਿਚ ਅੰਮ੍ਰਿਤ ਸ਼ਬਦ
5 ਚੰਦਨ ਦੀ ਲੱਕੜ ਲਈ ਵਰਤਿਆ ਹੈ। ਭਗਤ ਰਵਿਦਾਸ ਜੀ ਦਾ ਇਕ ਬਚਨ ਆਉਂਦਾ
ਹੈ ਕਿ

ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥

(ਅੰਗ ੫੨੫)

ਬਿਖ ਸ਼ਬਦ ਸੱਪ ਲਈ ਵਰਤਿਆ ਹੈ ਤੇ ਅੰਮ੍ਰਿਤ ਸ਼ਬਦ ਚੰਦਨ ਦੀ ਲੱਕੜ ਲਈ ਵਰਤਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅੰਮ੍ਰਿਤ ਸ਼ਬਦ ਸ਼ੁਭ ਗੁਣਾਂ ਲਈ ਵੀ ਵਰਤਿਆ ਹੈ। ਇਕ ਤੁੱਕ ਅਸੀਂ ਪੜ੍ਹਦੇ ਹਾਂ-

ਇਸੁ ਦੇਹੀ ਅੰਦਰਿ ਪੰਜ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥

ਤੇ ਅਗਲੀ ਤੁੱਕ ਹੈ-

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

(ਅੰਗ ੬੦੦)

ਅੰਮ੍ਰਿਤ ਲੂਟਹਿ ਦਾ ਅੱਖਰੀ ਅਰਥ ਹੈ ਕਿ ਤੇਰੇ ਅੰਮ੍ਰਿਤ ਵਰਗੇ ਸ਼ੁੱਧ ਗੁਣਾਂ ਨੂੰ ਇਹ ਵਿਕਾਰ ਲੁੱਟਦੇ ਪਏ ਹਨ। ਪੰਜਵਾਂ ਅੰਮ੍ਰਿਤ ਦਾ ਅਰਥ ਹੈ ਕਿ ਆਪਣੇ ਆਪ ਨੂੰ ਸਮਝਣਾ ਕਿ ਮੈਨੂੰ ਕਦੀ ਮੌਤ ਆਉਣੀ ਨਹੀਂ। ਉਥੇ ਹਜ਼ੂਰ ਨੇ ਕਿਹਾ ਹੈ—

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ॥

(ਅੰਗ ੧੫੪)

ਪੰਜਵਾਂ ਅਰਥ ਹੈ ਕਿ ਆਪਣੇ ਆਪ ਨੂੰ ਸਮਝਣਾ ਕਿ ਮੈਂ ਕਦੀ ਮਰਨਾ ਨਹੀਂ। ਹਜ਼ੂਰ ਕ੍ਰਿਪਾਲੂ ਜੀ ਨੇ ਕਿਹਾ ਕਿ ਇਹ ਕੇਵਲ ਇਕ ਪਾਸਾ ਹੈ ਕਿ ਅੰਮ੍ਰਿਤ ਸ਼ਬਦ ਕਿਸ ਕਿਸ ਲਈ ਵਰਤਿਆ ਗਿਆ। ਜਿਹੜੀ ਮੈਂ ਖ਼ਾਸ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਣੀ ਲਈ ਵੀ ਹਜ਼ੂਰ ਨੇ ਸ਼ਬਦ ਅੰਮ੍ਰਿਤ ਵਰਤਿਆ ਹੈ। ਆਪ ਬਾਣੀ ਪੜ੍ਹਨ ਵਾਲਿਆਂ ਨੂੰ ਪਤਾ ਹੈ। ਅਸੀਂ ਇਕ ਬਚਨ ਪੜ੍ਹਦੇ ਹਾਂ-

ਅੰਮ੍ਰਿਤੁ ਤੇਰੀ ਬਾਣੀਆ॥
ਤੇਰਿਆ ਭਗਤਾ ਰਿਦੈ ਸਮਾਣੀਆ॥

(ਅੰਗ ੭੨)

ਇਕ ਹੋਰ ਬਚਨ ਵੀ ਅਸੀਂ ਪੜ੍ਹਦੇ ਹਾਂ ਕਿ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਮੇਹਰ ਕੀਤੀ ਹੈ ਕਿ ਬਾਣੀ ਲਈ ਸ਼ਬਦ ਅੰਮ੍ਰਿਤ ਵਰਤਿਆ ਹੈ। ਧੰਨ ਗੁਰੂ ਅਰਜਨ ਸਾਹਿਬ ਨੇ ਕਿਹਾ-

ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ॥

(ਅੰਗ ੪੦੪)

ਬਾਣੀ ਵੀ ਅੰਮ੍ਰਿਤ ਹੈ। ਤੀਸਰਾ ਪ੍ਰਮਾਣ ਬਾਣੀ ਵਿਚ ਅਸੀਂ ਪੜ੍ਹਦੇ ਹਾਂ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

(ਅੰਗ ੯੮੨)

ਬਾਣੀ ਅੰਮ੍ਰਿਤ ਹੈ। ਅਸੀਂ ਚੌਥਾ ਬਚਨ ਪੜ੍ਹਦੇ ਹਾਂ-

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥

(ਅੰਗ ੩੫)

ਸਵਾਲ ਇਕ ਪੈਦਾ ਹੁੰਦਾ ਹੈ ਕਿ ਬਾਣੀ ਅੰਮ੍ਰਿਤ ਹੈ ਤੇ ਨਾਲ ਹੀ ਸਤਿਗੁਰੂ ਨੇ ਕਹਿ ਦਿੱਤਾ ਨਹੀਂ ਇਕੱਲੀ ਬਾਣੀ ਅੰਮ੍ਰਿਤ ਨਹੀਂ ਹੈ, ਨਾਮ ਵੀ ਅੰਮ੍ਰਿਤ ਹੈ। ਤੁਸੀਂ ਕਈ ਵਾਰੀ ਸ਼ਬਦ ਪੜ੍ਹਦੇ ਹੋ-

ਅੰਮ੍ਰਿਤੁ ਨਾਮ ਪ੍ਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ॥

(ਅੰਗ ੬੧੬)

ਆਪ ਬਚਨ ਪੜ੍ਹਦੇ ਹੋ-

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥

(ਅੰਗ ੩੧੮)

ਅਸੀਂ ਪੜ੍ਹਦੇ ਹਾਂ ਕਿ ਨਾਮ ਹੀ ਅੰਮ੍ਰਿਤ ਹੈ। ਹਜ਼ੂਰ ਨੇ ਅੰਮ੍ਰਿਤ ਬਾਣੀ ਵਿਚ ਕਿਹਾ-

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥

(ਅੰਗ ੨੯੩)

ਨਾਮ ਹੀ ਅੰਮ੍ਰਿਤ ਹੈ। ਬਾਣੀ ਵੀ ਅੰਮ੍ਰਿਤ ਹੈ, ਤੇ ਅੰਮ੍ਰਿਤ ਰਹਿੰਦਾ ਕਿੱਥੇ ਹੈ? ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ਼ਾਰਾ ਕੀਤਾ ਹੈ-

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥

(ਅੰਗ ੫੭੦)

ਤੇਰੇ ਅੰਦਰ ਤਾਂ ਅੰਮ੍ਰਿਤ ਦਾ ਖੂਹ ਭਰਿਆ ਪਿਆ ਹੈ। ਬਾਬਾ ਕਬੀਰ ਜੀ ਨੇ ਸ਼ਬਦ ਵਰਤੇ ਹਨ-

ਕਬੀਰ ਪਾਲ ਸਮੁਹਾ ਸਰਵਰੁ ਭਰਾ ਪੀ ਨਾ ਸਕੈ ਕੋਈ ਨੀਰੁ॥

ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥

(ਅੰਗ ੧੩੭੩)

ਕਹਿੰਦੇ ਹਨ ਤੇਰੇ ਅੰਦਰ ਤਾਂ ਅੰਮ੍ਰਿਤ ਦਾ ਸਰੋਵਰ ਹੈ। ਧੰਨ ਗੁਰੂ ਗ੍ਰੰਥ ਸਾਹਿਬ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਮਨਮੁਖ ਬੰਦਿਆ ਦੇ ਅੰਦਰ ਵੀ ਅੰਮ੍ਰਿਤ ਹੈ। ਹਜ਼ੂਰ ਦਾ ਇਕ ਬਚਨ ਅਸੀਂ ਪੜ੍ਹਦੇ ਹਾਂ-

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥

(ਅੰਗ ੬੪੪)

ਇਸਦਾ ਮਤਲਬ ਹੈ ਕਿ ਮਨਮੁਖ ਬੰਦੇ ਦੇ ਅੰਦਰ ਵੀ ਅੰਮ੍ਰਿਤ ਹੈ। ਇਹ ਗੱਲ ਵੱਖਰੀ ਹੈ ਕਿ ਉਸ ਮਨਮੁਖ ਬੰਦੇ ਕੋਲੋਂ ਅੰਮ੍ਰਿਤ ਦਾ ਸੁਆਦ ਨਹੀਂ ਚੱਖਿਆ ਗਿਆ। ਹਜ਼ੂਰ ਨੇ ਕਿਹਾ ਕਿ ਸਾਰਿਆਂ ਦੇ ਹਿਰਦੇ ਵਿਚ ਅੰਮ੍ਰਿਤ ਦਾ ਖੂਹ ਭਰਿਆ ਪਿਆ ਹੈ ਤੇ ਮਨਮੁਖ ਦੇ ਅੰਦਰ ਵੀ ਅੰਮ੍ਰਿਤ ਹੈ। ਫਿਰ ਜਦੋਂ ਪੁੱਛਿਆ ਕਿ ਅੰਮ੍ਰਿਤ ਕਿੱਥੇ ਹੈ? ਤਾਂ ਗੁਰੂ ਜੀ ਨੇ ਨਾਲ ਹੀ ਇਕ ਬਚਨ ਕਿਹਾ-

ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥

(ਅੰਗ ੧੨੩੮)

ਅੰਮ੍ਰਿਤ ਤਾਂ ਤੇਰੇ ਮਨ ਵਿਚ ਹੈ। ਇਕ ਸਵਾਲ ਪੈਦਾ ਹੁੰਦਾ ਹੈ ਬਾਣੀ ਪੜ੍ਹ ਕੇ ਜਗਿਆਸੂ ਨੂੰ ਕਿ ਤੁਸੀਂ ਕਹੀ ਜਾਂਦੇ ਹੋ ਖੰਡੇ ਬਾਟੇ ਦਾ ਅੰਮ੍ਰਿਤ ਛੱਕੋ ਤੇ ਬਾਣੀ ਵਿਚ ਤਾਂ ਬਾਣੀ ਨੂੰ ਵੀ ਅੰਮ੍ਰਿਤ ਕਿਹਾ ਹੈ, ਨਾਮ ਨੂੰ ਵੀ ਅੰਮ੍ਰਿਤ ਕਿਹਾ ਹੈ, ਅੰਮ੍ਰਿਤ ਤਾਂ ਸਾਰਿਆਂ ਦੇ ਹਿਰਦੇ ਵਿਚ ਵੀ ਹੈ ਤਾਂ ਫਿਰ ਬਾਹਰੋਂ ਅੰਮ੍ਰਿਤ ਦੀ ਕੀ ਲੋੜ ਹੈ? ਗੁਰੂ ਗ੍ਰੰਥ ਸਾਹਿਬ ਨੇ ਇਕ ਹੋਰ ਬਚਨ ਕਿਹਾ ਹੈ ਕਿ ਅੰਮ੍ਰਿਤ ਤੇਰੇ ਅੰਦਰ ਹੈ, ਪਰ ਚੇਤੇ ਰੱਖੀਂ ਅੰਮ੍ਰਿਤ ਦਾ ਦਾਤਾ ਕੇਵਲ ਗੁਰੂ ਹੈ। ਅਸੀਂ ਇਕ ਬਚਨ ਪੜ੍ਹਦੇ ਹਾਂ-

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥

(ਅੰਗ ੯੧੮)

ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ ਪੜ੍ਹੋ। ਉਹ ਕਹਿੰਦੇ ਹਨ-

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥

(ਅੰਗ ੫੯੮)

ਜਿਸ ਨਾਮ ਅੰਮ੍ਰਿਤ ਖ਼ਜ਼ਾਨੇ ਲਈ ਤੂੰ ਸੰਸਾਰ 'ਤੇ ਆਇਆ ਹੈਂ, ਉਹ ਨਾਮ ਅੰਮ੍ਰਿਤ ਖ਼ਜ਼ਾਨਾ ਤੇਰੇ ਅੰਦਰ ਹੈ ਤੇ ਮਿਲਣਾ ਤੈਨੂੰ ਗੁਰੂ ਕੋਲੋਂ ਹੈ।

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥ ੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥

(ਅੰਗ ੫੯੮)

ਇਕ ਸ਼ਬਦ ਵਿਚ ਦੋ ਗੱਲਾਂ ਕਿਉਂ ? ਹੇ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ! ਪਹਿਲੀ ਤੁੱਕ ਵਿਚ ਆਪ ਕਰਿ ਰਹੇ ਹੋ ਕਿ

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥

ਤੇ ਦੂਜੀ ਤੁੱਕ ਵਿਚ ਕਹਿ ਰਹੇ ਹੋ ਕਿ ਅੰਮ੍ਰਿਤ ਤੇਰੇ ਅੰਦਰ ਹੈ। ਅੰਦਰ ਦਾ ਅੰਮ੍ਰਿਤ ਪ੍ਰਗਟ ਹੁੰਦਾ ਹੈ ਗੁਰੂ ਦੀ ਕ੍ਰਿਪਾ ਨਾਲ ਤੇ ਉਹ ਕ੍ਰਿਪਾ ਹੈ ਖੰਡੇ ਬਾਟੇ ਦੀ ਪਾਹੁਲ। ਜੇ ਅੰਦਰ ਅੰਮ੍ਰਿਤ ਦੀ ਜਾਗ ਲੱਗ ਗਈ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਅੱਜ ਤੂੰ ਅੰਮ੍ਰਿਤ ਛੱਕ ਲਿਆ ਹੈ ਤੇ ਸਮਝੇਂ ਕਿ ਮੈਂ ਪੂਰਨ ਤੱਤ 'ਤੇ ਪਹੁੰਚ ਗਿਆ ਹਾਂ।

ਇਕ ਰੱਬ ਦੇ ਪਿਆਰੇ ਨੇ ਬੜੇ ਸੋਹਣੇ ਸ਼ਬਦ ਕਹੇ ਹਨ। ਕਹਿੰਦੇ ਹਨ, ਜਿਸ ਦਿਨ ਅਸੀਂ ਅੰਮ੍ਰਿਤ ਛੱਕ ਲਿਆ, ਉਸ ਦਿਨ ਸਾਡਾ ਅੰਦਰ ਝੁੱਕ ਜਾਣਾ ਚਾਹੀਦਾ ਹੈ। ਜਿਸਨੇ ਅਜੇ ਅੰਮ੍ਰਿਤ ਨਹੀਂ ਛੱਕਿਆ, ਉਹ ਆਵੇਗਾ, ਜੋ ਕਹੋਗੇ ਸਤਿ ਕਰਕੇ ਮੰਨੀ ਜਾਏਗਾ। ਪਤਾ ਨਹੀਂ ਕਿਹੋ ਜਿਹੀ ਖੇਡ ਇਸ ਸਮਾਜ ਵਿਚ ਆ ਗਈ। ਜਿਸ ਦਿਨ ਅੰਮ੍ਰਿਤ ਦੀ ਦਾਤ ਲਈ, ਦੂਜੇ ਦਿਨ ਸ਼ਾਮ ਨੂੰ ਆ ਕੇ ਉਪਦੇਸ਼ਕ ਬਣ ਗਿਆ। ਇਹ ਇਸ ਤਰ੍ਹਾਂ ਮਰਿਯਾਦਾ ਨਹੀਂ। ਮੈਂ ਸੋਚਦਾ ਹਾਂ ਮਨਾ ! ਕੱਲ ਤਾਂ ਤੂੰ ਦਾਖ਼ਲਾ ਲਿਆ ਤੇ ਅੱਜ ਟੀਚਰ ਬਣ ਗਿਆ ਹੈਂ। ਦਾਖ਼ਲਾ ਲੈ ਕੇ ਸ਼ਬਦ ਨੂੰ ਕਮਾਉਂਦਾ ਤਾਂ ਸਮਝ ਪੈਂਦੀ ਕਿ ਨਾਮ ਅੰਮ੍ਰਿਤ ਕੀ ਹੈ। ਇਹੀ ਕਾਰਨ ਹੈ ਕਿ ਅੰਮ੍ਰਿਤ ਛੱਕਣ ਤੋਂ ਬਾਅਦ ਜਦੋਂ ਅਭਿਆਸ ਨਹੀਂ ਬਾਣੀ ਦਾ ਤਾਂ ਸਾਡੇ ਅੰਦਰ ਰੁੱਖਾਪਣ ਜਨਮ ਲੈਂਦਾ ਹੈ। ਉਸੇ ਰੁੱਖੇਪਣ ਨੂੰ ਦੇਖਕੇ ਲੋਕ ਕਹਿੰਦੇ ਹਨ ਕਿ ਇਸਨੇ ਅੰਮ੍ਰਿਤ ਛੱਕਿਆ ਹੈ ਤੇ ਦੇਖੋ ਅੰਮ੍ਰਿਤ ਛੱਕ ਕੇ ਵੀ ਇਹ ਖਰਵਾ ਬੋਲੀ ਜਾਂਦਾ ਹੈ। ਸਤਿਗੁਰੂ ਨੇ ਕਿਹਾ ਕਿ ਪਿਆਰਿਆ ! ਦੁੱਧ ਨੂੰ ਜਾਗ ਲੱਗੀ ਹੈ, ਮਧਾਣੀ ਦਾ ਫੁੱਲ ਇਸ ਦੁੱਧ ਵਿਚ ਟਿਕਾਅ ਦੇਈਂ ਤੇ ਹੱਥ ਨਾਲ ਘੁੱਟ ਕੇ ਤੂੰ ਮਨ ਨੂੰ ਫੜ ਲਈਂ ਤੇ ਜਿਵੇਂ ਮਧਾਣੀ ਦਾ ਫੁੱਲ ਚਾਟੀ ਨੂੰ ਰਿੜਕਦਾ ਪਿਆ ਹੈ, ਦੁੱਧ ਨੂੰ ਰਿੜਕਦਾ ਹੈ, ਤੂੰ ਰਸਨਾ ਨਾਲ ਰੋਜ਼ ਗੁਰੂ ਗੁਰੂ ਜੱਪੀਂ। ਜੇ ਮਧਾਣੀ ਦਾ ਫੁੱਲ ਮੱਖਣ ਨੂੰ ਪੈਦਾ ਕਰ ਦਿੰਦਾ ਹੈ ਤਾਂ ਤੇਰੀ ਰਸਨਾ ਨਾਲ ਜੱਪਿਆ ਹੋਇਆ ਨਾਮ ਤੇਰੇ ਅੰਦਰ ਗੁਰੂ ਨੂੰ ਸਾਕਸ਼ਾਤ ਕਰ ਦੇਵੇਗਾ। ਜੇ ਇਕ ਨਾਲ ਜੁੜਨਾ ਹੈ ਤਾਂ ਗੁਰੂ ਕ੍ਰਿਪਾ ਨਾਲ ਜੁੜਿਆ ਜਾ ਸਕਦਾ ਹੈ।

ਹੁਣ ਗੁਰੂ ਦਾ ਅਰਥ ਕੀ ਹੈ? ਕਿਉਂਕਿ ਅਸੀਂ ਸਾਰੇ ਸ਼ਬਦ ਵਰਤਦੇ ਹਾਂ ਕਿ ਗੁਰੂ ਵਾਲੇ ਬਣ ਜਾਈਏ ਤੇ ਗੁਰੂ ਦੇ ਬਚਨਾਂ ਨੂੰ ਮੰਨ ਲਈਏ। ਸਭ ਤੋਂ ਪਹਿਲੀ ਗੱਲ ਕਿ ਗੁਰੂ ਦੇ ਅਰਥ ਕੀ ਹਨ? ਸਿਆਣੇ ਗੁਰਮੁਖਾਂ ਨੇ ਇਸਦੇ ਅਰਥ ਕੀਤੇ ਹਨ ਕਿ ਗੁਰੂ ਦੋ ਸ਼ਬਦਾਂ ਦਾ ਸੁਮੇਲ ਹੈ। ਇਹ ਦੋ ਅੱਖਰ ਹਨ, ਪਹਿਲਾ ਅੱਖਰ ਗੁ ਤੇ ਦੂਜਾ ਅੱਖਰ ਹੈ ਰੂ। ਗੁ ਦਾ ਅੱਖਰੀ ਅਰਥ ਹੈ ਅੰਧਕਾਰ, ਹਨੇਰਾ ਤੇ ਰੁ ਦਾ ਅੱਖਰੀ ਅਰਥ ਹੈ ਚਾਨਣ। ਗੁਰੂ ਦੇ ਅੱਖਰੀ ਅਰਥ ਹੀ ਇਹ

ਹਨ ਕਿ ਉਹ ਜੋ ਸਾਡੇ ਅੰਦਰ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਚਾਨਣ ਪੈਦਾ ਕਰ ਦੇਵੇ, ਉਸ ਲਈ ਅਸੀਂ ਸ਼ਬਦ ਵਰਤਦੇ ਹਾਂ ਕਿ ਇਹ ਗੁਰੂ ਹੈ।

ਗੁਰੂ ਨਾਨਕ ਦੇਵ ਜੀ ਦਾ ਆਸਾ ਦੀ ਵਾਰ ਦਾ ਇਕ ਸਲੋਕ ਹੈ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਅੰਗ ੪੬੨)

ਇਸਦੇ ਅੱਖਰੀ ਅਰਥ ਬੜੇ ਸਪੱਸ਼ਟ ਹਨ ਕਿ ਮੈਂ ਆਪਣੇ ਗੁਰੂ ਤੋਂ ਇਕ ਦਿਨ ਵਿਚ ਸੌ ਵਾਰੀ ਕੁਰਬਾਨ ਜਾਂਦਾ ਹਾਂ। ਕਿਸ ਗੁਰੂ ਕੋਲੋਂ? ਜਿਸ ਗੁਰੂ ਨੇ ਕ੍ਰਿਪਾ ਕਰਕੇ ਇਕ ਛਿਨ ਵਿਚ ਮਨੁੱਖ ਨੂੰ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੱਤਾ। ਮੈਂ ਸਤਿਗੁਰੂ ਜੀ ਤੋਂ ਵਾਰਨੇ, ਬਲਿਹਾਰਨ, ਕੁਰਬਾਨ ਜਾਂਦਾ ਹਾਂ। ਅਗਲਾ ਸਲੋਕ ਹੈ ਗੁਰੂ ਅੰਗਦ ਦੇਵ ਜੀ ਦਾ। ਗੁਰੂ ਅੰਗਦ ਸਾਹਿਬ ਜੀ ਨੇ ਇਸੇ ਗੱਲ 'ਤੇ ਆਪਣੇ ਵੱਲੋਂ ਹੋਰ ਮੋਹਰ ਲਗਾ ਦਿੱਤੀ। ਕਹਿਣ ਲੱਗੇ ਕਿ ਦੁਨੀਆਂ ਦੇ ਲੋਕੋ ! ਸੱਚ ਜਾਣਿਉ, ਬਾਹਰ ਦਾ ਜਿੰਨਾ ਮਰਜ਼ੀ ਪ੍ਰਕਾਸ਼ ਹੋਵੇ, ਚਾਨਣ ਹੋਵੇ, ਪਰ ਅੰਦਰ ਦਾ ਹਨੇਰਾ ਪੂਰੇ ਗੁਰੂ ਦੀ ਰਹਿਮਤ ਤੋਂ ਬਿਨਾਂ ਨਹੀਂ ਦੂਰ ਹੋਣਾ। ਅਸੀਂ ਅਗਲਾ ਸਲੋਕ ਪੜ੍ਹਦੇ ਹਾਂ-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਅੰਗ ੪੬੩)

ਬਾਹਰ ਭਾਵੇਂ ਹਜ਼ਾਰਾਂ ਸੂਰਜ ਚੜ੍ਹ ਜਾਣ, ਸੈਂਕੜੇ ਚੰਦਰਮਾ ਚੜ੍ਹ ਜਾਣ, ਜਿੰਨਾ ਮਰਜ਼ੀ ਧਰਤੀ 'ਤੇ ਪ੍ਰਕਾਸ਼ ਫੈਲ ਜਾਏ, ਧਰਤੀ ਦੇ ਉੱਤੇ ਚੰਦਰਮਾ ਤੇ ਸੂਰਜ ਆਪਣੀ ਰੋਸ਼ਨੀ ਬਿਖੇਰ ਦੇਣ, ਪਰ ਧੰਨ ਗੁਰੂ ਅੰਗਦ ਸਾਹਿਬ ਜੀ ਮੋਹਰ ਕਰਦੇ ਹਨ ਕਿ ਪੂਰੇ ਗੁਰੂ ਤੋਂ ਬਿਨਾਂ ਅੰਦਰ ਦਾ ਅੰਧਕਾਰ ਕਦੀ ਖ਼ਤਮ ਨਹੀਂ ਹੋ ਸਕਦਾ। ਅੰਦਰ ਦੇ ਹਨੇਰੇ ਨੂੰ ਖ਼ਤਮ ਕਰ ਸਕਦੇ ਹਨ ਕੇਵਲ ਸਮਰੱਥ ਗੁਰੂ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਆਸਾ ਦੀ ਵਾਰ ਦੀ ਇਕ ਪਉੜੀ ਅਸੀਂ ਪੜ੍ਹਦੇ ਹਾਂ। ਇਹ ਗੱਲ ਅੱਜ ਇਕ ਸਵਾਲ ਹੈ ਕਿ ਅੰਮ੍ਰਿਤ ਛੱਕਣਾ ਕਿਉਂ ਜ਼ਰੂਰੀ ਹੈ? ਕੀ ਅੰਮ੍ਰਿਤ ਤੋਂ ਬਿਨਾਂ ਪਾਰ ਉਤਾਰਾ ਨਹੀਂ? ਕੀ ਗੁਰੂ ਤੋਂ ਬਿਨਾਂ ਮਨੁੱਖ ਪ੍ਰਮਾਤਮਾ ਤੱਕ ਪਹੁੰਚ ਨਹੀਂ ਸਕਦਾ? ਸਾਰੀ ਬਾਣੀ ਪੜ੍ਹ ਲਉ, ਮੰਗਲ ਭਾਵੇਂ ਚਾਰ ਸ਼ਬਦਾਂ ਦਾ ਹੋਵੇ, ਭਾਵੇਂ ਸੰਪੂਰਨ ਮੂਲ ਮੰਤਰ ਦਾ ਹੋਵੇ, ਪਰ ਧੰਨ ਗੁਰੂ ਗ੍ਰੰਥ ਸਾਹਿਬ ਨੇ ਇਸ ਗੱਲ 'ਤੇ ਮੋਹਰ ਲਗਾਈ ਹੈ ਕਿ ਇਕ ਪ੍ਰਮਾਤਮਾ ਮਿਲ ਸਕਦਾ ਹੈ ਤਾਂ ਕੇਵਲ ਪੂਰੇ ਗੁਰੂ ਦੀ ਕ੍ਰਿਪਾ ਦੁਆਰਾ। ਹਜ਼ੂਰ ਨੇ ਪਹਿਲਾ ਬਚਨ ਕਿਹਾ ਕਿ ਆਪਣੇ ਗੁਰੂ ਤੋਂ ਇਕ ਦਿਨ ਵਿਚ ਮੈਂ ਸੈਂਕੜੇ ਵਾਰੀ ਕੁਰਬਾਨ ਜਾਂਦਾ ਹਾਂ

ਕਿ ਜਿਸ ਗੁਰੂ ਦੀ ਕ੍ਰਿਪਾ ਨਾਲ ਮੈਨੂੰ ਆਮ ਮਨੁੱਖ ਤੋਂ ਉਸਨੇ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੱਤਾ। ਦੂਜੀ ਬੇਨਤੀ ਮੈਂ ਕੀਤੀ ਹੈ ਕਿ ਬਾਹਰ ਦਾ ਜਿੰਨਾ ਮਰਜ਼ੀ ਪ੍ਰਕਾਸ਼ ਹੋਵੇ, ਚਾਨਣ ਹੋਵੇ, ਪਰ ਪੂਰੇ ਗੁਰੂ ਤੋਂ ਬਿਨਾਂ ਅੰਦਰ ਦਾ ਅੰਧਕਾਰ ਕੋਈ ਦੂਰ ਨਹੀਂ ਕਰ ਸਕਦਾ।

ਮੈਂ ਇਕ ਘਟਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਨਾਲ ਸਬੰਧਿਤ ਆਪ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਆਪਣਾ ਦਰਬਾਰ ਸਜਾ ਕੇ ਬੈਠੇ ਹਨ। ਗੁਰਸਿੱਖਾਂ ਨੇ ਇਕ ਸਵਾਲ ਕੀਤਾ ਹੈ ਕਿ ਹੇ ਸੱਚੇ ਪਾਤਿਸ਼ਾਹ ! ਅਸੀਂ ਬਾਣੀ ਵਿਚ ਬਾਰ ਬਾਰ ਗੁਰੂ ਦੀ ਸ਼ਰਨ, ਗੁਰੂ ਦੀ ਕ੍ਰਿਪਾ, ਗੁਰੂ ਦੇ ਮੰਤਰ ਦਾ ਜ਼ਿਕਰ ਪੜ੍ਹਦੇ ਹਾਂ ਤੇ ਤੁਸੀਂ ਇਕ ਕ੍ਰਿਪਾ ਕਰਕੇ ਸਾਨੂੰ ਦੱਸੋ ਕਿ ਅੱਜ ਤਾਂ ਬੇਅੰਤ ਗੁਰੂ ਬਣੇ ਫਿਰਦੇ ਹਨ, ਗੁਰੂ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਪ੍ਰਸ਼ਨ ਦਾ ਉੱਤਰ ਬੜੇ ਭਾਵਪੂਰਤ ਸ਼ਬਦਾਂ ਵਿਚ ਦਿੱਤਾ। ਕਹਿਣ ਲੱਗੇ ਹੇ ਗੁਰਸਿੱਖੋ ! ਅੱਜ ਕੱਲ ਅਸੀਂ ਦੇਖਦੇ ਹਾਂ ਗੁਰੂ ਬੇਅੰਤ ਹਨ। ਸਾਹਿਬ ਕਹਿੰਦੇ ਹਨ ਕਿ ਚਾਰ ਤਰ੍ਹਾਂ ਦੇ ਗੁਰੂ ਮਿਲਦੇ ਹਨ। ਸਿੱਖਾਂ ਨੇ ਕਿਹਾ, ਮਹਾਰਾਜ ! ਚਾਰ ਤਰ੍ਹਾਂ ਦੇ ਗੁਰੂ ਕਿਹੜੇ ਹਨ? ਧੰਨ ਗੁਰੂ ਹਰਿਗੋਬਿੰਦ ਸਾਹਿਬ ਫੁਰਮਾਉਣ ਲੱਗੇ ਕਿ ਪਹਿਲੀ ਤਰ੍ਹਾਂ ਦੇ ਗੁਰੂ ਲਈ ਸ਼ਬਦ ਵਰਤੇ ਜਾਂਦੇ ਹਨ ਭਰਿੰਗੀ ਗੁਰੂ। ਦੂਜਾ ਗੁਰੂ ਹੈ ਉਸ ਲਈ ਸ਼ਬਦ ਵਰਤੇ ਜਾਂਦੇ ਹਨ ਪਾਰਸ ਗੁਰੂ। ਤੀਸਰਾ ਹੈ, ਉਸ ਲਈ ਸ਼ਬਦ ਹੈ ਬਾਵਨ ਚੰਦਨ ਗੁਰੂ ਤੇ ਚੌਥੇ ਗੁਰੂ ਲਈ ਸ਼ਬਦ ਵਰਤੇ ਜਾਂਦੇ ਹਨ ਦੀਪਕ ਗੁਰੂ। ਚਾਰ ਤਰ੍ਹਾਂ ਦੇ ਗੁਰੂ ਦੱਸੇ ਹਨ। ਸਿੱਖ ਬੇਨਤੀ ਕਰਦੇ ਹਨ ਕਿ ਦਾਤਾ ਜੀ ! ਆਪ ਇਹਨਾਂ ਚਾਰ ਤਰ੍ਹਾਂ ਦੇ ਗੁਰੂਆਂ ਦੀ ਵਿਆਖਿਆ ਕ੍ਰਿਪਾ ਕਰਕੇ ਜ਼ਰੂਰ ਕਰ ਦਿਉ। ਹਜ਼ੂਰ ਨੇ ਪਹਿਲਾ ਬਚਨ ਕੀਤਾ ਕਿ ਭਰਿੰਗੀ ਇਕ ਛੋਟਾ ਜਿਹਾ ਕੀੜਾ ਹੈ। ਇਸ ਖ਼ਾਸ ਕਿਸਮ ਦੇ ਕੀੜਿਆਂ ਨੂੰ ਫੜਦਾ ਹੈ ਤੇ ਆਪਣੇ ਟਿਕਾਣੇ 'ਤੇ ਲੈ ਪਹੁੰਚਦਾ ਹੈ। ਇਹ ਕੀੜਾ ਉਹਨਾਂ ਖ਼ਾਸ ਕੀੜਿਆਂ ਦੇ ਮੂੰਹ ਦੇ ਕੋਲ ਆਪਣੀ ਭੀਂ ਭੀਂ ਦੀ ਆਵਾਜ਼ ਸੁਣਾਉਂਦਾ ਹੈ ਤੇ ਕੁਝ ਦਿਨਾਂ ਤੋਂ ਬਾਅਦ ਭਰਿੰਗੀ ਕੀੜੇ ਦੀ ਆਵਾਜ਼ ਸੁਣ ਸੁਣ ਕੇ ਉਹ ਦੂਜਾ ਕੀੜਾ ਵੀ ਇਸਦੇ ਵਰਗੀ ਬੋਲੀ ਬੋਲਣ ਲੱਗ ਪੈਂਦਾ ਹੈ। ਪਰ ਭਰਿੰਗੀ ਕੀੜੇ ਕੋਲ ਇੰਨੀ ਸਮਰੱਥਾ ਨਹੀਂ ਕਿ ਹਰ ਉਡਦੇ ਹੋਏ ਕੀੜੇ ਨੂੰ ਆਪਣੀ ਆਵਾਜ਼ ਦੇ ਸਕੇ। ਸਾਹਿਬ ਕਹਿਣ ਲੱਗੇ ਕਿ ਪਹਿਲੀ ਤਰ੍ਹਾਂ ਦੇ ਭਰਿੰਗੀ ਗੁਰੂ ਉਹ ਹਨ ਜਿਹੜੇ ਖਾਸ ਸ਼੍ਰੇਣੀ ਦੇ ਲੋਕਾਂ ਨੂੰ ਆਪਣਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹਨ, ਆਪਣੇ ਬਚਨ ਦ੍ਰਿੜ੍ਹ ਕਰਾਉਂਦੇ ਹਨ, ਪਰ ਹਰ ਬੰਦੇ ਨੂੰ ਸਮਝਾਉਣ ਲਈ ਉਹਨਾਂ ਕੋਲ ਸ਼ਬਦ ਨਹੀਂ। ਹਰ ਬੰਦੇ ਦੀ ਜ਼ਿੰਦਗੀ ਨੂੰ ਉਹ ਪਲਟ ਨਹੀਂ ਸਕਦੇ।

ਦੂਜੀ ਤਰ੍ਹਾਂ ਦੇ ਗੁਰੂ ਹਨ ਪਾਰਸ ਗੁਰੂ। ਕਹਿਣ ਲੱਗੇ ਪਾਰਸ ਅੱਠ ਧਾਤਾਂ ਨੂੰ, ਉਹਨਾਂ ਦੇ ਜੀਵਨ ਨੂੰ ਬਦਲ ਕੇ, ਪਾਰਸ ਉਹਨਾਂ ਨੂੰ ਛੂਹ ਜਾਏ ਤੇ ਉਹਨਾਂ ਨੂੰ ਲੋਹੇ ਤੋਂ, ਤਾਂਬੇ ਤੋਂ ਸੋਨਾ ਬਣਾ ਸਕਦਾ ਹੈ, ਪਰ ਪਾਰਸ ਵਿਚ ਇੰਨੀ ਤਾਕਤ ਨਹੀਂ ਕਿ ਉਹ ਉਹਨਾਂ ਨੂੰ ਆਪਣੇ ਵਰਗਾ ਪਾਰਸ ਬਣਾ ਸਕੇ। ਕਹਿਣ ਲੱਗੇ ਪਾਰਸ ਗੁਰੂ ਉਹ ਹਨ ਜਿਹੜੇ ਕੁਝ ਕੁ ਆਪਣੇ ਸ਼ਰਧਾਲੂਆਂ ਦੀ ਜ਼ਿੰਦਗੀ ਨੂੰ ਪਲਟਦੇ ਹਨ, ਉਹਨਾਂ ਨੂੰ ਆਪਣੇ ਕੋਲੋਂ ਗਿਆਨ ਬਖ਼ਸ਼ਦੇ

ਹਨ, ਪਰ ਇੰਨੀ ਸਮਰੱਥਾ ਉਸ ਪਾਰਸ ਗੁਰੂ ਕੋਲ ਨਹੀਂ ਕਿ ਉਸ ਚੇਲੇ ਵਿਚ ਇੰਨੀ ਕੁ ਤਾਕਤ ਪੈਦਾ ਕਰ ਸਕੇ ਕਿ ਉਸਦਾ ਚੇਲਾ ਵੀ ਅੱਗੇ ਕਿਸੇ ਦੀ ਜ਼ਿੰਦਗੀ ਨੂੰ ਪਲਟ ਸਕੇ।

ਤੀਜਾ ਬਾਵਨ ਚੰਦਨ ਗੁਰੂ ਹੈ। ਚੰਦਨ ਦੇ ਰੁੱਖ ਸੰਬੰਧੀ ਦੱਸਿਆ ਜਾਂਦਾ ਹੈ ਕਿ ਬਵਿੰਜਾ ਉਂਗਲਾਂ ਚੰਦਨ ਹੈ, ਇਸਦੇ ਨੇੜੇ ਅਰਿੰਡ ਹੋਵੇ, ਉਸਦੇ ਵਿਚ ਆਪਣੀ ਮਹਿਕ ਪੈਦਾ ਕਰ ਸਕਦਾ ਹੈ, ਪਰ ਇਸ ਬਾਵਨ ਚੰਦਨ ਦੀ ਜਿਹੜੀ ਸੁਗੰਧੀ ਹੈ ਸਾਲ ਵਿਚ ਹਰ ਸਮੇਂ ਮਹਿਕ ਨਹੀਂ ਬਿਖੇਰਦਾ, ਇਸਦੇ ਮਹਿਕ ਬਿਖੇਰਨ ਦਾ ਕੋਈ ਖ਼ਾਸ ਸਮਾਂ ਹੈ, ਪਰ ਬਾਂਸ ਸਾਰੀ ਜ਼ਿੰਦਗੀ ਇਸਦੇ ਕੋਲ ਖਲੋਤਾ ਰਹੇ, ਬਾਵਨ ਚੰਦਨ ਕੋਲ ਇੰਨੀ ਸਮਰੱਥਾ ਨਹੀਂ ਕਿ ਹੰਕਾਰੀ ਬਾਂਸ ਦੇ ਵਿਚ ਵੀ ਆਪਣੀ ਮਹਿਕ ਪੈਦਾ ਕਰ ਸਕੇ। ਬਾਵਨ ਚੰਦਨ ਗੁਰੂ ਹਰ ਸਮੇਂ ਆਪਣਾ ਉਪਦੇਸ਼ ਦ੍ਰਿੜ੍ਹ ਨਹੀਂ ਕਰਾਉਂਦਾ ਤੇ ਬਾਵਨ ਚੰਦਨ ਗੁਰੂ ਖ਼ਾਸ ਖ਼ਾਸ ਲੋਕਾਂ ਨੂੰ ਆਪਣਾ ਉਪਦੇਸ਼ ਦ੍ਰਿੜ੍ਹ ਕਰਾਉਂਦਾ ਹੈ ਪਰ ਉਸ ਕੋਲ ਇੰਨੀ ਸਮਰੱਥਾ ਨਹੀਂ ਕਿ ਹਰ ਵੇਲੇ ਆਪਣੇ ਉਪਦੇਸ਼ ਨੂੰ ਦ੍ਰਿੜ੍ਹ ਕਰਾਏ ਪਰ ਹਾਂ, ਜੇ ਉਸਦੇ ਕੋਲ ਬਾਂਸ ਵਰਗਾ ਹੰਕਾਰੀ ਆ ਜਾਏ ਤਾਂ ਬਾਵਨ ਚੰਦਨ ਗੁਰੂ ਬਾਂਸ ਵਰਗੇ ਹੰਕਾਰੀ ਵਿਚ ਸੁਗੰਧੀ ਨਹੀਂ ਪੈਦਾ ਕਰ ਸਕਦਾ।

ਚੌਥੇ ਹਨ ਦੀਪਕ ਗੁਰੂ। ਇਹ ਉਹ ਗੁਰੂ ਹਨ ਜਿਹੜੇ ਲੋਕਾਂ ਦੇ ਅੰਦਰੋਂ ਹਨੇਰਿਆਂ ਨੂੰ ਦੂਰ ਕਰਕੇ ਉਹਨਾਂ ਵਿਚ ਨਾਮ ਦਾ ਚਾਨਣ ਪੈਦਾ ਕਰ ਦਿੰਦੇ ਹਨ। ਇਹ ਲੋਕਾਂ ਨੂੰ ਬਾਣੀ ਦਾ ਉਪਦੇਸ਼ ਹਰ ਸਮੇਂ ਦ੍ਰਿੜ੍ਹ ਕਰਾਉਂਦੇ ਹਨ। ਉਹਨਾਂ ਨੂੰ ਸਿੱਖੀ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਇਹਨਾਂ ਦੇ ਦਿੱਤੇ ਹੋਏ ਉਪਦੇਸ਼ ਦੁਆਰਾ ਲੋਕਾਂ ਦੇ ਅੰਦਰ ਜਨਮਾਂ ਦੇ ਹਨੇਰੇ ਦੂਰ ਕਰਕੇ ਉਹਨਾਂ ਵਿਚ ਨਾਮ ਦਾ ਚਾਨਣ ਪੈਦਾ ਕਰਦੇ ਹਨ। ਸਿੱਖੋ ! ਜੇ ਗੁਰੂ ਧਾਰਨ ਕਰਨਾ ਹੈ ਤਾਂ ਦੀਪਕ ਗੁਰੂ ਧਾਰਨ ਕਰੋ। ਦੀਪਕ ਗੁਰੂ ਅਜਿਹਾ ਹੈ ਜਿਹੜਾ ਸਾਨੂੰ ਉਸ ਨਿਰੰਕਾਰ ਦੇ ਦਰ ਤੱਕ ਲੈ ਜਾਂਦਾ ਹੈ। ਅੰਮ੍ਰਿਤ ਧਾਰਨ ਕਰੋ ਤੇ ਗੁਰੂ ਵਾਲੇ ਬਣੋ। ਸਤਿਗੁਰ ਮੇਹਰ ਕਰੇ। ਭੁਲਾਂ ਚੁਕਾਂ ਦੀ ਖਿਮਾਂ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਦਇਆ ਕਰਹੁ ਕਿਛੁ ਮਿਹਰ ਉਪਾਵਹੁ

ਗਉੜੀ ਚੇਤੀ ਮਹਲਾ ੧ ॥

ਜੇਤਾ ਸਮੁੰਦੁ ਸਾਗਰ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥

ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ ੫ ॥

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ ੬ ॥ ੫ ॥ ੧੭ ॥

(ਅੰਗ ੧੫੬)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਲੜ ਲਾ ਲਿਆ ਹੈ, ਅਸਲ ਵਿਚ ਉਹ ਪ੍ਰਭੂ ਦੇ ਦਰ 'ਤੇ ਡਿੱਗੇ ਹੋਏ ਦਰਵੇਸ਼ ਹਨ। ਉਹਨਾਂ ਨੇ ਪ੍ਰਮਾਤਮਾ ਦੇ ਚਰਨਾਂ ਵਿਚ ਬੇਨਤੀ ਕਰਕੇ ਦੋ ਦਾਤਾਂ ਮੰਗੀਆਂ। ਇਕ ਤਾਂ ਪਹਿਲਾਂ ਸਿਫ਼ਤ ਕਰਦੇ ਹਨ ਕਿ ਰੱਬ ਜੀ, ਜੋ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ, ਤੇਰਾ ਕਿਸੇ ਨੇ ਅੰਤ ਨਹੀਂ ਪਾਇਆ ਪਰ ਇਕ ਕ੍ਰਿਪਾ ਕਰ, ਜਿਨ੍ਹਾਂ ਨੇ ਤੇਰੇ ਦਰ 'ਤੇ ਡਿੱਗ ਕੇ ਦਰਵੇਸ਼ਾਂ ਦੇ ਸੱਚ ਨੂੰ ਪਛਾਣ ਲਿਆ ਹੈ, ਮੈਨੂੰ ਉਹਨਾਂ ਦੇ ਚਰਨਾਂ ਦੀ ਖ਼ਾਕ ਦੇ ਤਾਂ ਜੋ ਮੈਂ ਉਹਨਾਂ ਦੇ ਚਰਨਾਂ ਵਿਚ ਜੁੜ ਸਕਾਂ। ਇਕ ਤਾਂ ਰੱਤਿਆਂ ਹੋਇਆਂ ਦੇ ਚਰਨਾਂ ਵਿਚ ਸੇਵਾ ਤੇ ਦੂਜੀ ਦਾਤ ਉਹਨਾਂ ਨੇ ਮੰਗੀ ਹੇ ਪ੍ਰਭੂ ! ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, ਮੇਰੀ ਝੋਲੀ ਵਿਚ ਕ੍ਰਿਪਾ ਕਰਕੇ ਬੰਦਗੀ ਦੀ ਖ਼ੈਰ ਪਾ ਦਿਉ। ਕਮਾਈ ਵਾਲੇ ਦੇ ਚਰਨਾਂ ਦੀ ਧੂੜ ਦੇ ਦਿਉ। ਹਜ਼ੂਰ ਦੇ ਬਚਨ ਅਸੀਂ ਪੜ੍ਹਦੇ ਹਾਂ–

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥

ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥

ਜਿਨਿ ਪੈਦਾਇਸੁ ਤੂ ਕੀਆ ਸੋਈ ਦੇਇ ਆਧਾਰੁ ॥ ੧ ॥

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥

ਬਸ ਇਕੋ ਕੰਮ ਕਰ,

ਕੁਦਰਤਿ ਕੀਮ ਨਾ ਜਾਣੀਐ ਵਡਾ ਵੇਪਰਵਾਹੁ॥

ਕੁਦਰਤਿ ਦਾ ਅਰਥ ਤਾਕਤ ਹੈ। ਤੇਰੀ ਤਾਕਤ ਦਾ, ਤੇਰੀ ਕੀਮਤ ਦਾ ਕਿਸੇ ਨੇ ਥਾਹ ਨਹੀਂ ਪਾਇਆ। ਪਿਆਰਿਆ ਇਕ ਕੰਮ ਕਰ-

ਕਰਿ ਬੰਦੇ ਤੂ ਬੰਦਗੀ ਜਿਚਰੁ ਘਟਿ ਮਹਿ ਸਾਹੁ॥

(ਅੰਗ ੭੨੪)

ਜਿੰਨੀ ਦੇਰ ਤੱਕ ਤੇਰੇ ਵਿਚ ਸਾਹ ਹੈ, ਤੂੰ ਰੱਬ ਦੀ ਬੰਦਗੀ ਕਰ। ਉਹ ਪ੍ਰਮਾਤਮਾ ਕੇਵਲ ਭਗਤਾਂ ਨੂੰ ਰੋਟੀ ਨਹੀਂ ਦਿੰਦਾ, ਕੇਵਲ ਉਹ ਸੰਤਾਂ ਨੂੰ ਰੋਟੀ ਨਹੀਂ ਦਿੰਦਾ, ਉਹ ਬੜਾ ਕ੍ਰਿਪਾਲੂ ਹੈ। ਪਿਆਰਿਉ ! ਇਕ ਅਸੀਂ ਅਰਦਾਸ ਵਿਚ ਸ਼ਬਦ ਵਰਤਦੇ ਹਾਂ ਕਿ ਜਿਨ੍ਹਾਂ ਨੇ ਦੇਖਕੇ ਅਣਡਿਠ ਕੀਤਾ। ਖਿਮਾ ਕਰਿਉ, ਅਸੀਂ ਦੇਖ ਕੇ ਕਦੀ ਅਣਡਿੱਠ ਨਹੀਂ ਕਰਦੇ। ਅਸੀਂ ਤਾਂ ਜਿਹੜਾ ਅਣਡਿੱਠ ਹੈ ਉਸਦਾ ਵੀ ਦਾਅਵਾ ਕਰਦੇ ਹਾਂ। ਮੈਂ ਦੇਖਿਆ ਹੈ। ਜਿਹੜਾ ਕਿਸੇ ਦਾ ਐਬ ਅਸੀਂ ਦੇਖਿਆ ਨਹੀਂ, ਕੇਵਲ ਸੁਣਿਆ ਹੈ। ਜੇ ਇਸ ਦੁਨੀਆਂ ਵਿਚ ਇਹ ਬੰਦਾ ਦੇਖਕੇ ਅਣਡਿੱਠ ਕਰਨ ਵਾਲੀ ਜ਼ਿੰਦਗੀ ਜੀਉਣ ਲੱਗ ਪਿਆ, ਸੱਚ ਜਾਣੋ, ਇਕ ਦਿਨ ਉਹ ਗੁਣਾਂ ਨਾਲ ਭਰਿਆ ਜਾਏਗਾ। ਦੇਖਕੇ ਅਣਡਿੱਠ ਜਾਂ ਤਾਂ ਪੂਰਨ ਬ੍ਰਹਮ ਗਿਆਨੀ ਕਰੇਗਾ ਜਾਂ ਦੇਖਕੇ ਅਣਡਿੱਠ ਰੱਬ ਕਰ ਦੇਵੇ। ਸੱਚ ਜਾਣੋ, ਰੱਬ ਦਾ ਤੇ ਸਿੱਖ ਦਾ ਸੁਭਾਅ ਇਕੋ ਜਿਹਾ ਕਿਹਾ ਹੈ। ਹੁਣ ਕੀ ਦੇਖਕੇ ਅਣਡਿੱਠ ਕੀਤਾ?

ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ ਪਰਵਦਿਗਾਰ ! ਤੂੰ ਦੇਖਕੇ ਅਣਡਿੱਠ ਕਰਕੇ ਵੀ ਰੋਟੀ ਦਿੰਦਾ ਹੈਂ। ਹੇ ਦਇਆ ਦੇ ਖ਼ਜ਼ਾਨੇ ! ਸਾਡੇ ਗੁਨਾਹ ਤੂੰ ਦੇਖਦਾ ਪਿਆ ਹੈਂ, ਅਸੀਂ ਜਿਹੜੇ ਕਰਮ ਕਰ ਰਹੇ ਹਾਂ ਪਰ ਸਾਡੇ ਕੁਕਰਮਾਂ ਨੂੰ ਦੇਖਕੇ ਵੀ ਕਦੀ ਤੂੰ ਸਾਡੀ ਥਾਲੀ ਵਿਚੋਂ ਰੋਟੀ ਨਹੀਂ ਚੁੱਕੀ। ਤੂੰ ਸਾਡੇ ਗੁਨਾਹਾਂ ਨੂੰ ਅਣਡਿੱਠ ਕਰ ਦਿੰਦਾ ਹੈਂ। ਪਰਵਦਿਗਾਰ ! ਸਭ ਦੀ ਪਾਲਣਾ ਕਰਨ ਵਾਲਿਆ ! ਤੇਰਾ ਪਾਰ ਵਾਲਾ ਪਾਸਾ ਕਿਸੇ ਨਹੀਂ ਪਾਇਆ, ਅਪਹੁੰਚ ਹੈਂ, ਤੇਰਾ ਕਿਸੇ ਨੇ ਅੰਤ ਨਹੀਂ ਪਾਇਆ। ਦਰਵੇਸ਼ ਕਹਿੰਦਾ ਹੈ, ਹੇ ਖ਼ੁਦਾ ! ਮੈਂ ਤੇਰੇ ਚਰਨਾਂ ਵਿਚ ਇਕ ਦਾਤ ਮੰਗਣ ਆਇਆ ਹਾਂ। ਕਹਿਣ ਲੱਗਾ ਰੱਬ ਜੀ ! ਮੇਰੇ ਕੋਲ ਇੰਨੀ ਹਸਤੀ ਨਹੀਂ ਕਿ ਮੈਂ ਸਿੱਧਾ ਤੇਰੇ ਤੱਕ ਪਹੁੰਚ ਬਣਾ ਸਕਾਂ। ਇਕ ਕ੍ਰਿਪਾ ਕਰ, ਤੇਰੇ ਚਰਨਾਂ ਵਿਚ ਜੁੜੇ ਹੋਏ ਜਿਹੜੇ ਸੱਚ ਨੂੰ ਪਹਿਚਾਨਣ ਵਾਲੇ ਹਨ, ਮੈਨੂੰ ਉਹਨਾਂ ਦੇ ਚਰਨ ਬਖ਼ਸ਼ ਦੇ।

ਪਰਵਰਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥

(ਅੰਗ ੪੮੮)

ਮੈਂ ਆਪਣੇ ਮੂੰਹ ਨਾਲ ਉਹਨਾਂ ਦੇ ਚਰਨਾਂ ਨੂੰ ਚੁੰਮਾਂ ਜਿਨ੍ਹਾਂ ਨੇ ਸੱਚ ਨੂੰ ਪਹਿਚਾਣ ਲਿਆ ਹੈ। ਅਸੀਂ ਗੁਰੂ ਅੱਗੇ ਬੰਧਨਾ ਵੀ ਕਰਦੇ ਰਹੇ, ਸ਼ਾਸਤਰਾਂ ਦੇ ਦੱਸੇ ਹੋਏ ਕਰਮ ਵੀ ਕੀਤੇ, ਮੱਥੇ

ਟੇਕੇ ਪਰ ਰੱਸ ਕਿਉਂ ਨਹੀਂ ਆਉਂਦਾ?

ਗੁਰੂ ਨਾਨਕ ਸਾਹਿਬ ਨੂੰ ਇਕ ਵਾਰੀ ਕਿਸੇ ਨੇ ਪ੍ਰਸ਼ਨ ਕੀਤਾ ਸੀ ਕਿ ਮਹਾਰਾਜ ਜੀ ! ਕਰਮ ਧਰਮ ਬੜੇ ਕਰੀਦੇ ਹਨ, ਪਰ ਅੰਦਰ ਖ਼ੁਸ਼ਕ ਹੀ ਰਹਿੰਦਾ ਹੈ, ਅੰਦਰ ਨੂੰ ਰੱਸ ਨਹੀਂ, ਅੰਦਰ ਨੂੰ ਸ਼ਾਂਤੀ ਨਹੀਂ। ਸੱਚੇ ਪਾਤਿਸ਼ਾਹ ਨੇ ਬਹੁਤ ਸੋਹਣੀ ਇਕ ਉਦਾਹਰਨ ਦਿੱਤੀ। ਕਹਿਣ ਲੱਗੇ ਕਿ ਮਰੀ ਹੋਈ ਬਿੱਲੀ ਕੱਢਣ ਤੋਂ ਬਿਨਾਂ ਬਦਬੂ ਨਹੀਂ ਮਰਦੀ। ਮਰੀ ਬਿੱਲੀ ਕੱਢਣ ਤੋਂ ਬਿਨਾਂ ਪਾਣੀ ਸਾਫ਼ ਨਹੀਂ ਹੁੰਦਾ। ਉਹ ਸੋਚੀਂ ਪੈ ਗਏ। ਅਸੀਂ ਬਚਨ ਕੀ ਕਰ ਰਹੇ ਹਾਂ ਤੇ ਬਾਬਾ ਜੀ ਉੱਤਰ ਕੀ ਦੇ ਰਹੇ ਹਨ।

ਹਜ਼ੂਰ ਨੇ ਆਪਣੇ ਕੋਲ ਬਿਠਾਇਆ। ਕਹਿਣ ਲੱਗੇ ਕਿਸੇ ਨਗਰ ਦੇ ਖੂਹ ਦਾ ਪਾਣੀ ਬਦਬੋ ਮਾਰਨ ਲੱਗ ਪਿਆ ਸੀ। ਸਿਆਣੇ ਪੁਰਸ਼ ਨੂੰ ਪੁੱਛਿਆ ਕਿ ਸਾਡੇ ਪਿੰਡ ਦਾ ਪਾਣੀ ਚੰਗਾ ਭਲਾ ਸੀ ਤੇ ਪਤਾ ਨਹੀਂ ਪਾਣੀ 'ਚੋਂ ਬਦਬੂ ਆਉਣ ਲੱਗ ਪਈ ਹੈ। ਉਸ ਸਿਆਣੇ ਨੇ ਕਿਹਾ ਜੇ ਪਾਣੀ ਵਿਚ ਬਦਬੂ ਆਉਂਦੀ ਹੈ ਤਾਂ ਸਾਰਾ ਪਿੰਡ ਇਕੱਠਾ ਹੋ ਕੇ ਇਸ ਪਾਣੀ ਨੂੰ ਬਾਹਰ ਕੱਢੋ, ਸਾਫ਼ ਹੋ ਜਾਏਗਾ ਤੇ ਨਵਾਂ ਪਾਣੀ ਆ ਜਾਏਗਾ ਫਿਰ ਆਪਣੇ ਆਪ ਬਦਬੂ ਚਲੀ ਜਾਏਗੀ। ਪਿੰਡ ਦੇ ਲੋਕ ਇਕੱਠੇ ਹੋਏ। ਖੂਹ ਦਾ ਪਾਣੀ ਬਾਹਰ ਸੁੱਟਣ ਲੱਗੇ ਤੇ ਸ਼ਾਮ ਤੱਕ ਸਾਰਿਆਂ ਨੇ ਰੱਲ ਕੇ ਖੂਹ ਦਾ ਪਾਣੀ ਬਾਹਰ ਕੱਢ ਦਿੱਤਾ। ਸਵੇਰੇ ਖ਼ੁਸ਼ ਹੋ ਕੇ ਖੂਹ ਵੱਲ ਗਏ ਤੇ ਪਰਤ ਕੇ ਜਦੋਂ ਪਾਣੀ ਵਿਚ ਦੇਖਿਆ ਤਾਂ ਫਿਰ ਪਾਣੀ ਵਿਚੋਂ ਬਦਬੂ ਆਵੇ। ਉਸ ਸਿਆਣੇ ਸੱਜਣ ਕੋਲ ਆਏ ਤੇ ਕਹਿਣ ਲੱਗੇ, ਤੁਸੀਂ ਤਾਂ ਕਹਿ ਦਿੱਤਾ ਕਿ ਖੂਹ ਦਾ ਪਾਣੀ ਬਾਹਰ ਸੁੱਟ ਦਿਉ ਤੇ ਸੁੱਟਣ ਤੋਂ ਬਾਅਦ ਪਾਣੀ ਨਿਰਮਲ ਆ ਜਾਏਗਾ ਪਰ ਉਸਦੀ ਬਦਬੂ ਤਾਂ ਫਿਰ ਵੀ ਨਹੀਂ ਗਈ।

ਉਸ ਸਿਆਣੇ ਪੁਰਸ਼ ਨੇ ਕਿਹਾ ਕਿ ਹੁਣ ਪਾਣੀ ਫਿਰ ਕੱਢੋ ਤੇ ਜਦੋਂ ਪਾਣੀ ਕੱਢ ਲਵੋ ਤਾਂ ਮੈਨੂੰ ਬੁਲਾਇਉ। ਉਹਨਾਂ ਨੇ ਪਾਣੀ ਬਾਹਰ ਕੱਢਿਆ ਤੇ ਉਸ ਸੱਜਣ ਨੂੰ ਬੁਲਾਇਆ। ਉਹ ਆ ਪਹੁੰਚਿਆ। ਲੋਕ ਕਹਿਣ ਲੱਗੇ ਤੁਸੀਂ ਕਹਿੰਦੇ ਸੀ ਪਾਣੀ ਕੱਢ ਦਿਉ, ਬਦਬੂ ਚੱਲੀ ਜਾਏਗੀ। ਬੜਾ ਬਣਿਆ ਫਿਰਦਾ ਹੈਂ ਵੱਡਾ ਸਾਧੂ, ਦੇਖ ਦੋ ਵਾਰੀ ਪਾਣੀ ਕੱਢ ਦਿੱਤਾ, ਪਰ ਬਦਬੂ ਤਾਂ ਅਜੇ ਵੀ ਆ ਰਹੀ ਹੈ। ਸਾਧੂ ਨੇ ਥੱਲੇ ਧਿਆਨ ਮਾਰਿਆ ਤੇ ਕਹਿਣ ਲੱਗਾ ਕਿ ਇਹ ਬਦਬੂ ਕਈ ਦਿਨ ਹੋਰ ਵੀ ਆਏਗੀ। ਕਹਿਣ ਲੱਗੇ ਅਸੀਂ ਥੱਕ ਗਏ ਕਰਮ ਕਰਦਿਆਂ, ਪਾਣੀ ਕੱਢਦਿਆਂ। ਉਹ ਕਹਿੰਦਾ ਹੈ ਕਿ ਪਾਣੀ ਹੀ ਕੱਢੀ ਜਾਂਦੇ ਹੋ, ਇਸਦੇ ਵਿਚ ਮਰੀ ਹੋਈ ਬਿੱਲੀ ਦਾ ਪਿੰਜਰ ਪਿਆ ਹੈ, ਜਿਹੜਾ ਦੁਰਗੰਧੀ ਫੈਲਾਉਂਦਾ ਪਿਆ ਹੈ, ਉਸਨੂੰ ਬਾਹਰ ਕੱਢੋ। ਉਸਦੇ ਕੱਢਣ ਤੋਂ ਬਿਨਾਂ ਖੂਹ ਦਾ ਪਾਣੀ ਨਿਰਮਲ ਨਹੀਂ ਹੋਣਾ।

ਪਿਆਰਿਉ ! ਅਸੀਂ ਤਾਂ ਕੇਵਲ ਖੂਹ ਵਿਚੋਂ ਪਾਣੀ ਬਾਹਰ ਕੱਢਦੇ ਪਏ ਹਾਂ। ਮੈਂ ਇੰਨੇ ਪਾਠ ਕੀਤੇ, ਮੈਂ ਇੰਨਾ ਜੱਪ ਕੀਤਾ, ਮੈਂ ਇੰਨਾ ਦਾਨ ਕੀਤਾ, ਅਸੀਂ ਇੰਨੇ ਲੰਗਰ ਲਾਏ, ਰੱਬ ਦੇ ਨਾਮ 'ਤੇ ਨੁਮਾਇਸ਼ਾਂ ਲਾਈ ਬੈਠੇ ਹਾਂ। ਨਹੀਂ, ਜਿੰਨੀ ਦੇਰ ਤੱਕ ਮਰੀ ਹੋਈ ਬਿੱਲੀ ਭਾਵ ਅੰਦਰੋਂ ਹਉਮੈ ਦਾ ਪਿੰਜਰ ਨਹੀਂ ਨਿਕਲਦਾ ਪਿਆ, ਉਹ ਅਜਿਹੀ ਬਦਬੂ ਪਿਆ

ਫੈਲਾਉਂਦਾ ਹੈ, ਉਸਨੂੰ ਤਾਂ ਕੱਢਦਾ ਨਹੀਂ ਪਿਆ ਕੋਈ। ਜੇ ਮਰੀ ਹੋਈ ਹਉਮੈ ਦੀ ਬਿੱਲੀ ਬਾਹਰ ਕੱਢਾਂਗੇ ਤਾਂ ਕਰਮ ਧਰਮ ਸਫਲ ਹਨ, ਨਹੀਂ ਤਾਂ ਸੱਚ ਜਾਣੋ, ਜਿਵੇਂ ਬਿੱਲੀ ਮਰੀ ਹੋਵੇ, ਪਾਣੀ ਨਿਰਮਲ ਹੈ ਪਰ ਮਰੀ ਹੋਈ ਬਿੱਲੀ ਦੀ ਬਦਬੂ ਪਾਣੀ ਵਿਚ ਰੱਚ ਗਈ। ਇਸੇ ਤਰ੍ਹਾਂ ਜੇ ਅੰਦਰ ਹਉਮੈ ਹੈ, ਖਿਮਾ ਕਰਿਉ, ਜਿਹੜੇ ਨਿਰਮਲ ਕਰਮ ਹਨ ਉਹਨਾਂ ਵਿਚੋਂ ਵੀ ਬਦਬੂ ਆਉਣ ਲੱਗ ਪਏਗੀ।

ਮੈਂ ਬੁੱਲੇ ਦਾ ਇਕ ਬਚਨ ਪੜ੍ਹਿਆ। ਉਸਨੇ ਬਹੁਤ ਸੋਹਣੀ ਗੱਲ ਕਹੀ ਹੈ ਕਿ ਮੱਕੇ ਗਿਆਂ ਗੱਲ ਮੁੱਕਦੀ ਨਾਹੀ। ਜੇ ਅਸੀਂ ਕਹੀਏ ਮੈਂ ਮੱਕੇ ਚਲਿਆ ਹਾਂ, ਅਸੀਂ ਕਹੀਏ ਮੈਂ ਹੇਮਕੁੰਟ ਸਾਹਿਬ ਚੱਲਿਆ ਹਾਂ, ਹਰਿਮੰਦਰ ਸਾਹਿਬ ਚੱਲੇ ਹਾਂ। ਕਿਸ ਲਈ ਚੱਲੇ ਹਾਂ? ਅੰਦਰ ਦੀ ਮੈਲ ਧੁਪ ਜਾਏ। ਜੇ ਉਥੇ ਜਾ ਕੇ ਕੇਵਲ ਹਾਜ਼ਰੀ ਪੁਆ ਕੇ ਕਹੀ ਜਾਣਾ ਮੈਂ ਇੰਨੀ ਵਾਰੀ ਗਿਆ, ਪਿਆਰਿਉ ! ਚੇਤੇ ਰੱਖਿਉ, ਫਿਰ ਗੱਲ ਨਹੀਂ ਮੁੱਕਣੀ। ਗੱਲ ਤਾਂ ਮੁੱਕਦੀ ਹੈ ਜੇ ਉਥੇ ਆਪਣੇ ਅੰਦਰ ਨੂੰ ਖੋਲ੍ਹ ਕੇ ਗੁਰੂ ਦੇ ਸਾਹਮਣੇ ਰੱਖ ਦੇਈਏ। ਬੁੱਲ੍ਹਾ ਕਹਿੰਦਾ ਹੈ-

ਮੱਕੇ ਗਿਆਂ ਗੱਲ ਮੁੱਕਦੀ ਨਾਹੀ ਜੇਕਰ ਦਿਲੋਂ ਨਾ ਆਪ ਮੁਕਾਈਏ।
ਗੰਗਾ ਗਿਆਂ ਗੱਲ ਮੁੱਕਦੀ ਨਾਹੀ ਭਾਵੇਂ ਸੌ-ਸੌ ਗੋਤੇ ਲਾਈਏ।
ਗਇਆ ਗਿਆਂ ਗੱਲ ਮੁੱਕਦੀ ਨਾਹੀ ਭਾਵੇਂ ਕਿਤਨੇ ਪਿੰਡ ਪੜ੍ਹਾਈਏ।
ਔਹ ਬੁੱਲੇ ਸ਼ਾਹ ਗੱਲ ਤਾਈਉਂ ਮੁੱਕਦੀ ਜਦ ਮੈਂ ਨੂੰ ਪਰੇ ਹਟਾਈਏ।

ਜਦੋਂ ਮੈਂ ਨੂੰ ਛੱਡਾਂਗੇ, ਹਉਮੈ ਨੂੰ ਛੱਡਾਂਗੇ ਉਸ ਦਿਨ ਹੀ ਗੱਲ ਬਣਨੀ ਹੈ। ਹਰ ਇਕ ਇਨਸਾਨ ਨੂੰ ਪਤਾ ਹੈ ਕਿ ਮੌਤ ਆਉਣੀ ਹੈ। ਇਸ ਮੌਤ ਨੂੰ ਬਾਬਾ ਫਰੀਦ ਜੀ ਨੇ ਕਿਹਾ-

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

(ਅੰਗ ੪੮੮)

ਸ਼ੇਖ਼ ਫਰੀਦ ਬੋਲ ਰਿਹਾ ਹੈ ਤੇ ਤੈਨੂੰ ਸਮਝਾਉਣ ਦਾ ਇਹ ਯਤਨ ਕਰ ਰਿਹਾ ਹੈ ਕਿ ਹੇ ਮਨੁੱਖ ! ਜੇ ਤੂੰ ਜੀਉਂਦੇ ਜੀਅ ਲੱਗਣਾ ਹੈ ਤਾਂ ਪ੍ਰਮਾਤਮਾ ਨਾਲ ਲੱਗ ਜਾ। ਯਾਦ ਰੱਖ,

ਇਹੁ ਤਨੁ ਹੋਸੀ ਖਾਕ

ਜਿਸ ਤਨ ਨੂੰ ਤੂੰ ਅੱਜ ਲੈ ਕੇ ਬੈਠਾ ਹੈਂ, ਜਿਸ ਤਨ ਨੂੰ ਤੂੰ ਮਿੱਟੀ ਤੋਂ ਬਚਾਉਣ ਦਾ ਯਤਨ ਕਰਦਾ ਹੈਂ, ਯਾਦ ਰੱਖੀਂ ਇਸ ਤਨ ਨੇ ਖ਼ੁਦ ਇਕ ਦਿਨ ਮਿੱਟੀ ਦਾ ਰੂਪ ਹੀ ਧਾਰਨ ਕਰ ਲੈਣਾ ਹੈ।

ਨਿਮਾਣੀ ਗੋਰ ਘਰੇ॥ (ਅੰਗ ੪੮੮)

ਉਸ ਮਹਾਂਪੁਰਸ਼ ਨੇ ਆਪਣੀ ਰਚਨਾ ਵਿਚ ਜਿੰਨੀ ਮੌਤ ਦੀ ਗੱਲ ਨੇੜੇ ਹੋ ਕੇ ਕੀਤੀ ਹੈ, ਸ਼ਾਇਦ ਇੰਨੀ ਸਾਨੂੰ ਹੋਰ ਕਿਤਿਉਂ ਮਿਲੇ। ਉਹਨਾਂ ਨੇ ਤਾਂ ਆਪਣੀ ਰਚਨਾ ਵਿਚ ਇਸ ਅਟੱਲ ਸਚਾਈ ਨੂੰ ਬਿਆਨ ਕਰਦਿਆਂ, ਇਕੱਲਾ ਆਮ ਮਨੁੱਖ ਨਹੀਂ, ਵੱਡੇ-ਵੱਡੇ ਅਵਤਾਰ

ਲੋਕ ਵੀ ਮੌਤ ਦੀ ਕਤਾਰ ਵਿਚ ਖਲੋਤੇ ਦਿਖਾਏ ਹਨ। ਬਾਬਾ ਫਰੀਦ ਸਾਹਿਬ ਦੇ ਬਚਨ ਹਨ-

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥

ਇਸ ਜਿੰਦ ਨੂੰ ਕੋਈ ਟਾਂਕਾ ਨਹੀਂ ਲਾ ਕੇ ਰੱਖ ਸਕਦਾ। ਪਾਟੇ ਹੋਏ ਕੱਪੜੇ ਤਾਂ ਸੂਈ ਧਾਗਿਆਂ ਨਾਲ ਸੀਤੇ ਜਾਣਗੇ, ਪਰ ਯਾਦ ਰੱਖੀਂ, ਇਸ ਤਨ ਦੇ ਵਿਚੋਂ ਰੂਹ ਨਿਕਲ ਗਈ, ਇਸ ਤਨ ਵਿਚੋਂ ਜਿੰਦ ਨਿਕਲ ਗਈ ਤਾਂ ਦੁਨੀਆਂ ਦਾ ਕੋਈ ਧਾਗਾ ਨਹੀਂ ਕਿ ਇਸ ਨਿਕਲੀ ਹੋਈ ਜਿੰਦ ਨੂੰ ਸਰੀਰ ਵਿਚ ਗੰਢ ਸਕੇ। ਇਹ ਮੌਤ ਅਵੱਸ਼ ਹੈ। ਸਾਹਿਬ ਨੇ ਫ਼ੁਰਮਾਇਆ

ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥

(ਅੰਗ ੧੩੮੦)

ਆਪੋ ਆਪਣੀ ਵਾਰੀ ਅਨੁਸਾਰ ਕੀ ਸ਼ੇਖ਼, ਕੀ ਮਸਾਇਕ, ਕੀ ਪੀਰ ਇਸ ਸੰਸਾਰ ਤੋਂ ਕੂਚ ਪਏ ਕਰਦੇ ਹਨ। ਗੁਰੂ ਅੰਗਦ ਸਾਹਿਬ ਨੇ ਕਿਹਾ ਕਿ ਜਿਨ੍ਹਾਂ ਨੇ ਖਸਮ ਨੂੰ ਮਿਲਣਾ ਹੈ ਉਹ ਜੀਊਂਦੇ ਜੀਅ ਮਰਦੇ ਨਹੀਂ ਤੇ ਮਨ ਵਿਚ ਆਇਆ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਤਿੰਨ ਤਰ੍ਹਾਂ ਦੀ ਮੌਤ ਨੂੰ ਪ੍ਰਵਾਨਿਆ ਹੈ। ਇਕ ਮੌਤ ਹੈ ਸਰੀਰਕ ਤੌਰ 'ਤੇ ਮਰਨਾ, ਦੂਜੀ ਮੌਤ ਹੈ ਸਰੀਰਕ ਤੌਰ 'ਤੇ ਜੀਅ ਜਾਣਾ, ਪਰ ਨਾਮ ਦੀ ਹੀਣਤਾ ਕਰਕੇ ਜੀਉਂਦੇ ਜੀਅ ਮਰ ਜਾਣਾ। ਤੀਸਰਾ ਹੈ ਸ਼ਬਦ ਦੇ ਵਿਚ ਡੁੱਬ ਕੇ ਜੀਉਂਦੇ ਜੀਅ ਆਪਣੀ ਹਉਂ ਨੂੰ ਮਾਰ ਦੇਣਾ। ਬਾਬਾ ਫ਼ਰੀਦ ਜੀ ਨੇ ਆਪਣੀ ਰਚਨਾ ਵਿਚ ਬਚਨ ਕੀਤਾ ਕਿ

ਸਾਢੇ ਤ੍ਰੈ ਮਣ ਦੇਹੁਰੀ

ਇਹ ਕੇਵਲ ਇਕ ਇਨਸਾਨ ਲਈ ਨਹੀਂ, ਉਹ ਸਰੀਰ ਜਿਹੜਾ ਅੰਨ ਤੇ ਪਾਣੀ ਦੇ ਸਹਾਰੇ 'ਤੇ ਇਸ ਧਰਤੀ ਦੇ ਉੱਤੇ ਪਵਨ ਰਾਹੀਂ ਜੀਅ ਰਿਹਾ ਹੈ।

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥

ਜਿਹੜੀ ਪਾਣੀ ਤੇ ਅੰਨ ਦੇ ਸਹਾਰੇ ਦੇਹੀ ਚੱਲਦੀ ਪਈ ਹੈ।

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ॥

ਜਦੋਂ ਇਨਸਾਨ ਇਸ ਧਰਤੀ 'ਤੇ ਆਇਆ ਹੈ ਤਾਂ ਪਤਾ ਨਹੀਂ ਕਿੰਨੀਆਂ ਕੁ ਆਸ਼ਾਵਾਂ ਲੈ ਕੇ ਇਸ ਸੰਸਾਰ ਵਿਚ ਆਇਆ ਹੈ।

ਮਲਕਤ ਮਉਤ ਜਾ ਆਵਸੀ ਸਭ ਦਰਵਾਜੇ ਭੰਨਿ॥

(ਅੰਗ ੧੩੮੩)

ਬੰਦਾ ਬੜੀਆਂ-ਬੜੀਆਂ ਆਸਾਂ ਲੈ ਕੇ ਆਇਆ। ਇਹੀ ਕਾਰਨ ਹੈ ਕਿ ਸਾਡੀ ਇੱਛਾ ਹੀ ਦੁੱਖ ਨੂੰ ਜਨਮ ਦਿੰਦੀ ਹੈ। ਜਿੰਨੀਆਂ ਅਸੀਂ ਇੱਛਾਵਾਂ ਪੈਦਾ ਕਰਦੇ ਹਾਂ, ਉਹ ਕਈ ਵਾਰੀ ਪੂਰੀਆਂ ਨਹੀਂ ਹੁੰਦੀਆਂ। ਨਾ ਪੂਰੀਆਂ ਹੋਣ ਕਰਕੇ ਸਾਡੇ ਅੰਦਰ ਦੀ ਇੱਛਾ ਸਾਡੇ ਅੰਦਰ ਦੀ

ਕਲਪਨਾ ਨੂੰ, ਦੁੱਖ ਤੇ ਭਟਕਣ ਵਾਲੇ ਪਾਸੇ ਤੋਰ ਦੇਵੇਗੀ। ਕਿਉਂਕਿ ਕਦੀ ਵੀ ਇਨਸਾਨ ਦੀ ਆਸ ਹਰ ਇਕ ਪੂਰੀ ਨਹੀਂ ਹੋਈ। ਜੋ ਕੁਝ ਅਸੀਂ ਆਪਣੇ ਮਨ ਵਿਚ ਚਿਤਵਦੇ ਹਾਂ, ਯਾਦ ਰੱਖੋ, ਉਹ ਕੁਝ ਵੀ ਨਹੀਂ ਹੋਣਾ। ਹੋਣਾ ਉਹ ਕੁਝ ਹੈ ਜੋ ਕੁਝ ਪਰਮ ਪਿਤਾ ਪ੍ਰਮਾਤਮਾ ਵਾਹਿਗੁਰੂ ਜੀ ਦੇ ਚਿੱਤ ਵਿਚ ਹੈ। ਪਰ ਫਿਰ ਵੀ ਬੰਦਾ ਆਸ ਵਿਚ ਜੀਉਂਦਾ ਹੈ। ਸਾਹਿਬ ਨੇ ਕਿਹਾ ਕਿ ਇਹ ਤਨ ਬੜੀਆਂ ਆਸਾਂ ਲੈ ਕੇ ਧਰਤੀ 'ਤੇ ਆਇਆ। ਇਸਨੇ ਆਪਣੀ ਜ਼ਿੰਦਗੀ ਜੀਉਣ ਦੇ ਅਨੇਕਾਂ ਸਾਧਨ ਲੱਭੇ ਤੇ ਸਾਰਾ ਜੀਵਨ ਇਹ ਆਪਣੇ ਤਨ ਨੂੰ ਬਚਾਉਣ ਲਈ ਤੁਰਿਆ ਰਿਹਾ, ਪਰ ਜਿਸ ਦਿਨ ਮੌਤ ਨੇ ਆਉਣਾ ਹੈ, ਬਾਬਾ ਫ਼ਰੀਦ ਕਹਿੰਦੇ ਹਨ, ਤੇਰੀ ਜ਼ਿੰਦਗੀ ਦੇ ਦਰਵਾਜ਼ੇ ਨੂੰ ਤੋੜ ਕੇ ਸਰੀਰ ਵਿਚੋਂ ਜਿੰਦ ਕੱਢ ਲੈ ਜਾਏਗੀ।

ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ॥

ਕਹਿਣ ਲੱਗੇ-

ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥

ਗੁਰੂ ਨਾਨਕ ਸਾਹਿਬ ਜੀ ਦੀ ਰਚਨਾ ਪੜ੍ਹੋ। ਸਾਹਿਬ ਕਹਿੰਦੇ ਹਨ-

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥

(ਅੰਗ ੭੨੧)

ਕਹਿਣ ਲੱਗੇ ਦੇਖੋ ਮੇਰੇ ਸਿਰ ਦੇ ਕੇਸਾਂ ਨੂੰ, ਮੌਤ ਦੇ ਫਰਿਸ਼ਤੇ ਨੇ ਘੁੱਟ ਕੇ ਫੜਿਆ ਹੈ ਤੇ ਸ਼ਾਇਦ ਇਸ ਪੱਥਰ ਦਿਲ ਨੂੰ ਅਜੇ ਸਮਝ ਨਹੀਂ ਪੈਂਦੀ ਪਈ। ਜਿਸਦੇ ਸਿਰ ਦੇ ਵਾਲ ਮੌਤ ਨੇ ਫੜੇ ਹੋਣ, ਉਸ ਬੰਦੇ ਨੂੰ ਆਪਣੀ ਤਿਆਰੀ ਰੱਖਣੀ ਚਾਹੀਦੀ ਹੈ। ਸਾਹਿਬ ਨੇ ਮੌਤ ਨੂੰ ਇੰਨਾ ਨੇੜੇ ਦੇਖਿਆ ਤੇ ਆਪਣੀ ਰਸਨਾ ਤੋਂ ਕਿਹਾ—

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥

(ਅੰਗ ੫੯੫)

ਜੋ ਇਥੇ ਆਇਆ ਹੈ ਉਸਨੇ ਇਕ ਦਿਨ ਮਰਨਾ ਹੈ, ਕਿਉਂਕਿ

ਮਰਣੁ ਲਿਖਾਇ ਮੰਡਲ ਮਹਿ ਆਏ॥

(ਅੰਗ ੬੮੫)

ਆਪਾਂ ਮੌਤ ਵਾਲਾ ਦਿਨ ਲਿਖਾ ਕੇ ਆਏ ਹਾਂ। ਸੰਸਾਰ ਤੋਂ ਕੂਚ ਕਰਨ ਵਾਲਾ ਦਿਨ ਆਪਾਂ ਮੁਕੱਰਰ ਕਰਾ ਕੇ ਆਏ ਹਾਂ। ਬਾਬਾ ਨਾਨਕ ਜੀ ਦੀ ਸਰੀਰਕ ਮੌਤ ਸੰਬੰਧੀ ਜਿਹੜੀ ਵਿਚਾਰਧਾਰਾ ਹੈ, ਉਹ ਬੜੀ ਸਪੱਸ਼ਟ ਹੈ ਤੇ ਉਹ ਰੋਜ਼ ਜਦੋਂ ਅਸੀਂ ਸੌਂਦੇ ਹਾਂ ਤਾਂ ਇਸ ਗੱਲ ਨੂੰ ਫਿਰ ਚਿਤਵਨੀ ਵਿਚ ਲਿਆਉਂਦੇ ਹਾਂ ਕਿ

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਕਿਉਂ ਸੱਦੇ ਇਥੇ ਮੌਤ ਦੇ ਪੈਂਦੇ ਪਏ ਹਨ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥

(ਅੰਗ ੧੫੭)

ਉਸ ਸੱਦਣ ਵਾਲੇ ਨੂੰ ਚੇਤੇ ਕਰ, ਕਿਉਂ ਚੇਤੇ ਕਰ? ਕਿਉਂਕਿ ਜਿਹੜਾ ਸੱਦਾ ਤੇਰੇ ਗੁਆਂਢੀ ਦੇ ਘਰ ਵਿਚ ਮੌਤ ਦਾ ਆਇਆ ਹੈ, ਯਾਦ ਰੱਖੀਂ, ਇਹ ਸੱਦਾ ਤੇਰੇ ਘਰ ਵਿਚ ਵੀ ਆਉਣ ਵਾਲਾ ਹੈ। ਜੇਕਰ ਕੋਈ ਇਸ ਮੌਤ ਤੋਂ ਬੱਚਣ ਦਾ ਬੰਦੋਬਸਤ ਕਰੇ ਤਾਂ ਕੀ ਮੌਤ ਉਸਨੂੰ ਛੱਡ ਜਾਏਗੀ? ਕੀ ਮੌਤ ਤੋਂ ਉਸਦਾ ਬਚਾਅ ਹੋ ਜਾਏਗਾ? ਧੰਨ ਗੁਰੂ ਅਰਜਨ ਦੇਵ ਸੱਚੇ ਸਾਹਿਬ ਨੇ ਆਪਣੀ ਪਵਿੱਤਰ ਰਸਨਾ ਤੋਂ ਸਲੋਕ ਸੰਸਕ੍ਰਿਤੀ ਦੇ ਅੰਦਰ ਇਕ ਅੰਮ੍ਰਿਤ ਬੋਲ ਉਸ ਮਨੁੱਖ ਦੀ ਉਦਾਹਰਨ ਦੇ ਰੂਪ ਵਿਚ ਪੇਸ਼ ਕੀਤਾ ਕਿ ਜਿਹੜਾ ਇਹ ਸੋਚੀ ਬੈਠਾ ਹੈ ਕਿ ਸ਼ਾਇਦ ਮੌਤ ਮੈਨੂੰ ਕਦੀ ਨਹੀਂ ਆਉਣੀ। ਜਿਸ ਤਾਕਤ ਨੂੰ ਮੈਂ ਹਾਸਿਲ ਕਰਕੇ ਬੈਠਾ ਹਾਂ, ਮੇਰੇ ਸ਼ਕਤੀਸ਼ਾਲੀ ਇਸ ਬਲ ਦੇ ਸਾਹਮਣੇ, ਐਸ਼ਵਰਜ ਦੇ ਸਾਹਮਣੇ ਮੌਤ ਨੇ ਕਦੀ ਨਹੀਂ ਆਉਣਾ। ਗੁਰੂ ਅਰਜਨ ਦੇਵ ਜੀ ਨੇ ਪ੍ਰਮਾਣ ਦਿੱਤਾ ਹੈ। ਕਹਿੰਦੇ ਹਨ, ਅਸੀਂ ਉਹ ਵੀ ਲੋਕ ਦੇਖੇ ਜਿਨ੍ਹਾਂ ਦੇ ਕੋਲ ਬਹੁਤ ਜ਼ਿਆਦਾ ਬਲ ਸੀ। ਉਹਨਾਂ ਦੀਆਂ ਬਾਹਾਂ ਵਿਚ ਸ਼ਕਤੀ ਬੜੀ ਸੀ। ਪਾਪ ਵੀ ਉਹਨਾਂ ਨੇ ਬਹੁਤ ਕੀਤੇ। ਜਿੰਨਾ ਪਾਪੀ ਬੰਦਾ ਮੌਤ ਤੋਂ ਡਰਦਾ ਹੈ, ਯਾਦ ਰੱਖੋ ਉੱਨਾ ਧਰਮੀ ਬੰਦਾ ਕਦੀ ਮੌਤ ਤੋਂ ਡਰੇਗਾ ਨਹੀਂ। ਧਰਮੀ ਬੰਦੇ ਦੇ ਅੰਦਰ ਚਾਉ ਹੈ ਕਿ

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥

(ਅੰਗ ੧੩੬੫)

ਤੇ ਇਥੇ ਮੈਂ ਕਈ ਵਾਰੀ ਬੇਨਤੀ ਕਰਦਾ ਹੁੰਦਾ ਹਾਂ ਕਿ ਇਕ ਵਿਦਿਆਰਥੀ ਨੇ ਪੂਰਾ ਸਾਲ ਮਿਹਨਤ ਕੀਤੀ ਹੈ ਤੇ ਜਿਉਂ ਜਿਉਂ ਪੇਪਰ ਨੇੜੇ ਆਉਂਦੇ ਹਨ, ਤਿਉਂ ਤਿਉਂ ਉਸ ਵਿਦਿਆਰਥੀ ਦਾ ਚੇਹਰਾ ਖੇੜੇ ਵਿਚ ਹੋਵੇਗਾ ਤੇ ਜਿਸਨੇ ਪੂਰਾ ਸਾਲ ਕੇਵਲ ਵਿਅਰਥ ਗਵਾ ਦਿੱਤਾ ਗੱਲਾਂ ਬਾਤਾਂ ਵਿਚ, ਉਹ ਯਤਨ ਕਰੇਗਾ ਕਿ ਇਮਤਿਹਾਨ ਵਾਲੇ ਦਿਨ ਵੀ ਕੋਈ ਇਹੋ ਜਿਹੀ ਘਟਨਾ ਵਾਪਰ ਜਾਏ ਕਿ ਪੇਪਰ ਹੀ ਕੈਂਸਲ ਹੋ ਜਾਣ। ਸਤਿਗੁਰੂ ਨੇ ਬਾਣੀ ਵਿਚ ਕਿਹਾ ਕਿ ਜਿੰਨਾ ਬੰਦਾ ਪਾਪ ਕਮਾਉਂਦਾ ਹੈ, ਉੱਨਾ ਜ਼ਿਆਦਾ ਮੌਤ ਤੋਂ ਉਹ ਡਰੇਗਾ। ਜਿਸ ਬੰਦੇ ਨੇ ਆਪਣੀ ਜੇਬ ਵਿਚ ਚਾਰ ਰੁਪਏ ਪਾਏ ਹਨ ਉਹ ਤਾਂ ਇਕੱਲਿਆਂ ਜਾਂਦਾ ਡਰੇਗਾ ਕਿ ਮੈਨੂੰ ਕੋਈ ਲੁੱਟ ਨਾ ਲਏ, ਮਾਰ ਨਾ ਲਏ ਤੇ ਪਿਆਰਿਉ ! ਜਿਸ ਦੀਆਂ ਜੇਬਾਂ ਖ਼ਾਲੀ ਹਨ, ਹੱਥ ਖ਼ਾਲੀ ਹਨ, ਉਸਨੂੰ ਲੰਘਦਿਆਂ ਕੀ ਪ੍ਰਵਾਹ। ਨਾ ਉਸਨੂੰ ਲੁੱਟਣ ਦਾ ਭੈਅ ਤੇ ਨਾ ਕਿਸੇ ਦੇ

ਠੱਗਣ ਦਾ ਭੈਅ। ਉਸ ਇਨਸਾਨ ਨੇ ਆਪਣੇ ਜੀਵਨ ਵਿਚ ਬਹੁਤ ਤਾਕਤ ਇਕੱਠੀ ਕੀਤੀ। ਅਖ਼ੀਰ 'ਤੇ ਮੌਤ ਤੋਂ ਬਚਣ ਲਈ ਉਸਨੇ ਟਿਕਾਣਾ ਉਥੇ ਬਣਾਇਆ ਜਿੱਥੇ ਇਨਸਾਨ ਦੀ ਪਹੁੰਚ ਨਹੀਂ। ਕਿਸੇ ਉੱਚੀ ਪਹਾੜੀ 'ਤੇ ਘਰ ਬਣਾਇਆ। ਚਾਰ ਚੁਫੇਰੇ ਡੂੰਘੀ ਖਾਈ ਪਾਣੀ ਨਾਲ ਭਰ ਦਿੱਤੀ। ਆਪਣੇ ਪਹਿਰੇਦਾਰਾਂ ਦੇ ਉੱਤੇ ਵੀ ਪਹਿਰੇਦਾਰ ਲਗਾ ਦਿੱਤੇ। ਕਿਸੇ ਨੂੰ ਕੋਈ ਪਤਾ ਨਹੀਂ। ਪਰ ਜਦੋਂ ਉਸਦਾ ਆਖ਼ਰੀ ਸਮਾਂ ਆਇਆ, ਜੱਮ ਉਸਨੂੰ ਉਥੋਂ ਵੀ ਆ ਕੇ ਲੈ ਗਏ। ਬੰਦਿਆ ! ਤੂੰ ਜਿੱਥੇ ਮਰਜ਼ੀ ਪਹੁੰਚ ਜਾ, ਭਾਵੇਂ ਉਥੇ ਇਨਸਾਨ ਨਾ ਆ ਸਕੇ ਪਰ ਪ੍ਰਮਾਤਮਾ ਹਰ ਥਾਂ ਪਹੁੰਚ ਸਕਦਾ ਹੈ। ਕੋਈ ਵੀ ਥਾਂ ਉਸਦੀ ਪਹੁੰਚ ਤੋਂ ਬਿਨਾਂ ਨਹੀਂ। ਸਤਿਗੁਰੂ ਨੇ ਕਿਹਾ-

ਅਤਿ ਸੁੰਦਰ ਕੁਲੀਨ ਚਤੁਰ

ਕੋਈ ਅੱਤ ਦਾ ਸਿਆਣਾ ਹੋਵੇ, ਉੱਚੀ ਕੁਲ ਦਾ ਮਾਲਕ ਹੋਵੇ, ਸੁੱਹਪਣ ਸੁੰਦਰਤਾ ਵੀ ਬਹੁਤ ਜ਼ਿਆਦਾ ਹੋਵੇ। ਸਾਹਿਬ ਨੇ ਫ਼ੁਰਮਾਇਆ-

ਮੁਖਿ ਗਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥

(ਅੰਗ ੨੫੩)

ਜੇ ਇਨਸਾਨ ਦਾ ਪ੍ਰਮਾਤਮਾ ਦੇ ਚਰਨਾਂ ਵਿਚ ਪਿਆਰ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਨਜ਼ਰੀਏ ਵਿਚ ਉਹ ਬੰਦਾ ਜੀਊਂਦੇ ਜੀਅ ਮ੍ਰਿਤਕ ਹੈ। ਇਸੇ ਨੂੰ ਗੁਰੂ ਜੀ ਨੇ ਅੰਮ੍ਰਿਤ ਬਾਣੀ ਵਿਚ ਸੁੰਨੀ ਦੇਹ ਦੇ ਨਾਲ ਤੁਲਨਾ ਦਿੱਤੀ। ਇਨਸਾਨ ਦੇ ਵਿਚ ਚੱਲਦੇ ਸੁਆਸ ਪਏ ਹਨ ਪਰ ਗੁਰੂ ਜੀ ਦੀ ਨਜ਼ਰ ਵਿਚ ਦੇਖੀਏ ਤਾਂ ਇਹ ਸੁੰਨੀ ਦੇਹ ਹੈ। ਉਸਨੂੰ ਕਿਹਾ ਜਿਸਦੇ ਅੰਦਰ ਦਿਲ ਹੈ, ਖ਼ੂਨ ਹੈ, ਕਿਡਨੀ ਹੈ ਪਰ ਜੇ ਅੰਦਰ ਉਸਦੇ ਵਾਹਿਗੁਰੂ ਜੀ ਦਾ ਨਾਮ ਨਹੀਂ ਤਾਂ ਪ੍ਰਮਾਰਥਕ ਤੌਰ 'ਤੇ ਅਧਿਆਤਮਕ ਸੰਸਾਰ ਦੇ ਵਿਚ ਉਸ ਦੇਹ ਨੂੰ ਸੁੰਨੀ ਦੇਹ ਮੰਨਿਆ ਹੈ। ਲਾਸ਼ ਨੂੰ ਵੀ ਅਸੀਂ ਇਹੀ ਕਹਿੰਦੇ ਹਾਂ ਕਿ ਕਾਇਆ ਸੁੰਨੀ ਹੋ ਗਈ। ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਹੈ-

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥
ਤਿਨਿ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥

(ਅੰਗ ੬੯੭)

ਜੇ ਅੰਦਰ ਨਾਮ ਨਹੀਂ, ਉਹ ਸੁੰਨੀ ਦੇਹ ਹੈ। ਇਸੇ ਨੂੰ ਹਜ਼ੂਰ ਨੇ ਬਾਣੀ ਵਿਚ ਫ਼ੁਰਮਾਇਆ ਹੈ ਕਿ

ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥ (ਅੰਗ ੧੮੮)

ਜੇ ਨਾਮ ਨਹੀਂ, ਰੂਹਾਨੀਅਤ ਨਹੀਂ, ਪਾਰਬ੍ਰਹਮ ਪ੍ਰਮੇਸ਼ਵਰ ਦੀ ਬੰਦਗੀ ਨਹੀਂ ਤੇ ਗੁਰੂ ਦੀ ਨਜ਼ਰ ਵਿਚ ਉਸ ਦਾ ਸਰੀਰ ਅਸਲ ਵਿਚ ਜੀਊਂਦੇ ਜੀਅ ਲਾਸ਼ ਹੈ। ਗੁਰੂ ਜੀ ਨੇ ਕਿਹਾ ਕਿ

ਨਾਮ ਬਿਨਾ ਜੋ ਪਹਿਰੈ ਖਾਇ॥

ਨਾਮ ਤੋਂ ਬਿਨਾਂ ਜੋ ਭੋਜਨ ਛੱਕਦਾ ਹੈ ਤੇ ਨਾਮ ਤੋਂ ਬਿਨਾਂ ਜਿਹੜਾ ਆਪਣੇ ਤਨ ਦੇ ਉੱਪਰ ਕੀਮਤੀ ਬਸਤਰ ਪਹਿਨਦਾ ਹੈ, ਕਹਿੰਦੇ ਹਨ ਇਸਦਾ ਖਾਣਾ ਅਤੇ ਇਸਦਾ ਪਹਿਨਣਾ ਇਸ ਤਰ੍ਹਾਂ ਹੈ ਕਿ

ਜਿਉ ਕੂਕਰੁ ਜੂਠਨ ਮਹਿ ਪਾਇ॥

(ਅੰਗ ੨੪੦)

ਜਿਵੇਂ ਇਕ ਅਵਾਰਾ ਕੁੱਤਾ ਜੂਠੇ ਬਰਤਨਾਂ ਵਿਚ ਮੂੰਹ ਮਾਰਦਾ ਹੋਵੇ।

ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥

(ਅੰਗ ੨੪੦)

ਜੇਕਰ ਨਾਮ ਨਹੀਂ, ਤਨ ਦੇ ਉੱਪਰ ਜਿੰਨਾ ਮਰਜ਼ੀ ਕੋਈ ਇਨਸਾਨ ਸ਼ਿੰਗਾਰ ਕਰੀ ਜਾਏ, ਗੁਰੂ ਦੇ ਨਜ਼ਰੀਏ ਵਿਚ ਜੇਕਰ ਕੋਈ ਬੰਦਾ ਪਾਰਬ੍ਰਹਮ ਪ੍ਰਮੇਸ਼ਰ ਦੇ ਨਾਮ ਤੋਂ ਸੱਖਣਾ ਰਹਿ ਗਿਆ ਤਾਂ ਕਹਿੰਦੇ ਹਨ ਉਸਦੀ ਹਾਲਤ ਇਸ ਤਰ੍ਹਾਂ ਹੈ ਕਿ ਜਿਵੇਂ ਇਕ ਮੁਰਦੇ ਬੰਦੇ ਦੇ ਉੱਤੇ ਕਿਸੇ ਨੇ ਰੇਸ਼ਮ ਦੇ ਕੱਪੜੇ ਪਾ ਦਿੱਤੇ, ਇਕ ਮੁਰਦੇ ਬੰਦੇ ਦੀਆਂ ਬਾਹਾਂ ਵਿਚ ਸੋਨੇ ਦੇ ਕੰਗਨ ਪਾ ਦਿੱਤੇ, ਇਕ ਮੁਰਦੇ ਬੰਦੇ ਦੇ ਗਲੇ ਵਿਚ ਹਾਰ ਤੇ ਜ਼ੰਜੀਰਾਂ ਲਟਕਾ ਦਿੱਤੀਆਂ। ਜਿਵੇਂ ਇਕ ਮੁਰਦੇ ਦੇ ਲਈ ਸ਼ਿੰਗਾਰ ਦੀ ਕੋਈ ਕੀਮਤ ਨਹੀਂ, ਇਸੇ ਤਰ੍ਹਾਂ ਨਾਮ ਤੋਂ ਬਿਨਾਂ, ਪ੍ਰਮੇਸ਼ਰ ਦੀ ਇਬਾਦਤ ਤੋਂ ਬਿਨਾਂ ਉਹ ਤਨ ਇਸ ਤਰ੍ਹਾਂ ਹੈ ਜਿਵੇਂ ਮੁਰਦਾ ਆਪਣੇ ਤਨ ਉੱਤੇ ਸੋਨੇ ਦੇ ਗਹਿਣੇ ਲਟਕਾ ਕੇ ਤੁਰਿਆ ਆਵੇ।

ਗੁਰੂ ਅੰਗਦ ਸਾਹਿਬ ਕਹਿੰਦੇ ਹਨ, ਜਿਹੜੇ ਜੀਊਂਦੇ ਜੀਅ ਮਰ ਜਾਂਦੇ ਹਨ, ਉਹ ਅੱਖਾਂ ਤੋਂ ਬਿਨਾਂ ਦੇਖਦੇ ਹਨ। ਉਹ ਕੰਨਾਂ ਤੋਂ ਬਿਨਾਂ ਸੁਣਦੇ ਹਨ, ਉਹ ਜ਼ਬਾਨ ਤੋਂ ਬਿਨਾਂ ਬੋਲਦੇ ਹਨ, ਪੈਰਾਂ ਤੋਂ ਬਿਨਾਂ ਤੁਰਦੇ ਹਨ, ਹੱਥਾਂ ਤੋਂ ਬਿਨਾਂ ਕੰਮ ਕਰਦੇ ਹਨ, ਉਹ ਜੀਉਂਦੇ ਜੀਅ ਆਪਣੇ ਆਪ ਨੂੰ ਮਾਰ ਕੇ, ਹੁਕਮ ਨੂੰ ਪਹਿਚਾਣ ਕੇ ਖਸਮ ਵਿਚ ਮਿਲ ਗਏ। ਜਿਸ ਮੌਤ ਨੂੰ ਅਨੇਕਾਂ ਲੋਚਦੇ ਹਨ ਪਰ ਗੁਰ ਪ੍ਰਸਾਦਿ ਤੋਂ ਬਿਨਾਂ ਜੀਉਂਦੇ ਜੀਅ ਮਰਿਆ ਨਹੀਂ ਜਾਂਦਾ। ਕਬੀਰ ਸਾਹਿਬ ਕਹਿੰਦੇ ਹਨ-

ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭੀ ਨਾ ਜਾਨਿਆ ਕੋਇ॥

ਸੰਸਾਰ ਮੁਦਤਾਂ ਤੋਂ ਮਰੀ ਜਾ ਰਿਹਾ ਹੈ, ਪਰ ਕਹਿੰਦੇ ਹਨ, ਹੈਰਾਨੀ ਦੀ ਗੱਲ ਹੈ ਕਿ

ਇੰਨੇ ਜੁਗ ਹੋ ਗਏ ਹਨ ਬੰਦੇ ਨੂੰ ਮਰਦਿਆਂ ਪਰ ਕਰੋੜਾਂ ਵਿਚੋਂ ਇਕ ਅੱਧਾ ਅਜਿਹਾ ਪੈਦਾ ਹੁੰਦਾ ਹੈ ਜਿਸਨੂੰ ਮਰਨ ਦੀ ਜਾਚ ਆਉਂਦੀ ਹੈ।

ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥

(ਅੰਗ ੧੩੬੫)

ਅਜਿਹਾ ਮਰਨਾ ਜੀਉਂਦੇ ਜੀਅ ਮਰਨਾ ਹੈ। ਅਜਿਹੇ ਮਰਨੇ ਸ਼ਬੰਧੀ ਗੁਰੂ ਅਮਰਦਾਸ ਜੀ ਨੇ ਇਸ ਸਲੋਕ ਦੀ ਵਿਆਖਿਆ ਕੀਤੀ ਹੈ ਕਿ

ਕਿਆ ਜਾਣਾ ਕਿਵ ਮਰਹਗੇ

ਇਹ ਕੋਈ ਪਤਾ ਨਹੀਂ ਕਿ ਸਰੀਰਕ ਤੌਰ 'ਤੇ ਅਸੀਂ ਕਿਵੇਂ ਮਰਾਂਗੇ? ਕੀ ਪਤਾ ਕਿਹੜਾ ਬਹਾਨਾ ਬਣ ਜਾਣਾ ਹੈ ਪਰ ਇੰਨੀ ਗੱਲ ਸਭ ਨੂੰ ਪਤਾ ਹੈ ਕਿ ਮਰਨਾ ਜ਼ਰੂਰ ਹੈ। ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ-

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥

ਪਰ ਇਕ ਗੱਲ ਯਾਦ ਰੱਖੀਂ-

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ

ਜੇ ਤੇਰੇ ਮਨ ਵਿਚੋਂ ਵਾਹਿਗੁਰੂ ਜੀ ਦਾ ਨਾਮ ਨਾ ਭੁੱਲਿਆ ਤੇ ਫਿਰ ਤੇਰੀ ਮੌਤ ਵੀ ਸੁਖੈਨ ਹੋਵੇਗੀ।

ਤਾ ਸਹਲਾ ਮਰਣਾ ਹੋਇ॥

ਅਗਲਾ ਬਚਨ ਹੈ ਕਿ

ਮਰਣੈ ਤੇ ਜਗਤੁ ਡਰੈ

ਹਰ ਬੰਦਾ ਮੌਤ ਤੋਂ ਡਰਦਾ ਹੈ।

ਜੀਵਿਆ ਲੋੜੈ ਸਭੁ ਕੋਇ॥

ਹਰ ਇਨਸਾਨ ਚਾਹੁੰਦਾ ਹੈ ਮੈਨੂੰ ਜ਼ਿੰਦਗੀ ਮਿਲ ਜਾਏ, ਮੈਂ ਚਾਰ ਦਿਨ ਹੋਰ ਜੀਅ ਲਵਾਂ।

ਗੁਰ ਪ੍ਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥

(ਅੰਗ ੫੫੫)

ਜੇ ਇਨਸਾਨ ਇਹੋ ਜਿਹੀ ਮੌਤ ਮਰੇ ਤਾਂ ਫਿਰ ਉਹ ਸਦੀਵ ਕਾਲ ਲਈ ਜ਼ਿੰਦਗੀ ਮਾਣ ਸਕਦਾ ਹੈ।

ਹੁਣ ਜੀਊਂਦੇ ਜੀਅ ਮਰਨਾ ਕੀ ਹੈ? ਅਰਥ ਕੀਤੇ ਗਏ ਕਿ ਜੀਊਂਦੇ ਜੀਅ ਮਰਨਾ,

ਅੱਖਾਂ ਤੋਂ ਬਿਨਾਂ ਦੇਖਣਾ। ਪਰਾਏ ਰੂਪ ਨੂੰ ਦੇਖਣ ਵਾਲੀ ਬਿਰਤੀ ਖ਼ਤਮ ਹੋ ਗਈ। ਮਲੀਨ ਦ੍ਰਿਸ਼ਟੀ ਖ਼ਤਮ ਹੋ ਗਈ। ਨਿੰਦਿਆ ਚੁਗ਼ਲੀ ਸੁਣਨੀ ਬੰਦ ਕਰ ਦਿੱਤੀ। ਇਹ ਕੰਨਾਂ ਤੋਂ ਬਿਨਾਂ ਸੁਣਨਾ ਹੋ ਗਿਆ। ਮਾੜੇ ਰਸਤੇ 'ਤੇ ਚੱਲਣਾ ਬੰਦ ਕਰ ਦਿੱਤਾ, ਬੁਰੇ ਕੰਮਾਂ ਵੱਲ ਕਦਮ ਵਧਾਉਣੇ ਬੰਦ ਕਰ ਦਿੱਤੇ। ਇਹ ਪੈਰਾਂ ਤੋਂ ਬਿਨਾਂ ਤੁਰਨਾ ਹੋ ਗਿਆ। ਚੰਗੀ ਸੁੱਚੀ ਕਿਰਤ ਕਰਨ ਲੱਗ ਪੈਣਾ, ਇਹ ਹੱਥਾਂ ਤੋਂ ਬਿਨਾਂ ਕਰਨਾ ਹੋ ਗਿਆ। ਜ਼ਬਾਨ ਦੇ ਨਾਲ ਨਿੰਦਿਆ ਚੁਗ਼ਲੀ ਕਰਨੀ ਛੱਡ ਦਿੱਤੀ, ਇਹ ਜ਼ਬਾਨ ਤੋਂ ਬਿਨਾਂ ਬੋਲਣਾ ਹੋ ਗਿਆ। ਇਹ ਅਰਥ ਕੀਤੇ ਗਏ। ਇਸਨੂੰ ਤਰਕ ਦੇ ਨਜ਼ਰੀਏ ਨਾਲ ਨਾ ਲੈਣਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਅਸਗਾਹ ਸਾਗਰ ਹੈ। ਸਾਗਰ ਵਿਚ ਚੁੱਭੀ ਮਾਰ ਕੇ ਜੇਕਰ ਕਿਸੇ ਦੀ ਮੁੱਠੀ ਵਿਚ ਮੋਤੀ ਆਏ ਹਨ ਤਾਂ ਉਨ੍ਹਾਂ ਮੋਤੀਆਂ ਨੂੰ ਦੇਖਕੇ ਇਹ ਨਾ ਪਰਿਭਾਸ਼ਾ ਬਣਾ ਲੈਣਾ ਕਿ ਜਿਹੜੇ ਮੇਰੇ ਮੁੱਠੀ ਵਿਚ ਮੋਤੀ ਆਏ ਹਨ, ਕੇਵਲ ਸਾਗਰ ਵਿਚ ਇਹੀ ਕੁਝ ਹੈ, ਇਸ ਤੋਂ ਬਿਨਾਂ ਕੁਝ ਨਹੀਂ। ਨਹੀਂ, ਸਮੁੰਦਰ ਕੋਲ ਅਸਗਾਹ ਖ਼ਜ਼ਾਨਾ ਹੈ। ਤੇਰੀ ਸਿਰਫ਼ ਪਾਤਰਤਾ ਇੰਨੀ ਸੀ ਕਿ ਤੂੰ ਇਕ ਮੁੱਠੀ ਹੀ ਮੋਤੀਆਂ ਦੀ ਭਰ ਕੇ ਲਿਆ ਸਕਿਆ। ਜੇਕਰ ਕੋਈ ਇਨਸਾਨ ਪਾਣੀ ਦਾ ਭਾਂਡਾ ਲੈ ਕੇ ਸਾਗਰ ਦੇ ਵਿਚੋਂ ਪਾਣੀ ਭਰਦਾ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਜਿਹੜਾ ਸਮੁੰਦਰ ਵਿਚੋਂ ਉਸਨੇ ਪਾਣੀ ਭਰਿਆ ਹੈ, ਸਮੁੰਦਰ ਦੇ ਪਾਣੀ ਦੀ ਹੈਸੀਅਤ ਸਿਰਫ਼ ਇਕ ਲੋਟੇ ਜਿੰਨੀ ਹੈ। ਤੇਰੀ ਲੋੜ ਇਕ ਲੋਟਾ ਹੈ ਪਰ ਯਾਦ ਰੱਖੀਂ ਤੇਰੇ ਵਰਗੇ ਮਟਕੇ ਪਤਾ ਨਹੀਂ ਕਿੰਨੇ ਕੁ ਸਮੁੰਦਰ ਵਿਚੋਂ ਭਰੇ ਜਾ ਸਕਦੇ ਹਨ।

ਇਸੇ ਤਰ੍ਹਾਂ ਗੁਰਬਾਣੀ ਦੀ ਵਿਚਾਰ ਦਾ ਵਿਸ਼ਾ ਹੈ। ਕਿਉਂਕਿ ਵਿਚਾਰ ਵਿਚ ਕਦੀ ਵੀ ਦਾਅਵਾ ਨਾ ਕਰੀਏ। ਵਿਚਾਰ ਤਾਂ ਉਸਦਾ ਪ੍ਰਸਾਦਿ ਹੈ, ਉਸਦੀ ਕ੍ਰਿਪਾ ਹੈ। ਭਾਵੇਂ ਅਸੀਂ ਕਥਾ ਕਰਨ ਤੋਂ ਪਹਿਲਾਂ ਇਹ ਕਹਿ ਦਿੰਦੇ ਹਾਂ ਕਿ ਜੇਹਾ ਤੂੰ ਕਰਾਵੇਂ ਤੇਹਾ ਹਉ ਕਰੀ ਵਖਿਆਨ। ਇਸਦਾ ਮਤਲਬ ਜਿੰਨਾ ਕੁ ਉਸ ਨੇ ਕਰਾਇਆ, ਉੱਨਾ ਕੁ ਮੈਂ ਕਰ ਸਕਿਆ, ਪਰ ਉਸ ਕਰਾਉਣ ਵਾਲੇ ਕੋਲ ਬੜੀ ਵੱਡੀ ਤਾਕਤ ਹੈ ਪਰ ਤੈਨੂੰ ਇੰਨੀ ਕੁ ਦਿੱਤੀ ਹੈ। ਸਿਰਫ਼ ਤੂੰ ਇੰਨਾ ਕੁ ਹੀ ਬੋਲ ਸਕਿਆ ਹੈਂ। ਜਦੋਂ ਕੋਈ ਗੁਰਬਾਣੀ ਦੇ ਅਰਥ, ਗੁਰਬਾਣੀ ਦੇ ਰਹੱਸ ਨੂੰ ਖੋਲ੍ਹਣ ਵੱਲ ਤੁਰਦਾ ਹੈ ਤਾਂ ਉਸਨੂੰ ਇਹ ਕੋਈ ਨਾ ਸਮਝੇ ਕਿ ਜਿਹੜੇ ਅਰਥ ਮੈਂ ਕਰ ਦਿੱਤੇ ਹਨ, ਇਹ ਅਖ਼ੀਰ ਹੈ। ਨਹੀਂ, ਸਮੁੰਦਰ ਵਿਚੋਂ ਤੂੰ ਸਿਰਫ਼ ਇਕ ਮੁੱਠੀ ਭਰ ਸਕਿਆ ਹੈਂ ਮੋਤੀਆਂ ਦੀ, ਗੁਰੂ ਗ੍ਰੰਥ ਸਾਹਿਬ ਸਾਗਰ ਵਿਚ ਹੋਰ ਵੀ ਬਹੁਤ ਖ਼ਜ਼ਾਨਾ ਹੈ। ਜੇ ਡੁੱਬੇਂਗਾ ਤਾਂ ਹੋਰ ਮਿਲੇਗਾ। ਸਾਹਿਬ ਕਹਿੰਦੇ ਹਨ- ਅੱਖਾਂ ਨਾਲ ਗੁਰੂ ਦੇ ਬਾਹਰਮੁਖੀ ਦਰਸ਼ਨ ਕਰੀਏ, ਕੰਨਾਂ ਨਾਲ ਬਾਹਰਮੁਖੀ ਬਾਣੀ ਸੁਣੀਏ, ਜ਼ਬਾਨ ਨਾਲ ਅਸੀਂ ਬਾਹਰਮੁਖੀ ਸ਼ਬਦ ਬੋਲੀਏ, ਹੱਥਾਂ ਨਾਲ ਬਾਹਰਮੁਖੀ ਸੇਵਾ ਕਰੀਏ, ਪਰ ਜਿਸ ਦਿਨ ਕੋਈ ਪਰਮ ਅਵਸਥਾ 'ਤੇ ਪਹੁੰਚ ਜਾਂਦਾ ਹੈ, ਯਾਦ ਰੱਖੋ ਕਿਤੇ ਵੀ ਬੈਠਾ ਹੋਵੇ, ਸੁਣੀ ਵੀ ਜਾਂਦਾ ਹੈ, ਬੋਲੀ ਵੀ ਜਾਂਦਾ ਹੈ ਤੇ ਸੇਵਾ ਵੀ ਕਰੀ ਜਾਂਦਾ ਹੈ। ਸਰੀਰ ਕਿਤੇ ਵੀ ਪਿਆ ਹੋਵੇ ਸੁਰਤ ਨਾਲ ਗੁਰੂ ਨੂੰ ਸਿਜਦੇ ਵੀ ਕੀਤੇ ਜਾਂਦੇ ਹਨ।

ਸ਼ਬਦ ਵਿਚ ਆਪਣੀ ਸੁਰਤ ਜੋੜੋ। ਪ੍ਰਮਾਤਮਾ ਦੇ ਚਰਨਾਂ ਨਾਲ ਜੁੜੋ। ਸਤਿਗੁਰੂ ਮੇਹਰ ਕਰਨ। ਹੋਈਆਂ ਬੇਅੰਤ ਭੁੱਲਾਂ ਆਪ ਕ੍ਰਿਪਾਲੂ ਸਾਧਸੰਗਤਿ ਬਖ਼ਸ਼ ਦੇਣਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★



ਸੰਪਾਦਕ-

ਭਾਈ ਪਰਮਜੀਤ ਸਿੰਘ ਖ਼ਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ISBN 81-7601-885-6
9788176018852